ਪਾਕਿਸਤਾਨ 'ਚ ਪੰਜਾਬੀ ਦੇ ਦੋ ਕਹਾਣੀਕਾਰ ਅਨੋਖੇ ਨੇ—ਜ਼ੁਬੈਰ ਅਹਿਮਦ ਤੇ ਨਾਦਿਰ ਅਲੀ। ਇਨ੍ਹਾਂ ਵਰਗੀਆਂ ਸੂਖ਼ਮ ਤੇ ਸਹਿਜ ਕਹਾਣੀਆਂ ਲਿਖਣ ਵਾਲਾ ਕੋਈ ਕਥਾਕਾਰ ਮੇਰੀਆਂ ਨਜ਼ਰਾਂ ਸਾਹਮਣਿਓਂ ਨਹੀਂ ਗੁਜ਼ਰਿਆ। ਜ਼ੁਬੈਰ ਅਹਿਮਦ ਦੀਆਂ ਕਹਾਣੀਆਂ ਪੜ੍ਹਦਿਆਂ ਮੈਨੂੰ ਉਰਦੂ ਦੇ ਵੱਡੇ ਕਹਾਣੀਕਾਰ ਰਾਜਿੰਦਰ ਸਿੰਘ ਬੇਦੀ ਦੀ ਯਾਦ ਆ ਜਾਂਦੀ ਏ। ਖ਼ਾਸ ਕਰ ਕੇ ਉਹਦੀ ਕਹਾਣੀ 'ਦਸ ਮਿੰਟ ਬਾਰਿਸ਼ ਮੇਂ' ਦੀ।

ਜ਼ੁਬੈਰ ਦੇ ਪਾਤਰ ਜਾਂ ਕਹਾਣੀ ਕਹਿਣ ਵਾਲੇ ਪਾਤਰ ਮੱਠਾ ਮੱਠਾ ਦੇਖਦੇ ਤੇ ਹਰਕਤਾਂ ਕਰਦੇ ਨੇ, ਮੱਠਾ ਮੱਠਾ ਸੋਚਦੇ ਨੇ ਤੇ ਧੀਮੀ ਆਵਾਜ਼ 'ਚ ਕਹਾਣੀ ਦੇ ਵੇਰਵੇ ਦੇਂਦੇ ਨੇ। ਇਹ ਧੀਮਿਆਂ ਵਾਲਾ ਉਹਦਾ ਅੰਦਾਜ਼ ਆਮ ਜ਼ਿੰਦਗੀ ਦੀਆਂ ਆਮ ਜਿਹੀਆਂ ਗੱਲਾਂ ਤੇ ਘਟਨਾਵਾਂ ਨੂੰ ਖ਼ਾਸ ਬਣਾ ਦੇਂਦਾ ਏ। ਇਹ ਕਲਾਕਾਰੀ ਮੇਰੇ ਵਰਗੇ ਕਈ ਅਸਾਧਾਰਨ ਪਾਤਰਾਂ ਦੀਆਂ ਕਹਾਣੀਆਂ ਲਿਖਣ ਵਾਲਿਆਂ ਲਈ ਬੜੀ ਔਖੀ ਗੱਲ ਏ।

ਮੈਂ ਜ਼ੁਬੈਰ ਦੀਆਂ ਦੋ ਕਹਾਣੀਆਂ 'ਸਵੈਟਰ' ਤੇ 'ਮੀਂਹ ਬੂਹੇ ਤੇ ਬਾਰੀਆਂ' ਪੜ੍ਹ ਕੇ ਈ ਉਹਦਾ ਕਾਇਲ ਹੋ ਗਿਆ ਸੀ। ਉਹ ਕਹਾਣੀ ਲੱਭਦਾ ਨਹੀਂ, ਕਹਾਣੀ ਉਹਦੇ ਆਲੇ ਦੁਆਲੇ ਆਪੇ ਬਣਦੀ ਰਹਿੰਦੀ ਏ। ਇਹ ਹੁਨਰ ਉਸੇ ਦੇ ਹਿੱਸੇ ਆਇਆ ਏ। ਹੁਣ ਉਹਦੀਆਂ ਹੋਰ ਕਹਾਣੀਆਂ 'ਨਿਰੀ ਇਕ ਵਾਜ ਜਿਹੀ', 'ਵਲੀ ਅੱਲ੍ਹਾ ਗਵਾਚ ਗਿਆ ਏ' ਤੇ 'ਕਬੂਤਰ ਬਨੇਰੇ ਤੇ ਗਲੀਆਂ' ਵੀ ਮੇਰੇ ਲਈ ਅਹਿਮ ਹੋ ਗਈਆਂ ਨੇ। ਉਹਨਾਂ 'ਚ ਗਹਿਰਾਈ ਏ ਤੇ ਬੰਦੇ ਨੂੰ ਲੱਭਣ, ਅੰਦਰੋਂ ਗੁੱਝੀਆਂ ਰਮਜ਼ਾ ਸਮਝਣ ਤੇ ਅਣਕਿਹੇ ਨੂੰ ਜ਼ੁਬਾਨ ਦੇਣ ਦੀ ਜਾਚ ਏ। ਇਹਨਾਂ ਕਹਾਣੀਆਂ ਦੀਆਂ ਗੱਲਾਂ ਅਸੀਂ ਵੇਖਦੇ, ਸੁਣਦੇ ਤੇ ਮਹਿਸੂਸ ਪਹਿਲੋਂ ਵੀ ਕਰਦੇ ਹਾਂ, ਪਰ ਜਦ ਕਹਾਣੀ ਜ਼ੁਬੈਰ ਅਹਿਮਦ ਲਿਖ ਦੇਂਦਾ ਏ ਤਾਂ ਲੱਗਦਾ ਏ ਕਿ ਇਹ ਗੱਲ ਮੈਨੂੰ ਪਹਿਲੋਂ ਨਹੀਂ ਸੀ ਸੁੱਝੀ।

ਮੈਂ ਇੰਜੇ ਮਹਿਸੂਸ ਕੀਤਾ ਏ, ਤੁਸੀਂ ਪੜ੍ਹੋਗੇ ਤਾਂ ਈ ਪਤਾ ਲੱਗੇਗਾ ਕਿ ਜ਼ੁਬੈਰ ਅਹਿਮਦ ਦੇ ਪਾਤਰਾਂ ਦੀਆਂ ਭਾਵਨਾਵਾਂ ਕਿਵੇਂ ਰੂੰ ਦੇ ਫੰਭਿਆਂ ਦੇ ਗੁਬਾਰ ਵਾਂਗ ਪਾਠਕ ਦੇ ਮਨ 'ਤੇ ਤਹਿ ਦਰ ਤਹਿ ਬਣ ਕੇ ਬਹਿ ਜਾਂਦੀਆਂ ਨੇ।

*-ਪ੍ਰੇਮ ਪ੍ਰਕਾਸ਼*

unistarbooks.com
**UNISTAR BOOKS PVT. LTD.**
**INDIA**
**Chandigarh : 26-27 Top Floor, Sector 34A**
**Ph.: 0172-5077427, 5077428, 5089761**
**Ludhiana : Punjabi Bhawan • 98154 71219**

ISBN 81-7142-460-0
9788171424603
**Rs. 125/-**

ਕਬੂਤਰ ਬਨੇਰੇ ਤੇ ਗਲੀਆਂ
ਜ਼ੁਬੈਰ ਅਹਿਮਦ

ਪਾਕਿਸਤਾਨੀ ਪੰਜਾਬੀ ਕਹਾਣੀਆਂ



# ਕਬੂਤਰ ਬਨੇਰੇ ਤੇ ਗਲੀਆਂ

## ਜ਼ੁਬੈਰ ਅਹਿਮਦ

# ਕਬੂਤਰ ਬਨੇਰੇ ਤੇ ਗਲੀਆਂ

ਪਾਕਿਸਤਾਨੀ ਪੰਜਾਬੀ ਕਹਾਣੀਆਂ

*ਲੇਖਕ ਦੀ ਕਲਮ ਤੋਂ :*

* ਮੀਂਹ ਬੂਹੇ ਤੇ ਬਾਰੀਆਂ (ਕਹਾਣੀ ਸੰਗ੍ਰਹਿ ਸ਼ਾਹਮੁਖੀ ਵਿਚ)

# ਕਬੂਤਰ ਬਨੇਰੇ ਤੇ ਗਲੀਆਂ

**ਜ਼ੁਬੈਰ ਅਹਿਮਦ**

*ਸੰਪਾਦਕ / ਲਿਪੀਅੰਤਰ*

**ਤਲਵਿੰਦਰ ਸਿੰਘ * ਪਾਲ ਸਿੰਘ ਵੱਲਾ**

*Kabootar Banare Te Galian*

(Anthology of Pakistani Punjabi Stories)

*by*

***Zubair Ahmed***

Kitab Tirinjan, Mia Chambers Temple Road, Lahore

Edited by :

***Talwinder Singh***

61, Friends Colony, Majitha Road, Amritsar.

Ph : 0091-98721-78035

e-mail : talwinder_kahanikar@yahoo.com

Transliterated by :

***Pal Singh Vallah***

404, Krishna Gali, Nehra Colony, Majitha Road, Amritsar.

Ph : 0091-183-5094194

2008

Published by Lokgeet Parkashan

S.C.O. 26-27, Sector 34 A, Chandigarh-160022

India

Ph.0172-5077427, 5077428

Punjabi Bhawan Ludhiana, 98154-71219

*visit us at : www.unistarbooks.com*

Type Setting & Design PCIS

Printed & bound at Jai Offset Printers, Chandigarh

Ph:0172-2640382

*© 2008*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਲਾਹੌਰ ਸ਼ਹਿਰ ਦੇ ਮੁਹੱਲੇ

ਕ੍ਰਿਸ਼ਨ ਨਗਰ ਦੇ ਨਾਂ

## ਤਰਤੀਬ


* ਸਵੈਟਰ 7
* ਸਿਹਾਣ ਅਸਿਹਾਣ 10
* ਇਕ ਅਣਲਿਖੀ ਵਿਸਰੀ ਕਿਤਾਬ 17
* ਬੂਹਾ ਖੁੱਲ੍ਹਾ ਏ 20
* ਨਿਰੀ ਇਕ ਵਾਜ ਲਈ 23
* ਇਕ ਲਾਂਘੇ ਦੀ ਗੱਲ 31
* ਲੱਜ ਨਿਲੱਜ 34
* ਪਾਰਕ ਦੀ ਸੈਰ 42
* ਚਾਹ ਦੀ ਲੋੜ ਤਾਂ ਨਹੀਂ ਸੀ 46
* ਨਿਆਂ ਅਨਿਆਂ 51
* ਮੈਂ ਉਹ ਨਹੀਂ 57
* ਨਵੀਂ ਪੁਰਾਣੀ ਰੁੱਤ 62
* ਰੌਂਦ 66
* ਘਰ ਦੀ ਤਲਾਸ਼ 72
* ਵਲੀ ਅੱਲ੍ਹਾ ਗਵਾਚ ਗਿਆ ਏ 76
* ਉਦਾਸ ਸ਼ਾਮ 83
* ਕਬੂਤਰ ਬਨੇਰੇ ਤੇ ਗਲੀਆਂ 89
* ਮੀਂਹ ਬੂਹੇ ਤੇ ਬਾਰੀਆਂ 98
* ਪੂਰਾ ਅਧੂਰਾ 105


## ਸਵੈਟਰ

ਮਾਂ ਆਖਦੀ ਏ ਜਿਸ ਵਰ੍ਹੇ ਅੱਬੀ ਹਸਪਤਾਲ ਡਾਕਟਰਾਂ ਦੀ ਲਾਪਰਵਾਹੀ ਪਾਰੋਂ ਆਖ਼ਰੀ ਸਾਹ ਪੂਰੇ ਕੀਤੇ, ਉਸ ਵਰ੍ਹੇ ਈ ਉਨ੍ਹਾਂ ਇਹ ਸਵੈਟਰ ਉਨਿਆ। ਮਾਂ ਸਾਰੀ ਉਮਰ ਸੁਣਾਂਦੀ ਰਹੀ, ਤੇਰੇ ਪਿਉ ਨਾਹੀ ਮਰਨਾ ਜੇ ਡਾਕਟਰਾਂ ਪੁੱਠਾ ਟੀਕਾ ਨਾ ਲਾਇਆ ਹੁੰਦਾ। ਇਹ ਮਾਂ ਮੇਰੀ ਤੇ ਪਿਉ ਐਵੇਂ ਈ ਵਿਚ ਆ ਗਏ ਨੇ, ਅਸਲੋਂ ਸਾਰੀ ਗੱਲ ਸਵੈਟਰ ਦੀ ਏ।

ਪੋਹ ਮਾਹੀਂ ਪਿਉ ਮੋਇਆ ਤੇ ਏਸ ਤੋਂ ਅਗਦੋਂ ਉਹ ਇਕ ਦੋ ਮਹੀਨੇ ਤਾਂ ਮੰਜੀ ਲੱਗਾ ਰਿਹਾ ਹੋਣਾ ਏ। ਸਿਆਲ ਤਾਂ ਉਸ ਸ਼ੋਹਦੇ ਪੂਰਾ ਹੰਢਾਇਆ ਈ ਨਾ। ਸਵੈਟਰ ਉਸ ਸਵਾਹ ਪਾਣਾ ਸੀ। ਮਾਂ ਨੇ ਉਸ ਵਰ੍ਹੇ ਬਹੁੰ ਚਾਹਵਾਂ ਨਾਲ ਹੱਥੀਂ ਉਹ ਸਵੈਟਰ ਉਨਿਆ ਸੀ। ਅਸੀਂ ਨਿੱਕੇ ਸਾਂ, ਪਰ ਫੇਰ ਵੀ ਇਕ ਦੋ ਗੱਲਾਂ ਚੇਤੇ ਨੇ। ਮੁੜ ਜਦੋਂ ਵੀ ਮਾਂ ਪਿਉ ਨੂੰ ਚੇਤੇ ਕਰਨਾ ਤੇ ਇਹ ਈ ਆਖਣਾ, 'ਮੈਂ ਕਿੰਨੇ ਚਾਹਵਾਂ ਨਾਲ ਸਵੈਟਰ ਬੁਣਿਆ। ਤੇਰੇ ਅੱਬੀ ਪਾਇਆ ਈ ਨਾ। ਬਸ ਇਕ ਵਾਰੀ ਪਾਇਆ ਤੇ ਟਾਂਗੇ ਉੱਤੇ ਅਸੀਂ ਬਾਜ਼ਾਰ ਵੀ ਗਏ। ਬਾਜ਼ਾਰ ਵਿਚੋਂ ਕੱਚੀ ਗਿਰੀ ਖਾਧੀ ਤੇ ਤੁਹਾਡੇ ਲਈ ਫਲਾਲੀਨ ਦਾ ਕੱਪੜਾ ਵੀ ਲਿਆ।'

ਸਾਡਾ ਸਭ ਤੋਂ ਨਿੱਕਾ ਚਾਚਾ ਉਦੋਂ ਅਜੇ ਪੜ੍ਹਦਾ ਸੀ। ਪਿਉ ਦੇ ਗੁਜ਼ਰਨ ਮਗਰੋਂ ਪਿਉ ਦੇ ਕੁਝ ਕੱਪੜੇ ਮਾਂ ਲੋਕਾਂ ਨੂੰ ਵੰਡ ਦਿੱਤੇ, ਕੁਝ ਸਾਂਭ ਲਏ ਪਈ ਪੁੱਤਰ ਵੱਡੇ ਹੋ ਕੇ ਪਾਣਗੇ, ਪਰ ਉਹ ਸਵੈਟਰ ਨਿੱਕਾ ਚਾਚਾ ਲੈ ਗਿਆ। ਅੱਬੀ ਨਾਲ ਉਹਦਾ ਗੂੜ੍ਹ ਵੀ ਬਹੁੰ ਸੀ। ਹੁਣ ਤਾਂ ਮੇਰੇ ਵੀ ਧੌਲ਼ੇ ਆਵਣ ਲੱਗ ਪਏ ਨੇ, ਪਰ ਉਦੋਂ ਸ਼ੈਵਾਂ ਘੱਟ ਈ ਹੁੰਦੀਆਂ ਸਨ ਤੇ ਇਕ ਇਕ ਸ਼ੈ ਦੀ ਤਵਾਰੀਖ਼ ਲੋਕਾਂ ਨੂੰ ਚੇਤੇ ਹੁੰਦੀ ਸੀ। ਮੈਨੂੰ ਯਾਦ ਏ ਪਿਉ ਦੇ ਗੁਜ਼ਰਨ ਪਿੱਛੋਂ ਇਕ ਹੋਰ ਚਾਚੇ ਦੇ ਘਰੋਂ ਮਾਂ ਕੁਝ ਸ਼ੈਵਾਂ ਲਿਆਈ ਸੀ, ਜਿਹੜੀਆਂ ਵੰਡ ਦੇ ਵੇਲੇ ਤੋਂ ਉਥੇ ਈ ਪਈਆਂ ਸਨ। ਉਨ੍ਹਾਂ ਵਿਚ ਇਕ ਵੱਡੀ ਪਿੱਤਲ ਦੀ ਪਰਾਤ, ਇਕ ਵੱਡੇ ਪਲੰਘ ਦੇ ਪਾਵੇ, ਬਾਹੀਆਂ ਤੇ ਸੇਰੂ ਸਨ। ਇਕ ਵੱਡਾ ਪਿੱਤਲ ਦਾ ਥਾਲ ਤੇ ਦੋ ਬਹੁੰ ਪੁਰਾਣੀਆਂ ਵੱਡੀਆਂ ਵੱਡੀਆਂ ਕੁਰਸੀਆਂ।

ਮਾਂ ਨੂੰ ਇਕ ਇਕ ਸ਼ੈ ਦੀ ਤਵਾਰੀਖ਼ ਯਾਦ ਸੀ। ਇਹ ਪਿੱਤਲ ਦੀ ਪਰਾਤ ਤੇਰਾ ਮਾਮਾ ਡਾਰੀ ਵਾਲ ਤੋਂ ਲਿਆਇਆ ਸੀ। ਇਹ ਵੱਡਾ ਪਲੰਘ ਤੇਰੇ ਮੀਆਂ ਜੀ ਆਪ ਵਿਹੜੇ ਬਹਿ ਕੇ ਪਿੰਡ ਦੇ ਤਰਖਾਣ ਕੋਲੋਂ ਬਣਵਾਇਆ ਸੀ ਤੇ ਐਨਾ ਗੁੜ ਤੇ ਐਨੀ ਕਣਕ ਉਹਨੂੰ ਦਿੱਤੀ ਸੀ। ਪਲੰਘ ਅਸੀਂ ਲੈ ਤੇ ਆਏ, ਪਰ ਉਹਨੂੰ ਡਾਹਣ ਦੀ ਥਾਂ ਕੋਈ ਨਾ। ਇਕੋ ਇਕ ਤਾਂ ਕਮਰਾ ਸੀ ਰਹਿਣ ਲਈ। ਅਖ਼ੀਰ ਇਕ ਥਾਂ ਫਸ ਫਸਾ ਕੇ ਡਾਹ ਈ

ਲਿਆ ਤੇ ਹੇਠਾਂ ਮਾਂ ਪੁਰਾਣੇ ਟਰੰਕ ਤੇ ਹੋਰ ਸ਼ੈਵਾਂ ਤੂਸ ਦਿੱਤੀਆਂ। ਅਸੀਂ ਤਿੰਨੇ ਭਰਾ ਕਿੰਨੇ ਵਰ੍ਹੇ ਉਸ ਉੱਤੇ ਸੌਂਦੇ ਰਹੇ। ਦੋ ਚਾਰ ਮਹੀਨਿਆਂ ਮਗਰੋਂ ਨਵਾਰ ਢਿੱਲੀ ਹੋ ਜਾਣੀ ਤੇ ਥੱਲੇ ਲਟਕਣ ਲੱਗ ਪੈਣੀ। ਰਾਤੀਂ ਅਸੀਂ ਸੌਣਾ ਤੇ ਸਾਝਰੇ ਭੁੰਜਿਓਂ ਉੱਠਣਾ। ਪਰ ਕਹਾਣੀ ਤਾਂ ਸਵੈਟਰ ਦੀ ਏ। ਕਿੰਨੇ ਈ ਵਰ੍ਹੇ ਮਾਂ ਨੂੰ ਉਹ ਸਵੈਟਰ ਯਾਦ ਰਿਹਾ।

ਮਾਂ ਨੂੰ ਰੋਜ਼ ਸਵੇਰੇ ਉੱਠ ਕੇ ਰਾਤ ਦੇ ਸੁਫ਼ਨੇ ਸੁਨਾਵਣ ਦੀ ਵੀ ਆਦਤ ਏ। ਮਾਂ ਆਖਣਾ, ਰਾਤੀਂ ਤੇਰੇ ਅੱਬੀ ਨੂੰ ਮੈਂ ਸੁਫਨੇ ਵਿਚ ਤੱਕਿਆ। ਉਹਨੇ ਚਿੱਟੇ ਲੀੜੇ ਪਾਏ ਹੋਏ ਸਨ ਤੇ ਮੇਰੀ ਵੱਲ ਤੱਕ ਕੇ ਨਿੰਮ੍ਹਾ ਨਿੰਮ੍ਹਾ ਹੱਸਦੇ ਪਏ ਸਨ। ਸਵੈਟਰ ਉਨ੍ਹਾਂ ਉਹੋ ਪਾਇਆ ਹੋਇਆ ਸੀ। ਨਿੱਕਾ ਚਾਚਾ ਮੇਰਾ ਪੜ੍ਹ ਕੇ ਵੱਡਾ ਅਫ਼ਸਰ ਲੱਗ ਗਿਆ। ਉਹਦਾ ਵਿਆਹ ਹੋਇਆ ਤੇ ਉਹਦੇ ਨਾਲ ਸਾਡਾ ਮੇਲ ਘਟ ਗਿਆ। ਪਰ ਵਰ੍ਹੇ ਛਿਮਾਹੀਂ ਉਹਨੇ ਆਣਾ ਜ਼ਰੂਰ ਤੇ ਜਾਣ ਲੱਗਿਆਂ ਸਾਡਿਆਂ ਸਿਰਾਂ ਉੱਤੇ ਹੱਥ ਫੇਰਨਾ, ਉੱਭਾ ਸਾਹ ਲੈਣਾ ਤੇ ਚੁੱਪ ਕਰਕੇ ਮਾਂ ਦੇ ਹੱਥ ਵਿਚ ਕੁਝ ਫੜਾ ਜਾਣਾ। ਕਿੰਨੇ ਹੀ ਵਰ੍ਹੇ ਸਾਡੀ ਇਕੱਲੀ ਖੁਸ਼ੀ ਉਸ ਚਾਚੇ ਦਾ ਵਰ੍ਹੇ ਛਿਮਾਹੀਂ ਆਵਣ ਸੀ। ਜਦ ਮੈਂ ਦਸਵੀਂ ਚੰਗੇ ਨੰਬਰਾਂ ਨਾਲ ਪਾਸ ਕੀਤੀ ਤੇ ਨਿੱਕਾ ਚਾਚਾ ਮਿਲਨ ਆਇਆ ਤੇ ਮੇਰੇ ਅੱਗੇ ਪੜ੍ਹਨ ਉੱਤੇ ਜ਼ੋਰ ਪਾਇਆ। ਦੂਜੇ ਚਾਚੇ ਕਈ ਵਰ੍ਹਿਆਂ ਤੋਂ ਆਖਦੇ ਪਏ ਸਨ ਪਈ ਮੁੰਡਿਆਂ ਨੂੰ ਕੰਮ ਉੱਤੇ ਪਾ ਦੇਵੋ। ਜਾਂਦੇ ਜਾਂਦੇ ਮੇਰੀ ਨਿੱਕੀ ਚਾਚੀ ਕੁਝ ਪੁਰਾਣੇ ਕੱਪੜੇ ਦੇ ਗਈ, ਜਿਸ ਵਿਚ ਮਾਂ ਦਾ ਉਣਿਆ ਉਹ ਸਵੈਟਰ ਵੀ ਸੀ। ਜਦ ਮੈਂ ਉਹ ਸਵੈਟਰ ਪਾਇਆ ਤਾਂ ਮਾਂ ਚੁੱਪ ਕਰਕੇ ਦੂਜੇ ਕਮਰੇ ਟੁਰ ਗਈ। ਸਾਨੂੰ ਮਾਂ ਦੀ ਏਸ ਆਦਤ ਦਾ ਪਤਾ ਸੀ।

ਬੀ. ਏ. ਕਰਨ ਮਗਰੋਂ ਮੇਰੇ ਅੰਦਰ ਅਜਿਹਾ ਪੰਛੀ ਉੱਡਣ ਲੱਗ ਪਿਆ ਜਿਸ ਨੂੰ ਮੈਂ ਜਾਣਦਾ ਤਾਂ ਨਹੀਂ ਸਾਂ ਪਰ ਉਹਦੀ ਉਡਾਰੀ ਪਰਦੇਸ ਵੱਲ ਸੀ। ਪਰਦੇਸ ਵੰਞ ਕੇ ਮੈਂ ਕੁਝ ਚਿਰ ਮਗਰੋਂ ਇੰਜ ਦਾ ਹੋ ਗਿਆ ਜਿਵੇਂ ਪਖੂ ਰੁੱਖ ਬਿਨਾਂ ਜਾਂ ਚਿੜੀ ਮਿੱਟੀ ਬਿਨਾਂ। ਜਾਂਦੇ ਸਾਰ ਈ ਤੁਹਾਡੇ ਅੱਗੇ ਕੋਈ ਰੋਟੀ ਤਾਂ ਨਹੀਂ ਡਾਹ ਦੇਂਦਾ। ਪਰ ਰੋਟੀ ਬਿਨਾਂ ਕੰਮ ਕਿਥੇ ? ਪਰ ਜੇ ਕੰਮ ਮਿਲੇ ਤਾਂ ਫੇਰ ? ਪੈਸੇ ਮੁੱਕੇ ਤਾਂ ਅਸੀਂ ਫੁਟਪਾਥ ਉੱਤੇ ਸਾਂ। ਉੱਤੋਂ ਸਿਆਲ ਲਹਿੰਦੇ ਦੇ ਦਿਨ। ਉਨ੍ਹਾਂ ਮੁਲਕਾਂ 'ਚ ਜਿਹਨੇ ਸਿਆਲ ਡਿੱਠਾ ਨਹੀਂ, ਉਹਨੂੰ ਸਾਰ ਨਹੀਂ। ਅਖ਼ੀਰ 'ਟੇਸ਼ਨ ਦੀ ਜ਼ਮੀਨ ਥੱਲੇ ਵੀ ਉਹ ਥਾਂ ਈ ਨਿੱਘੀ ਰਹਿ ਜਾਂਦੀ ਏ, ਜਿਥੋਂ ਮੈਟਰੋ ਰੇਲ ਗੱਡੀਆਂ ਚੱਲਦੀਆਂ ਹਨ। ਉਥੇ ਵੀ ਬਹੁਤੇ ਉਹ ਜਿਹੜੇ ਆਪਣੇ ਦੇਸ ਵਿਚ ਪਰਦੇਸੀ ਹਨ। ਬੁੱਢੇ, ਦਾਰੂ ਦੀਆਂ ਮਾਰੀਆਂ ਝੱਲੀਆਂ ਜ਼ਨਾਨੀਆਂ, ਕੰਮੋਂ ਨੱਠੇ ਤੇ ਕੰਮੋਂ ਵਾਂਝੇ ਬੇਕਾਰ ਮੁੰਡੇ।, ਸਾਡੇ ਵਰਗੇ ਮਾੜੇ ਮੁਲਕਾਂ ਦੇ ਰੰਗ ਰੰਗ ਦੇ ਗੱਭਰੂ ਵਿਚ ਵਿਚ ਅੱਧਖੜ ਵੀ।

ਫੇਰ ਕਈ ਵਾਰੀ ਪੁਲਿਸ ਸਾਨੂੰ ਉਥੋਂ ਵੀ ਕੱਢ ਦੇਣਾ ਤਾਂ ਅਸਾਂ ਠੰਡੀ ਸੀਤ ਵਗਦੀ ਰਾਤ ਵਿਚ ਤਾਰਕੋਲ ਦੀ ਸੜਕ ਉੱਤੇ ਆ ਖਲੋਣਾ। ਸਵੈਟਰ ਮੈਂ ਉਸ ਵੇਲੇ ਵੀ ਉਹੀ ਪਾਇਆ ਹੁੰਦਾ ਸੀ। ਉੱਤੇ ਇਕ ਦੋ ਹੋਰ ਵੀ ਤੇ ਮੁੜ ਉੱਤੇ ਇਕ ਮੋਟੀ ਜੈਕਟ। ਪਰ ਕਿਥੇ ? ਇਹ ਸਾਡੇ ਦੇਸ ਦਾ ਸਿਆਲ ਤਾਂ ਨਹੀਂ ਸੀ। ਸਿਆਲ ਵੀ ਓਬੜ ਤੇ ਚੀਰਵੀਂ 'ਵਾ ਵੀ। ਇਕ ਦਿਨ ਸਵੇਰੇ 'ਟੇਸ਼ਨ ਉੱਤੇ ਜਗਰਾਤਾ ਕੱਟ ਕੇ ਮੈਂ ਪਬਲਿਕ ਟਾਈਲਟ ਉੱਤੇ ਮੂੰਹ ਹੱਥ ਧੋਤੇ। ਇਕ ਖ਼ਰੈਤੀ ਗਿਰਜੇ ਵਿਚ ਵੇਲੇ ਸਿਰ ਅੱਪੜ ਕੇ ਰੋਟੀ ਲੱਭਣੀ ਸੀ। ਜੇ ਜ਼ਰਾ ਵੀ ਖੁੰਝ ਗਏ ਤੇ ਮੁੜ ਸਾਰਾ ਦਿਨ ਭੁੱਖਿਆਂ। ਕਾਹਲ ਵਿਚ ਗਲੋਂ ਲਾਹ ਕੇ



ਟਾਈਲਟ ਦੀ ਕੰਧ ਉੱਤੇ ਟੰਗਿਆ ਸਵੈਟਰ ਭੁੱਲ ਗਿਆ। ਰੋਟੀ ਖਾ ਕੇ ਮੈਨੂੰ ਚੇਤਾ ਆਇਆ। ਨੱਸਿਆ, ਸ਼ੁਕਰ ਏ ਸਵੈਟਰ ਉਥਾਈਂ ਕੰਧ ਉੱਤੇ ਟੰਗਿਆ ਮੈਨੂੰ ਉਡੀਕਦਾ ਪਿਆ ਸੀ। ਦੋ ਤਿੰਨ ਘੰਟੇ ਤਾਂ ਲੰਘ ਗਏ ਹੋਸਨ।

ਜਦ ਕੰਮ ਲੱਭਿਆ ਤਾਂ ਦੇਸ ਦੀਆਂ ਅਜਬ ਅਜਬ ਗੱਲਾਂ ਚੇਤੇ ਆਵਣ ਲੱਗ ਪਈਆਂ। ਇਕ ਸੁਫ਼ਨਾ ਕਈ ਵਾਰ ਆਇਆ। ਇਕ ਮੂਰਤੀਕਾਰ ਦੀ ਸਟਿੱਲ ਲਾਈਫ਼ ਵਾਂਗ। ਇਕ ਖਾਲੀ ਕਮਰਾ, ਇਕ ਮੇਜ਼, ਕੁਝ ਖਾਲੀ ਕੁਰਸੀਆਂ ਪਈਆਂ ਹਨ। ਮੇਜ਼ ਉੱਤੇ ਕੁਝ ਭਾਂਡੇ ਤੇ ਕੁਝ ਅੱਧ-ਪਚੱਧੀਆਂ ਖਾਵਣ ਦੀਆਂ ਸ਼ੈਵਾਂ ਵੀ, ਪਰ ਕੁਰਸੀਆਂ ਉੱਤੇ ਕੋਈ ਜੀ ਨਹੀਂ ਬੈਠਾ। ਇੰਜ ਲੱਗਦਾ ਏ, ਜਿਵੇਂ ਹੁਣੇ ਹੁਣੇ ਕੋਈ ਏਥੋਂ ਉੱਠ ਕੇ ਤੁਰ ਗਿਆ ਏ। ਮੈਂ ਉਥੇ ਅੱਪੜਣ ਦੀ ਕਰਨਾ ਵਾਂ, ਪਰ ਮੈਥੋਂ ਅੱਪੜਿਆ ਨਹੀਂ ਜਾਂਦਾ। ਮੈਨੂੰ ਡਾਢੀ ਭੁੱਖ ਲੱਗੀ ਏ। ਮੈਂ ਰੱਜ ਖਾਣਾ ਚਾਹੁੰਦਾ ਆਂ। ਪਰ ਮੈਥੋਂ ਰੱਜ ਖਾਣ ਨਹੀਂ ਹੁੰਦਾ। ਮੈਨੂੰ ਸਾਰ ਨਾਹੀ ਪਈ ਮੈਥੋਂ ਆਪਣੇ ਜੀਆਂ ਤੋਂ ਬਿਨਾਂ ਕਦੀ ਰੱਜ ਖਾਵਣ ਨਹੀਂ ਹੋਣਾ।

ਕਈ ਗੱਲਾਂ ਚੇਤੇ ਆਣੀਆਂ ਤੇ ਮੇਰੀਆਂ ਅੱਖਾਂ ਹੰਝੂਆਂ ਨਾਲ ਭਰੀਜ ਜਾਣੀਆਂ। ਮਾਲ ਰੋਡ ਲਹੌਰ ਦੇ ਪੁਰਾਣੇ ਰੁੱਖਾਂ ਵਿਚ ਰਹਿਣ ਵਾਲੀ 'ਵਾ। ਫੀਜਦੇ ਦੇ ਹੋਟਲ ਦੇ ਖਾਲੀ ਬੋਤਲਾਂ ਦੇ ਕਰੇਟ, ਜਿਨ੍ਹਾਂ ਉੱਤੇ ਬਹਿ ਕੇ ਅਸੀਂ ਚਾਹ ਪੀਂਦੇ ਸਾਂ। ਮੀਂਹ ਮਗਰੋਂ ਕ੍ਰਿਸ਼ਨ ਨਗਰ ਦੀਆਂ ਰਾਤ ਦੀਆਂ ਸੁੰਞੀਆਂ ਗਲੀਆਂ ਵਿਚ ਖਲੋਤਾ 'ਵਾ ਨਾਲ ਸੱਪ ਵਾਂਗ ਲਹਿਰਦਾ ਪਾਣੀ। ਉਦਾਸ ਸਟਰੀਟ ਲਾਈਟ ਦੇ ਬਲਬ ਤੇ ਚੁੱਪ ਘਰਾਂ ਵਿਚੋਂ ਆਂਦੀ ਨਿੰਮ੍ਹੀ ਨਿੰਮ੍ਹੀ ਲੋ।

ਇਕ ਡੇਢ ਵਰ੍ਹੇ ਮਗਰੋਂ ਮੈਂ ਰੂਹੋਂ ਵਾਂਝਿਆ ਤੇ ਪਾਲੇ ਮਾਰਿਆ ਦੇਸ਼ ਪਰਤ ਆਇਆ। ਗਲ਼ ਮੇਰੇ ਉਹੋ ਸਵੈਟਰ ਸੀ। ਮਾਂ ਆਖਿਆ, 'ਤੂੰ ਤਾਂ ਜਿਵੇਂ ਦਾ ਗਿਆ ਸੈਂ ਉਂਜੇ ਪਰਤ ਆਇਆ ਏਂ।' ਅਖ਼ੀਰ ਹੱਥ ਪੈਰ ਮਾਰ ਮੈਂ ਪੜ੍ਹਾਈ ਪੂਰੀ ਕੀਤੀ ਤੇ ਦਾਲ ਰੋਟੀ ਲੱਭਣ ਲੱਗ ਪਈ। ਵੇਲੇ ਨਾਲ ਰੋਟੀ ਨਾਲ ਹੋਰ ਵੀ ਵਧਦਾ ਗਿਆ।

ਪਿੱਛੇ ਮਾਂ ਦੀ ਇਕ ਨੇੜੇ ਦੀ ਰਿਸ਼ਤੇਦਾਰ ਉਨ੍ਹਾਂ ਨੂੰ ਮਿਲਣ ਆਈ। ਉਹ ਦੂਜੇ ਸ਼ਹਿਰ ਹੁੰਦੀ ਸੀ ਤੇ ਖਾਵੰਦ ਉਹਦਾ ਪਿੱਛੇ ਜਿਹੇ ਰਿਟਾਇਰ ਹੋਇਆ ਸੀ। ਮਾਂ ਉਹਦੇ ਜਾਵਣ ਮਗਰੋਂ ਆਖਿਆ, ਉਹ ਤੈਨੂੰ ਮਿਲਣ ਆਈ ਸੀ। ਆਪਣੇ ਵੱਡੇ ਮੁੰਡੇ ਦੀ ਨੌਕਰੀ ਲਈ। ਚੰਗੇ ਭਲੇ ਸਨ ਉਹ, ਪਰ ਜਦ ਦਾ ਉਹਦਾ ਖਾਵੰਦ ਰਿਟਾਇਰ ਹੋਇਆ ਤੇ ਅਚਨਚੇਤ ਪਤਾ ਚੱਲਿਆ ਪਈ ਉਨ੍ਹਾਂ ਕੋਲ ਤਾਂ ਕੁਝ ਵੀ ਨਹੀਂ। ਮਸਾਂ ਸਿਰ ਉੱਤੇ ਛੱਤ ਈ ਪੂਰੀ ਹੋਈ। ਮਾਂ ਮੇਰੀ ਨਾਲ ਉਹ ਚੁੱਪ ਚਪੀਤੇ ਗੱਲਾਂ ਕਰਦੀ ਰਹੀ। ਅੱਖਾਂ ਤਾਂ ਉਸਦੀਆਂ ਮੈਂ ਸਦਾ ਉਦਾਸ ਈ ਡਿੱਠੀਆਂ।

ਜਾਵਣ ਲੱਗਿਆ ਮਾਂ ਉਹਨੂੰ ਕੁਝ ਪੁਰਾਣੇ ਕੱਪੜੇ ਦਿੱਤੇ ਤੇ ਉਨ੍ਹਾਂ ਵਿਚ ਉਹ ਸਵੈਟਰ ਵੀ ਸੀ। ਪਰ ਹੁਣ ਉਹ ਬਹੁੰ ਹੰਢ ਗਿਆ ਸੀ। ਖੌਰੇ ਪਾਣ ਯੋਗ ਵੀ ਸੀ ਕਿ ਨਾ। ਵਿਚੋਂ ਉੱਨ ਲਟਕੇ ਪਈ ਤੇ ਮੋਢੇ ਬਹੁੰ ਖੁੱਲ੍ਹੇ ਹੋ ਗਏ ਸਨ। ਅਜਬ ਤਰ੍ਹਾਂ ਦਾ ਬੇਢੰਗਾ ਜਿਹਾ ਲੱਗਦਾ ਸੀ। ਮੈਂ ਆਖਿਆ, 'ਮਾਂ ਪੁਰਾਣੀ ਸ਼ੈ ਵੀ ਚੱਜ ਦੀ ਹੋਣੀ ਚਾਹੀਦੀ ਏ। ਕੋਈ ਏਸ ਨੂੰ ਕਿੰਜ ਪਾ ਸਕਦਾ ਏ ?' ਪਰ ਉਸ ਜ਼ਨਾਨੀ ਝੱਟ ਉਹ ਸਵੈਟਰ ਦੂਜਿਆਂ ਕੱਪੜਿਆਂ ਵਿਚ ਇਹ ਆਖ ਕੇ ਸਾਂਭ ਲਿਆ, 'ਕਮੀਜ਼ ਹੇਠੋਂ ਤਾਂ ਪਾਇਆ ਈ ਜਾ ਸਕਦਾ ਏ। ਨਾਲੇ ਹੱਥੀਂ ਬਣਾਏ ਸਵੈਟਰਾਂ ਦਾ ਤਾਂ ਨਿੱਘ ਈ ਬਹੁੰ ਹੁੰਦਾ ਏ।'

## ਸਿਹਾਣ ਅਸਿਹਾਣ

ਕਿੰਨੇ ਦਿਨਾਂ ਤੋਂ ਮਾਂ ਖਹਿੜੇ ਪਈ ਸੀ ਕਿ ਹਸਪਤਾਲੇ ਜਾ ਮਾਸੀ ਦੀ ਖ਼ੈਰ ਖ਼ਬਰ ਲੈ ਆਵਾਂ। ਮਾਸੀ ਜੈਨਬ ਉਂਜ ਤਾਂ ਕਈ ਵਰ੍ਹਿਆਂ ਤੋਂ ਰੋਗੀ ਲਗੀ ਆਉਂਦੀ ਸੀ ਪਰ ਐਤਕੀਂ ਹਸਪਤਾਲ ਕੀ ਗਈ, ਉਥੋਂ ਦੀ ਹੋ ਕੇ ਰਹਿ ਗਈ। ਸਾਰੇ ਅੰਗ ਸਾਕ ਵਾਰੋ-ਵਾਰੀ ਹਸਪਤਾਲੋਂ ਹੋ ਆਏ ਸਨ। ਇਕ ਦਿਨ ਵਿਹਲ ਕੱਢ ਮੈਂ ਵੀ ਤੁਰ ਈ ਗਿਆ। ਵਾਰਡ ਦੇ ਲਾਗੇ ਈ ਗੁੱਡੀ ਮਿਲ ਪਈ ਤੇ ਝੱਟ ਮਾਸੀ ਕੋਲ ਲੈ ਗਈ। ਵਾਰਡ ਜ਼ਨਾਨੀਆਂ ਦੀ ਸੀ ਤੇ ਬਹੁਤੇ ਬੰਦੇ ਨਹੀਂ ਸਨ। ਮੇਰੀ ਵਹੁਟੀ ਵੀ ਨਾਲ ਸੀ ਤੇ ਅਸੀਂ ਮਾਸੀ ਦੇ ਬੈੱਡ ਨਾਲ ਪਏ ਇਕ ਬੈਂਚ ਉਪਰ ਬਹਿ ਗਏ। ਮਾਸੀ ਦੀਆਂ ਅੱਖਾਂ ਬੰਦ ਸਨ ਤੇ ਗਲੇ ਤੀਕ ਕੰਬਲ ਦਿੱਤਾ ਹੋਇਆ ਸੀ। ਉਸ ਨੂੰ ਤਕਦੇ ਸਾਰ ਮੇਰਾ ਅੰਦਰ ਖਟੀਜ ਗਿਆ।

ਵੀਹ ਬਾਈ ਵਰ੍ਹਿਆਂ ਪਿਛੋਂ ਕਿਤੇ ਮਿਲਣ ਆਇਆ ਹੋਸਾਂ ਮਾਸੀ ਨੂੰ। ਉਹ ਹੱਡੀਆਂ ਦਾ ਪਿੰਜਰ ਬਣੀ ਹੋਈ ਸੀ। ਪਿੰਡੇ ਦਾ ਜਿੰਦ ਵਾਲਾ ਤਗੜਾ ਮਾਸ ਸੁੱਕ ਗਿਆ ਸੀ ਤੇ ਤਿੱਖਾ ਲੰਮਾ ਨੱਕ ਮੂੰਹ ਤੋਂ ਅਡਰਾ ਤੇ ਵੱਖ ਜਾਪਦਾ ਸੀ। ਗੋਰਾ ਪਿੰਡਾ ਸਲੇਟੀ ਰੰਗ ਦੀ ਭਾ ਮਾਰਦਾ ਜੀਵਨ ਦੇ ਕਿਸੇ ਰੰਗ ਦੀ ਦੱਸ ਨਹੀਂ ਸੀ ਪਾਉਂਦਾ। ਫਾਲਜ ਹੋਇਆ ਸੀ ਅੱਠ ਦਸ ਵਰ੍ਹੇ ਪਹਿਲਾਂ ਤੇ ਕੁਝ ਵਰ੍ਹਿਆਂ ਪਿੱਛੋਂ ਜੀਭ ਉੱਕਾ ਚਲਣੀ ਬੰਦ ਹੋ ਗਈ। ਇਨ੍ਹਾਂ ਸਾਰਿਆਂ ਵਰ੍ਹਿਆਂ ਵਿਚ ਮਾਂ ਆਖਦੀ ਰਹੀ, ਕਦੇ ਵਿਹਲ ਕੱਢ ਕੇ ਮਾਸੀ ਨੂੰ ਮਿਲ ਆ। ਮਾਂ ਕਹਿੰਦੀ, 'ਮਾਸੀ ਹਮੇਸ਼ ਤੇਰਾ ਪੁੱਛਦੀ ਏ।' ਤੇ ਨਾਲੋ-ਨਾਲ ਮਾਸੀ ਦੇ ਰੋਗ ਦੇ ਵਟਦੇ ਹਾਲ ਦੀ ਖ਼ਬਰ ਵੀ ਅਪੜਾਂਦੀ ਦੇ ਆਖਦੀ, 'ਮੈਂ ਆਖਿਆ ਸੀ ਨਾ ਮਾਸੀ ਨੂੰ ਮਿਲ ਆ। ਕੋਈ ਗੱਲ ਕਰ ਲੈਂਦੀ। ਹੁਣ ਤਾਂ ਬੋਲ ਵੀ ਨਹੀਂ ਸਕਦੀ।' ਪਰ ਮਾਸੀ ਦਾ ਹਾਲ ਇੰਜ ਦਾ ਹੋਸੀ ਰਤਾ ਖ਼ਿਆਲ ਨਹੀਂ ਸੀ ਮੈਨੂੰ।

ਮਾਸੀ ਖ਼ੌਰੇ ਸਾਡੀ ਦੂਰੋਂ-ਨੇੜਿਓਂ ਸਾਕਾਂ ਵਿਚੋਂ ਈ ਹੋਣੀ ਏ। ਪਰ ਉਸ ਨਾਲ ਬਹੁਤੀ ਸਾਕਾਚਾਰੀ ਉਦੋਂ ਬਣੀ ਜਦੋਂ ਉਸਦੇ ਕਿੰਨੇ ਈ ਦਿਉਰਾਂ ਵਿਚੋਂ ਇਕ ਨਾਲ ਮੇਰੀ ਵੱਡੀ ਭੈਣ ਪਰਨੀਵੀ। ਉਂਜ ਸਾਡਾ ਮਿਲਣ ਮਾਸੀ ਨਾਲ ਪਹਿਲੋਂ ਤੋਂ ਸੀ ਤੇ ਮਾਂ ਹਮੇਸ਼ ਆਖਣਾ ਪਈ ਮਾਸੀ ਦੋ ਮੋਰੀਆ ਲਾਗੇ ਰਹਿੰਦੀ ਏ। ਇਹ ਰਹਿਣ ਦੀ ਕਹਾਣੀ ਹਮੇਸ਼ ਵੰਡ ਤੋਂ ਛੋਂਹਦੀ। ਮਾਸੀ ਕਿਵੇਂ ਗੁਰਦਾਸਪੁਰ ਤੋਂ ਲਾਹੌਰ ਅਪੜੀ ਤੇ ਅਸੀਂ ਕਿਵੇਂ। ਮੈਂ ਜਦ ਮਾਸੀ ਨੂੰ ਤੱਕਿਆ, ਉਹ ਆਪਣੀ ਬਰਾਦਰੀ ਦੀ ਦਾਨੀ ਪਰਧਾਨੀ ਸੀ, ਭਰਿਆ ਸਰੀਰ ਤੇ ਗੱਲ੍ਹਾਂ ਲਾਲੀ ਦੀ ਭਾ ਮਾਰਦੀਆਂ। ਗਜ ਵਜ ਕੇ ਟੱਬਰ ਵਿਚ ਬਹਿੰਦੀ ਤੇ ਸਾਰੇ ਕੰਮਾਂ ਕਾਰਾਂ ਦਾ



ਸਿਰਾ ਉਹਦੇ ਹੱਥ ਵਿਚ ਈ ਹੁੰਦਾ। ਘਰ ਦਾ ਸਾਰਾ ਜਮ੍ਹਾ-ਖਰਚ, ਲੈਣਾ-ਦੇਣਾ, ਸ਼ਾਦੀ ਵਿਆਹ ਦੀ ਗੱਲ ਸਭੇ ਕੁਝ ਮਾਸੀ ਰਾਹੀਂ ਹੁੰਦਾ। ਮਾਸੀ ਅੱਗੇ ਕੋਈ ਕੂ ਨਹੀਂ ਸੀ ਸਕਦਾ। ਕੀ ਉਹਦਾ ਖਾਵੰਦ ਤੇ ਕੀ ਪੁੱਤਰ, ਕੀ ਦੇਵਰ ਤੇ ਕੀ ਜਵਾਈ। ਸਾਰਿਆਂ ਨੂੰ ਇਕੋ ਡੋਰੀ ਪਰੋ ਕੇ ਰੱਖਦੀ।

ਨਿੱਕੇ ਹੁੰਦਿਆਂ ਇਕ-ਦੋ ਵਾਰ ਗਰਮੀਆਂ ਦੀਆਂ ਛੁੱਟੀਆਂ ਮੈਂ ਮਾਸੀ ਵੱਲ ਰਿਹਾ ਸਾਂ। ਪਰ ਜਦ ਵੱਡੀ ਭੈਣ ਦਾ ਵਿਆਹ ਹੋਇਆ ਤਾਂ ਮਾਂ ਮੈਨੂੰ ਈ ਹਰ ਦੂਜੇ ਤਰੀਜੇ ਮਹੀਨੇ ਭੈਣ ਵੱਲ ਕੋਈ ਸ਼ੈ ਦੇ ਆਉਣ ਲਈ ਘੱਲ ਦੇਂਦੀ। ਕ੍ਰਿਸ਼ਨ ਨਗਰੋਂ ਮੈਂ ਟਾਂਗੇ ਉੱਤੇ ਭਾਟੀ ਅਪੜਦਾ ਤੇ ਫੇਰ ਦੂਜੇ ਟਾਂਗੇ ਉੱਤੇ ਦੋ ਮੋਰੀਆ ਪੁਲ। ਘਰ ਮਾਸੀ ਦਾ ਦੋ ਮੋਰੀਆ ਪੁਲ ਲਾਗੇ ਈ ਸੀ। ਥਾਂ ਤੇ ਐਨੀ ਨਹੀਂ ਸੀ ਪਰ ਘਰ ਸੀ ਤਿੰਨ ਮੰਜ਼ਲਾ। ਹੇਠਾਂ ਈ ਮਾਸੀ ਨੂੰ ਸਭ ਤੋਂ ਵੱਡਾ ਕਮਰਾ ਮਿਲਿਆ ਹੋਇਆ ਸੀ ਤੇ ਇਕ ਪਾਸੇ ਪਏ ਪੁਰਾਣੇ ਸ਼ੀਸ਼ਿਆਂ ਆਲੇ ਪਲੰਘ ਉੱਤੇ ਬਹਿ ਕੇ ਸਾਰੇ ਘਰ ਉੱਤੇ ਰਾਜ ਕਰਦੀ। ਫਰਸ਼ ਉੱਤੇ ਇਕ ਵੱਡੀ ਦਰੀ ਵਿਛੀ ਰਹਿੰਦੀ ਤੇ ਇਕ ਪਾਸੇ ਦੋ ਚਾਰ ਕੁਰਸੀਆਂ ਡੱਠੀਆਂ ਹੁੰਦੀਆਂ।

ਕਮਰੇ ਦੇ ਇਕ ਪਾਸੇ ਕੰਧ ਨਾਲ ਇਕ ਵੱਡੀ ਲੋਹੇ ਦੀ ਪੇਟੀ ਉੱਤੇ ਤਿੰਨ ਚਾਰ ਪੁਰਾਣੇ ਟਰੰਕ ਪਏ ਹੁੰਦੇ। ਘਰ ਦੇ ਸਾਰੇ ਜੀ ਦਰੀ ਉੱਤੇ ਬਹਿ ਕੇ ਇਕੱਠੇ ਰੋਟੀ ਖਾਂਦੇ। ਹਰ ਵੇਲੇ ਮਾਸੀ ਦੇ ਕਮਰੇ ਵਿਚ ਬਾਲਾਂ ਦਾ ਰੌਲਾ ਪਿਆ ਰਹਿੰਦਾ। ਵੱਡੇ ਮਾਸੀ ਤੋਂ ਜਿੰਨਾ ਤਰ੍ਹਾਂਦੇ, ਬਾਲ ਓਨੇ ਹੀ ਮਾਸੀ ਦੇ ਨੇੜੇ ਸਨ। ਪਲੰਘ ਹੇਠ ਫਲ-ਫਰੂਟ, ਬਾਦਾਮ ਤੇ ਖਾਣ ਵਾਲੀਆਂ ਸ਼ੈਆਂ ਪਈਆਂ ਰਹਿੰਦੀਆਂ ਤੇ ਉੱਤੇ ਬੈਠੀ ਮਾਸੀ ਨੂੰ ਪਤਾ ਵੀ ਨਾ ਲਗਦਾ ਪਈ ਬਾਲ ਚੁੱਪ ਕਰਕੇ ਪਲੰਘ ਹੇਠ ਵੜ ਕੇ ਕੀ ਕੰਮ ਵਿਖਾਉਂਦੇ ਨੇ।

ਘਰ ਬਾਹਰ ਬਾਜ਼ਾਰ ਸੀ ਤੇ ਬਾਲ ਸਾਰਾ ਦਿਨ ਮਾਸੀ ਕੋਲੋਂ ਆਨਾ-ਦੁਆਨੀ ਮੰਗਦੇ ਤੇ ਬਾਹਰੋਂ ਭੱਜ ਭੱਜ ਸ਼ੈਆਂ ਲਿਆ ਕੇ ਖਾਂਦੇ ਤੇ ਲੜਦੇ ਰਹਿੰਦੇ। ਮਾਸੀ ਦੇ ਘਰ ਇਕ ਪੁਰਾਣਾ ਗ੍ਰਾਮੋਫੋਨ ਵੀ ਹੁੰਦਾ ਸੀ। ਜਦ ਵੀ ਮੈਂ ਜਾਂਦਾ ਦੂਜੇ ਬਾਲਾਂ ਨਾਲ ਇਕ ਕਮਰੇ ਵਿਚ ਵੜ ਕੇ ਅਸੀਂ ਉਸ ਉੱਤੇ ਗਾਣੇ ਸੁਣਦੇ। ਜ਼ਰਾ ਜਿੰਨੀ ਆਵਾਜ਼ ਮੈਂ ਉੱਚੀ ਕਰਦਾ ਤਾਂ ਦੂਜੇ ਮੈਨੂੰ ਹਟਕਦੇ, ਪਈ ਕਿਤੇ ਮਾਸੀ ਨਾ ਸੁਣ ਲਵੇ। ਅਸਲ 'ਚ ਇਹ ਗ੍ਰਾਮੋਫੋਨ ਸੀ ਮਾਸੀ ਦੇ ਇਕ ਪੁੱਤਰ ਦਾ, ਜਿਹੜਾ ਆਪੋਂ ਵੀ ਕਦੀ ਕਦੀ ਇਕ ਰੀਕਾਰਡ ਮੁੜ ਮੁੜ ਲਾ ਕੇ ਸਿਰ ਮਾਰਦਾ ਰਹਿੰਦਾ :

ਆਜ ਫਿਰ ਜੀਨੇ ਕੀ ਤਮੰਨਾ ਹੈ
*ਆਜ ਫਿਰ ਮਰਨੇ ਕਾ ਇਰਾਦਾ ਹੈ*

ਮਾਸੀ ਦਾ ਇਹ ਪੁੱਤਰ ਨਵਾਂ ਨਵਾਂ ਨੌਕਰੀ ਲੱਗਾ ਸੀ ਤੇ ਹਰ ਵੇਲੇ ਹੱਸਦਾ ਰਹਿੰਦਾ। ਹਮੇਸ਼ਾ ਸਾਨੂੰ ਸਾਰਿਆਂ ਬਾਲਾਂ ਨੂੰ ਪੈਸੇ ਦੇਂਦਾ ਤੇ ਆਪਣੇ ਕਮਰੇ ਦੇ ਬੂਹੇ ਬੰਦ ਕਰਕੇ ਰਿਕਾਰਡ ਸੁਣਦਾ ਤੇ ਮਾਸੀ ਤੋਂ ਲੁਕ ਲੁਕ ਸਿਗਰਟ ਪੀਂਦਾ।

ਬੜੀ ਹੈਰਾਨੀ ਹੁੰਦੀ ਮੈਨੂੰ ਕਿ ਕੋਈ ਕੂੰਦਾ ਕਿਉਂ ਨਹੀਂ ਮਾਸੀ ਅੱਗੇ। ਸਾਡੇ ਘਰ ਵਿਚ ਤਾਂ ਅਸੀਂ ਬਹੁਤੇ ਪਿਉਆਂ ਤੇ ਚਾਚਿਆਂ ਤੋਂ ਡਰਦੇ ਸਾਂ। ਜਦ ਵੀ ਮੈਂ ਜਾਂਦਾ ਦੁਪਹਿਰ ਦੀ ਰੋਟੀ ਮਾਸੀ ਦੇ ਈ ਖਾਂਦਾ ਤੇ ਸ਼ਾਮ ਤੋਂ ਅਗਦੋਂ ਈ ਪਰਤ ਆਉਂਦਾ। ਆਉਣ ਲੱਗਿਆਂ ਮਾਸੀ ਸਿਰ ਉੱਤੇ ਪਿਆਰ ਦੇਂਦੀ, ਮਾਂ ਨੂੰ ਸਲਾਮ ਆਖਦੀ ਤੇ ਇਕ ਰੁਪਈਆ

ਵੀ ਜ਼ਰੂਰ ਦੇਂਦੀ। ਮੈਨੂੰ ਬਹੁਤਾ ਲੋਭ ਉਸ ਰੁਪਈਏ ਦਾ ਈ ਹੁੰਦਾ। ਉਸ ਇਕ ਰੁਪਏ ਦੀ ਮੇਰੀਹਯਾਤੀ ਵਿਚ ਬਹੁੰ ਉੱਚੀ ਥਾਂ ਏ। ਉਦੋਂ ਰੁਪਈਆ ਮੁਕਾਂਦਿਆਂ ਨਹੀਂ ਸੀ ਮੁੱਕਦਾ। ਘਰ ਆਲਿਆਂ ਨੂੰ ਮੈਂ ਮਾਸੀ ਦੇ ਦਿੱਤੇ ਪੈਸਿਆਂ ਦਾ ਦੱਸਦਾ ਨਾ ਤੇ ਸਕੂਲੇ ਕਿੰਨੇ ਦਿਨ ਮਨਪਸੰਦ ਚੀਜ਼ਾਂ ਖਾਂਦਾ ਜਿਹੜੀਆਂ ਉਂਜ ਕਦੀ ਵੀ ਨਹੀਂ ਖਾ ਸਕਦਾ ਸਾਂ। ਉਸੇ ਰੁਪਏ ਨਾਲ ਹਯਾਤੀ ਵਿਚ ਪਹਿਲੀ ਵਾਰੀ ਫਿਲਮ ਤੱਕੀ ਤੇ ਮੁੜ ਕਈ ਫਿਲਮਾਂ ਤੱਕੀਆਂ। ਉਸੇ ਰੁਪਏ ਨਾਲ ਆਨਾ ਲਾਇਬ੍ਰੇਰੀ ਦੀ ਮੈਂਬਰੀ ਲਈ ਤੇ ਕਿਤਾਬਾਂ ਪੜ੍ਹੀਆਂ। ਉਸੇ ਇਕ ਰੁਪਏ ਪਾਰੋਂ ਕਈ ਪਸੰਦ ਦੇ ਯਾਰ ਬਣਾਏ ਤੇ ਮਨੀਟਰ ਨੂੰ ਵੀ ਵੱਢੀ ਦਿੱਤੀ।

ਪੰਜ ਪੁੱਤਰਾਂ ਤੇ ਚਾਰ ਧੀਆਂ ਵਿਚੋਂ ਮਾਸੀ ਦੇ ਸਭ ਬਾਲਾਂ ਤੋਂ ਨਿੱਕੀ ਸੀ ਗੁੱਡੀ। ਮੈਂ ਸਾਂ ਸਕੂਲੇ ਛੇਵੀਂ ਸਤਵੀਂ ਵਿਚ ਤੇ ਉਹ ਪੰਜ ਛੇ ਵਰ੍ਹੇ ਮੈਥੋਂ ਵੱਡੀ। ਰੱਜ ਜਵਾਨ ਚਿੱਟੀ ਗੋਰੀ ਗੁੱਡੀ ਨੰਗੇ ਪੈਰੀਂ ਸਾਰਾ ਦਿਨ ਘਰ ਵਿਚ ਫਿਰਦੀ ਰਹਿੰਦੀ। ਮਾਸੀ ਦੇ ਘਰ ਮੈਂ ਹਮੇਸ਼ਾ ਪ੍ਰਾਹੁਣਾ ਹੋਣਾ, ਏਸ ਲਈ ਮੈਨੂੰ ਕੋਈ ਵੀ ਹਟਕਦਾ ਨਾ ਹੋੜਦਾ। ਉਂਜ ਭਾਵੇਂ ਮਾਸੀ ਦੇ ਘਰ ਕਈ ਕਈ ਦਿਨ ਵੀ ਰਹਿੰਦਾ। ਉਮਰ ਇੰਜ ਦੀ ਸੀ ਉਸ ਵੇਲੇ ਮੇਰੀ ਪਈ ਹਾਣੀ ਕੁੜੀਆਂ ਦੀ ਸਮਝ ਨਾ ਆਈ ਤੇ ਉਮਰੋਂ ਕੁਝ ਵੱਡੀਆਂ ਕੋਲ ਐਵੇਂ ਈ ਢੁਕਣ ਨੂੰ ਜੀ ਕਰਨਾ।

ਗੁੱਡੀ ਤਾਂ ਹਮੇਸ਼ਾ ਮੈਨੂੰ ਬਹੁਤ ਚੰਗੀ ਲਗਦੀ। ਛੇਤੀ ਸਾਡੀ ਗੂੜ੍ਹ ਹੋ ਗਈ। ਇਕ ਪੱਜ ਇਹ ਵੀ ਸੀ ਗੂੜ੍ਹ ਦਾ ਕਿ ਗੁੱਡੀ ਦਾ ਘਰ ਵਿਚ ਹਾਣੀ ਨਹੀਂ ਸੀ ਕੋਈ। ਫੇਰ ਘਰ ਵਿਚ ਮੇਰੇ ਪ੍ਰਾਹੁਣਾ ਹੋਣ ਦੇ ਰੁਤਬੇ ਤੋਂ ਉਹਨੂੰ ਬੜੇ ਲਾਭ ਸਨ। ਹਰ ਵੇਲੇ ਬਾਜ਼ਾਰੋਂ ਖੱਟੀਆਂ ਮਿੱਠੀਆਂ ਸ਼ੈਆਂ ਮੰਗਾਉਂਦੀ ਰਹਿੰਦੀ ਤੇ ਅਸੀਂ ਦੋਵੇਂ ਲੁਕ ਲੁਕ ਖਾਂਦੇ ਰਹਿੰਦੇ। ਕਈ ਵਾਰੀ ਅਸੀਂ ਕਮਰੇ ਅੰਦਰ ਵੜ ਗ੍ਰਾਮੋਫੋਨ ਵੀ ਸੁਣਦੇ, ਜੀਹਦੀ ਉਂਜ ਮਨਾਹੀ ਸੀ ਗੁੱਡੀ ਨੂੰ ਸੁਣਨ ਦੀ।

ਪਰ ਅਸਲੋਂ ਗੁੱਡੀ ਦਾ ਤੇ ਮੇਰਾ ਇਕ ਹੋਰ ਵੀ ਹੈ ਸੀ ਭੇਤ। ਮਾਸੀ ਦੇ ਸਾਕਾਂ ਵਿਚੋਂ ਇਕ ਮੁੰਡੇ ਨਾਲ ਉਹਦੀ ਗੱਲ ਪੱਕੀ ਕੀਤੀ ਹੋਈ ਸੀ ਤੇ ਉਸ ਸ਼ੋਹਦੇ ਦੂਜੇ ਤੀਜੇ ਦਿਨ ਲੰਘਦੇ ਟਪਦੇ ਆਨੇ-ਬਹਾਨੇ ਮਾਸੀ ਨੂੰ ਸਲਾਮ ਕਰਨ ਆ ਜਾਣਾ। ਉਸ ਸਿੱਧੇ ਦਫ਼ਤਰੋਂ ਆਉਣਾ ਤੇ ਘਰ ਮਾਸੀ ਦਾ ਸੀ, ਉਹਦੇ ਲਾਂਘੇ ਵਿਚ। ਸਾਇਕਲ ਉੱਤੇ ਉਸ ਆਉਣਾ ਤੇ ਰੌਲਾ ਜਿਹਾ ਪਾ ਕੇ ਸਾਇਕਲ ਡਿਉੜ੍ਹੀ ਵਿਚ ਖੜ੍ਹੀ ਕਰ ਦੇਣੀ ਤਾਂ ਜੋ ਘਰ ਵਾਲਿਆਂ ਨੂੰ ਉਹਦੇ ਆਉਣ ਦੀ ਖ਼ਬਰ ਹੋ ਜਾਵੇ। ਹਮੇਸ਼ਾ ਚੰਗਾ ਚੋਖਾ ਉਹਨੂੰ ਮੁੜ੍ਹਕਾ ਆਇਆ ਹੋਣਾ ਤੇ ਗਲ਼ ਦੁਆਲੇ ਉਸ ਮੈਲਾ ਰੁਮਾਲ ਬੰਨ੍ਹਿਆ ਹੋਣਾ। ਉਸ ਸਿੱਧਾ ਮਾਸੀ ਦੇ ਕਮਰੇ ਆਉਣਾ, ਸਿਰ ਉੱਤੇ ਮਾਸੀ ਕੋਲੋਂ ਪਿਆਰ ਲੈ, ਗਲੇ ਬੱਧਾ ਰੁਮਾਲ ਖੋਲ੍ਹ ਮੂੰਹ ਪੂੰਝਣ ਲੱਗ ਪੈਣਾ। ਦੁਪਹਿਰ ਦੀ ਰੋਟੀ ਵੀ ਉਥੇ ਖਾਣੀ। ਉਸ ਰੰਗ ਬਰੰਗ ਦੀਆਂ ਕਮੀਜ਼ਾਂ ਪਾ ਕੇ ਆਉਣਾ ਤੇ ਕਫ਼ਾਂ ਉੱਤੇ ਸੁਨਹਿਰੀ ਸਟੱਡ ਹੋਣੇ, ਜਿਹੜੇ ਮੈਨੂੰ ਬੜੇ ਚੰਗੇ ਲੱਗਣੇ। ਮੈਂ ਸੋਚਣਾ ਵੱਡਾ ਹੋ ਕੇ ਮੈਂ ਵੀ ਇੰਜ ਦੇ ਸਟੱਡ ਲੈਸਾਂ। ਇਹ ਤਾਂ ਵੱਡੇ ਹੋ ਕੇ ਪਤਾ ਲੱਗਾ ਪਈ ਉਹ ਕਮੀਜ਼ਾਂ ਸਸਤੇ ਬਾਜ਼ਾਰ ਦੀਆਂ ਸਨ। ਤਾਹੀਓਂ ਮੈਂ ਕਵ੍ਹਾਂ ਸਟੱਡ ਤਾਂ ਰੋਜ਼ ਉਹੋ ਹੁੰਦੇ ਸਨ। ਉਹਦੇ ਆਉਣ ਨਾਲ ਗੁੱਡੀ ਨੂੰ ਪਹੀਏ ਲੱਗ ਜਾਣੇ। ਉਂਜ ਸਾਹਮਣੇ ਉਹਦੇ ਉਹ ਨਹੀਂ ਸੀ ਆਉਂਦੀ ਪਰ ਆਨੇ ਬਹਾਨੇ ਐਵੇਂ ਵਿਹੜਿਉਂ ਲੰਘਣਾ। ਇਕ ਦੋ ਵਾਰ ਉਸ



ਗੁੱਡੀ ਨੂੰ ਤੱਕਣਾ ਤੇ ਉਹਦਾ ਕੰਮ ਹੋ ਜਾਣਾ।

ਕਈ ਵਰ੍ਹੇ ਉਹ ਇੰਜ ਹੀ ਆਉਂਦਾ ਰਿਹਾ। ਕਦੇ ਗੱਲ ਕਰਦਿਆਂ ਨਹੀਂ ਸੀ ਤੱਕਿਆ ਉਹਨਾਂ ਨੂੰ। ਗੱਲ ਹੁੰਦੀ ਵੀ ਕਿਵੇਂ, ਮੁੰਡੇ ਨੂੰ ਹਮੇਸ਼ਾ ਮਾਸੀ ਸਾਹਮਣੇ ਬਹਿਣਾ ਪੈਂਦਾ ਤੇ ਪਲੰਘ ਆਪਣੇ ਤੋਂ ਹਿਲਦੀ ਅਸਾਂ ਤਾਂ ਕਦੇ ਨਾ ਵੇਖੀ ਮਾਸੀ। ਹੋਰ ਵਿਚਾਰਾ ਏਧਰ ਉਧਰ ਹੋਵਣ ਦਾ ਸੋਚ ਵੀ ਨਹੀਂ ਸੀ ਸਕਦਾ। ਛੇਤੀ ਹੀ ਦੋਵਾਂ ਦੇ ਭੇਤ ਦਾ ਮੈਂ ਜਾਣੂ ਹੋ ਗਿਆ ਤੇ ਮੂੰਹ ਉੱਤੇ ਅਨਭੋਲ ਹਸਾ ਖਿੰਡਾ ਕੇ ਗੁੱਡੀ ਨੂੰ ਉਹਦੇ ਆਉਣ ਦਾ ਦੱਸਦਾ। ਮੈਨੂੰ ਨਹੀਂ ਸੀ ਚੰਗਾ ਲੱਗਦਾ ਉਹ। ਪਤਾ ਨਹੀਂ ਕਿਉਂ ? ਉਹ ਵੀ ਮੈਥੋਂ ਚਿੜ ਖਾਂਦਾ ਤੇ ਖੌਰੇ ਸੜਦਾ ਵੀ। ਉਹਨੂੰ ਖ਼ਬਰ ਸੀ ਗੁੱਡੀ ਨਾਲ ਮੇਰੇ ਗੂੜ੍ਹ ਦੀ ਤੇ ਖੌਰੇ ਇਹੋ ਖਿਚ ਸੀ ਸਾਡੀ। ਪਰ ਇਹ ਮੈਂ ਈ ਸਾਂ ਜਿਸ ਰਾਹੀਂ ਉਹ ਇਕ ਦੂਜੇ ਨੂੰ ਨਜ਼ਰ ਆ ਸਕਦੇ ਸਨ। ਉਹ ਮੈਥੋਂ ਖਿਝਦਾ ਪਰ ਨਾਲੋ-ਨਾਲ ਗੱਲਾਂ ਵੀ ਕਰਦਾ ਤੇ ਮੈਨੂੰ ਪਰਚਾਉਣ ਦੀ ਵੀ ਕਰਦਾ। ਮਾਸੀ ਨਾਲ ਉਹਦੀ ਗੱਲਬਾਤ ਇਕ ਥਾਂ ਉੱਤੇ ਅੱਪੜ ਕੇ ਮੁੱਕ ਜਾਂਦੀ। ਹੋਰ ਕੋਈ ਵੱਡਾ ਘਰ ਵਿਚ ਨਾ ਹੁੰਦਾ ਤੇ ਉਹ ਫੇਰ ਮੇਰੇ ਨਾਲ ਏਧਰ ਉਧਰ ਦੀਆਂ ਮਾਰਦਾ ਰਹਿੰਦਾ। ਕਲਰਕ ਸੀ ਉਹ ਕਿਸੇ ਦਫ਼ਤਰ।

ਉਹਦੇ ਆਉਣ ਨਾਲ ਗੁੱਡੀ ਨੂੰ ਅਚਨਚੇਤ ਨਹਾਉਣ ਦਾ ਵੀ ਖ਼ਿਆਲ ਆ ਜਾਂਦਾ। ਕਿਉਂਕਿ ਗੁਸਲਖਾਨਾ ਬਾਹਰ ਸੀ ਵਿਹੜੇ ਵਿਚ ਤੇ ਇੰਜ ਆਨੇ ਬਹਾਨੇ ਉਹ ਵਿਹੜਿਓਂ ਲੰਘਦੀ ਤੇ ਉਹਨੂੰ ਵੇਖ ਕੇ ਹੀ ਉਹਦਾ ਰੱਜ ਹੁੰਦਾ ਸੀ। ਗੁੱਡੀ ਦੇ ਵਾਲ ਬਹੁਤ ਸਨ, ਲੰਮੇ ਤੇ ਲੱਕ ਤੋਂ ਥੱਲੇ ਤੀਕ ਆਉਂਦੇ। ਉਸ ਜਦ ਨਹਾ ਕੇ ਬਾਹਰ ਨਿਕਲਣਾ ਅਚਰਜ ਖੁਸ਼ਬੋਈ ਆਉਣੀ ਵਾਲਾਂ 'ਚੋਂ। ਖ਼ੌਰੇ ਇੰਜ ਦੀਆਂ ਖੁਸ਼ਬੋਈਆਂ ਵੇਲੇ ਨਾਲ ਗੁਆਚ ਜਾਂਦੀਆਂ ਨੇ ਤੇ ਬੰਦਾ ਸਾਰੀ ਉਮਰ ਮੁੜ ਮੁੜ ਲੱਭਦਾ ਰਹਿੰਦਾ ਏ।

ਜਿਉਂ ਜਿਉਂ ਵੱਡਾ ਹੋਇਆ, ਮੇਰਾ ਮਾਸੀ ਘਰੇ ਜਾਣਾ ਘਟਦਾ ਗਿਆ। ਵੇਲਾ ਵੀ ਬਦਲਣ ਲੱਗ ਪਿਆ ਸੀ ਨਾਲੇ। ਉਂਜ ਤਾਂ ਮਾਸੀ ਅੱਗੇ ਕੋਈ ਕੂੰਦਾ ਨਹੀਂ ਸੀ ਪਰ ਵਿਚ ਵਿਚ ਪੁੱਤਰ ਧੀਆਂ ਆਪਣੀ ਮਰਜ਼ੀ ਕਰਨ ਲੱਗ ਪਏ। ਘਰ ਦੇ ਨਾਲ ਈ ਬਾਜ਼ਾਰ ਸੀ ਪਰ ਕੋਈ ਮਜ਼ਾਲ ਸੀ ਪਈ ਕੋਈ ਪਾਨ ਸਿਗਰਟ ਪੀ ਲਵੇ। ਫੇਰ ਮਾਸੀ ਦੇ ਪਲੰਘ ਹੇਠੋਂ ਲੁਕ ਲੁਕ ਸ਼ੈਆਂ ਖਾਵਣ ਵਾਲੇ ਬਾਲਾਂ ਪਲੰਘ ਹੇਠੋਂ ਵੇਲਾ ਵੀ ਚੋਰੀ ਕਰ ਲਿਆ ਤੇ ਮਾਸੀ ਨੂੰ ਉਦੋਂ ਖ਼ਬਰ ਹੋਈ ਜਦ ਉਹਦੇ ਇਕ ਪੁੱਤਰ ਨੇ ਆਪਣੀ ਪਸੰਦ ਦਾ ਵਿਆਹ ਕਰ ਲਿਆ ਤੇ ਬਰਾਦਰੀ ਤੋਂ ਬਾਹਰ ਦੀ ਕੁੜੀ ਵਿਆਹ ਲਿਆਇਆ। ਕਮਰਿਆਂ ਵਿਚ ਟੈਲੀਵਿਜ਼ਨ ਚੱਲਣ ਲੱਗ ਪਏ ਤੇ ਨੂੰਹਾਂ ਲੁਕ ਲੁਕ ਕੇ ਵਾਲ ਕਟਾਵਣ ਲੱਗ ਪਈਆਂ। ਪਰ ਮਾਸੀ ਦੇ ਕਮਰੇ ਹਰ ਸ਼ੈਅ ਉਵੇਂ ਹੀ ਸੀ।

ਅਖ਼ਬਾਰ ਤੇ ਟੈਲੀਵਿਜ਼ਨ ਵੇਖ ਕੇ ਮਾਸੀ ਨੂੰ ਅੱਗ ਲੱਗ ਜਾਂਦੀ। ਮਾਸੀ ਦਾ ਬੰਦਾ ਹਮੇਸ਼ਾ ਕੰਮ ਤੋਂ ਆ ਕੇ ਲੱਕ ਦੇ ਬੰਨ੍ਹ ਪਲੰਘ ਲਾਗੇ ਬੈਠਾ ਹੁੱਕਾ ਪੀਂਦਾ ਰਹਿੰਦਾ। ਮਾਸੀ ਦੀ ਕਿਸੇ ਗੱਲ ਵਿਚ ਦਖ਼ਲ ਨਾ ਦੇਂਦਾ। ਉਸ ਪੁਰਾਣਿਆਂ ਵੇਲਿਆਂ 'ਚ ਚੰਗੀ ਪੜ੍ਹਾਈ ਕੀਤੀ ਸੀ ਤੇ ਇਕ ਪ੍ਰਾਈਵੇਟ ਫਰਮ ਵਿਚ ਮੈਨੇਜਰ ਸੀ। ਪਰ ਉਹਦੇ ਸੁਭਾਅ ਤੇ ਗੱਲਬਾਤ ਵਿਚ ਨਾ ਕੋਈ ਵਲੇਵਾਂ ਸੀ, ਨਾ ਕੋਈ ਮਾਣ ਤਰਾਣ। ਬਹੁਤ ਘੱਟ ਬੋਲਦਾ ਤੇ ਨਿਸ਼ਚਿੰਤ ਜਿਹਾ ਹੋ ਕੇ ਮਾਸੀ ਕੋਲ ਹੀ ਬੈਠਾ ਰਹਿੰਦਾ।

ਵੇਲਾ ਬਦਲਨ ਨਾਲ ਹਰ ਸ਼ੈ ਮਾਸੀ ਦੇ ਹੇਠੋਂ ਖੁਸਦੀ ਗਈ। ਇਕ ਦੋ ਪੁੱਤਰ ਸਿਗਰਟ ਪੀਣ ਲੱਗ ਪਏ ਤੇ ਵੱਡਾ ਪੁੱਤਰ ਤਾਂ ਮਾਸੀ ਦੇ ਸਾਹਮਣੇ ਵੀ ਪੀ ਲੈਂਦਾ। ਪਰ ਮਾਸੀ ਇੰਜ ਹੀ ਕਰਦੀ ਜਿਵੇਂ ਉਸ ਤੱਕਿਆ ਨਹੀਂ।

ਅਖ਼ੀਰੀ ਵਾਰ ਮੈਂ ਮਾਸੀ ਦੇ ਘਰ ਉਦੋਂ ਗਿਆ ਜਦ ਮੈਂ ਕਾਲਜ ਪੜ੍ਹਦਾ ਸਾਂ ਤੇ ਆਉਣ ਲੱਗਿਆਂ ਐਵੇਂ ਈ ਮਾਸੀ ਨਾਲ ਖਿਝ ਪਿਆ। ਗੁੱਡੀ ਕਦ ਦਾ ਬਾਬਲ ਵਿਹੜਾ ਛੱਡ ਗਈ ਸੀ। ਮੈਂ ਜਾਂਦਾ ਵੀ ਤਾਂ ਇਕ ਅੱਧੇ ਘੰਟੇ ਤੋਂ ਵੱਧ ਨਾ ਬਹਿੰਦਾ। ਭੈਣ ਨਾਲ ਇਕ ਦੋ ਗੱਲਾਂ ਕਰ ਨੱਸਣ ਦੀ ਕਰਦਾ। ਮਾਸੀ ਨਾਲ ਖਿਝਣਾ ਨਹੀਂ ਸੀ ਪਰ ਉਦੋਂ ਦਿਮਾਗ਼ ਮੇਰਾ ਵੀ ਸੀ ਪੁੱਠੇ ਸਿੱਧੇ ਖ਼ਿਆਲਾਂ ਹੇਠ। ਭਣਵੱਈਆ ਮੇਰਾ ਸੀ ਨਹਿਰ ਦੇ ਮਹਿਕਮੇ ਵਿਚ। ਰੋਜ਼ ਉਹਦੀਆਂ ਬਦਲੀਆਂ ਹੁੰਦੀਆਂ ਰਹੀਆਂ। ਆਪਣੀ ਵਹੁਟੀ ਉਹ ਨਾਲ ਰੱਖਣਾ ਚਾਹੁੰਦਾ ਸੀ ਪਰ ਮਾਸੀ ਆਖਦੀ ਕੁੜੀ ਏਸੇ ਘਰ ਰਹਿਸੀ, ਜਿਥੇ ਵਿਆਹੀ ਆਈ ਏ। ਵਿਆਹ ਉਨ੍ਹਾਂ ਦੇ ਨੂੰ ਦਸ ਬਾਰਾਂ ਵਰ੍ਹੇ ਹੋ ਗਏ ਹੋਸਣ ਤੇ ਬਾਲ ਵੀ ਵੱਡੇ ਹੋ ਗਏ ਹੋ ਗਏ ਸਨ। ਭਣੇਵੇਂ ਨੂੰ ਖਾਵਣ ਪਕਾਵਣ ਦੀ ਤੰਗੀ ਸੀ ਤੇ ਟੱਬਰ ਨਾਲ ਈ ਸੀ ਰਹਿਣਾ ਚਾਹੁੰਦਾ। ਸਾਰੇ ਏਸ ਉੱਤੇ ਰਾਜ਼ੀ ਸਨ ਪਰ ਮਾਸੀ ਨਹੀਂ ਸੀ ਮੰਨਦੀ। ਭੈਣ ਨੂੰ ਮਿਲਣ ਆਇਆ ਤੇ ਘਰ ਵਿਚ ਇਹ ਪਵਾੜਾ ਪਿਆ ਹੋਇਆ ਸੀ। ਮਾਸੀ ਅੱਗੇ ਸਿੱਧਾ ਹੋ ਗਿਆ ਮੈਂ, 'ਤੁਸੀਂ ਹਰ ਗੱਲ ਵਿਚ ਦਖ਼ਲ ਕਿਉਂ ਦੇਂਦੇ ਓ ? ਕਰਨ ਦਿਓ ਨਾ ਲੋਕਾਂ ਨੂੰ ਆਪਣੀ ਮਰਜ਼ੀ।' ਮੇਰੇ ਇੰਜ ਆਖਣ ਉੱਤੇ ਸਾਰੇ ਮੂੰਹ ਅੱਡ ਅੱਡ ਵੇਖਣ ਲੱਗ ਪਏ। ਕੋਈ ਵੀ ਉਂਜ ਨਹੀਂ ਸੀ ਬੋਲਦਾ ਮਾਸੀ ਅੱਗੇ। ਇਹ ਵੀ ਮੈਨੂੰ ਪਤਾ ਸੀ ਪਈ ਉਂਜ ਸਾਰੇ ਆਪੋ ਆਪਣੀ ਮਰਜ਼ੀ ਕਰਦੇ ਹਨ ਪਰ ਮਾਸੀ ਤੋਂ ਲੁਕਦੇ ਤੇ ਉਸ ਅੱਗੇ ਐਵੇਂ ਈ ਮਿੱਠਾ ਬਣ ਬਣ ਬਹਿੰਦੇ ਸਨ। ਮਾਸੀ ਦਾ ਇਕ ਪੁੱਤਰ ਹੱਥ ਖਿੱਚ ਮੈਨੂੰ ਕਮਰਿਓਂ ਬਾਹਰ ਲੈ ਗਿਆ ਤੇ ਹੱਥ ਜੋੜ ਆਖਣ ਲੱਗਾ, 'ਅਸੀਂ ਆਪੇ ਕੱਢ ਲਾਂ 'ਗੇ ਕੋਈ ਨਾ ਕੋਈ ਹੱਲ। ਆਪਣੀ ਮਾਸੀ ਅੱਗੇ ਇੰਜ ਨਾ ਬੋਲ ਤੂੰ।' ਹਯਾਤੀ ਵਿਚ ਮੈਂ ਪਹਿਲੀ ਵਾਰ ਮਾਸੀ ਤੋਂ ਬਿਨਾਂ ਪਿਆਰ ਲਏ ਤੇ ਸਲਾਮ ਕੀਤੇ ਪਰਤ ਆਇਆ। ਭਾਵੇਂ ਮੇਰੇ ਜਾਵਣ ਪਿਛੋਂ ਉਸੇ ਵੇਲੇ ਈ ਉਨ੍ਹਾਂ ਆਪੋ ਵਿਚ ਗੱਲ ਮੁਕਾ ਲਈ ਤੇ ਮਾਸੀ ਨੂੰ ਵੀ ਰਾਜ਼ੀ ਕਰ ਲਿਆ। ਭੈਣ ਮੇਰੀ ਦੂਜੇ ਸ਼ਹਿਰ ਆਪਣੇ ਖਾਵੰਦ ਕੋਲ ਟੁਰ ਗਈ ਤੇ ਫੇਰ ਮੇਰਾ ਮਾਸੀ ਵੱਲ ਜਾਵਣ ਨਾ ਹੋਇਆ। ਮਾਂ ਤੇ ਮਾਸੀ ਆਪਸ ਵਿਚ ਪੁਰਾਣੀਆਂ ਸਹੇਲੀਆਂ ਵੀ ਸਨ ਤੇ ਮਾਂ ਮੇਰੇ ਉੱਤੇ ਡਾਹਢਾ ਵਰ੍ਹੀ ਪਈ ਮਾਸੀ ਅੱਗੇ ਇੰਜ ਦੀ ਗੱਲ ਮੈਂ ਕੀਤੀ ਹੀ ਕਿਉਂ ?

ਗੁੱਡੀ ਹੌਲੀ ਹੌਲੀ ਆਖ ਰਹੀ ਸੀ, 'ਦਸਣੀ ਆ ਤੁਹਾਡਾ। ਬੋਲ ਤਾਂ ਸਕਦੇ ਨਹੀਂ ਪਰ ਸਿਹਾਨ ਲੈਂਦੇ ਨੇ।' ਉਸ ਮਾਸੀ ਦੇ ਮੂੰਹ ਕੋਲ ਨਿਉਂ ਕੇ ਉੱਚੀ ਉੱਚੀ ਦੱਸਿਆ। ਮਾਸੀ ਬੀਰੀ ਆਇਆ ਏ। ਮਾਸੀ ਬੀਰੀ ਤੇ ਉਹਦੀ ਵਹੁਟੀ ਆਏ ਨੇ...ਮਾਸੀ ਬੀਰੀ ਆਇਆ ਏ।'

ਕੰਬਲ ਅੰਦਰੇ ਮਾਸੀ ਦਾ ਪਿੰਡਾ ਮਾੜਾ ਜਿਹਾ ਹਿਲਿਆ ਪਰ ਮਾਸੀ ਅੱਖਾਂ ਨਾ ਖੋਲ੍ਹੀਆਂ। ਗੁੱਡੀ ਮੇਰੇ ਵੱਲ ਹਾਰੀਆਂ ਨਜ਼ਰਾਂ ਨਾਲ ਤੱਕਿਆ ਤੇ ਮੁੜ ਝਬਦੇ ਹੀ ਏਸ ਹਾਰ ਨੂੰ ਕੱਜਦੀ ਬੋਲੀ, 'ਸਾਰਿਆਂ ਨੂੰ ਪਹਿਚਾਨ ਲੈਂਦੇ ਨੇ, ਜਿਹੜਾ ਵੀ ਮਿਲਣੇ ਆਉਂਦਾ। ਚਾਚਾ ਸ਼ਰੀਫ, ਕਾਲਾ, ਗੁੱਡੂ, ਨਿੱਕੀ, ਸਾਰਿਆਂ ਨੂੰ ਪਹਿਚਾਨਦੇ ਨੇ। ਕੱਲ੍ਹ ਤੁਹਾਡੇ ਅੰਮੀ



ਜੀ ਆਏ ਸਨ। ਕਿੰਨਾ ਚਿਰ ਮਾਸੀ ਦਾ ਹੱਥ ਫੜ ਕੇ ਬੈਠੇ ਰਹੇ, ਘੁਟਦੇ ਵੀ ਰਹੇ। ਉਂਜ ਹਿੱਲ ਨਹੀਂ ਸਕਦੇ ਤੇ ਹੋਰ ਕਿਸੇ ਨੂੰ ਹੱਥ ਵੀ ਨਹੀਂ ਲਾਉਣ ਦੇਂਦੇ। ਗੱਲਾਂ ਕਰਦੀ ਗੁੱਡੀ ਵਾਰ ਵਾਰ ਮਾਸੀ ਦੇ ਮੂੰਹ ਅੱਗੇ ਨਿਉਂ ਕੇ ਸਾਡੇ ਆਉਣ ਦਾ ਦੱਸਦੀ ਰਹੀ, ਪਰ ਮਾਸੀ ਨੇ ਅੱਖਾਂ ਨਾ ਖੋਲ੍ਹੀਆਂ। ਅਖ਼ੀਰ ਮੈਂ ਗੁੱਡੀ ਨੂੰ ਆਖਿਆ, 'ਰਹਿਣ ਦੇ'।

ਸੰਘ ਵਿਚ ਕੁਝ ਫਸ ਗਿਆ ਸੀ। ਕੋਈ ਗੱਲ ਨਾ ਅਹੁੜੇ ਮੈਨੂੰ। ਬੜੀ ਨਮੋਸ਼ੀ ਸੀ ਗੁੱਡੀ ਨੂੰ ਜਿਵੇਂ ਝੂਠੀ ਹੁੰਦੀ ਹੋਵੇ। ਏਸ ਨਮੋਸ਼ੀ ਵਿਚੋਂ ਨਿਕਲਣ ਲਈ ਉਹ ਮੁੜ ਮੁੜ ਇਹੋ ਆਖਦੀ, 'ਸਿਹਾਨ ਲੈਂਦੇ ਨੇ ਤੇ ਕਈ ਵਾਰ ਬੁੱਲ੍ਹ ਇੰਜ ਹਿਲਾਂਦੇ ਨੇ ਜਿਉਂ ਕੋਈ ਗੱਲ ਕਰਨਾ ਚਾਹੁੰਦੇ ਹੋਵਣ।' ਮੈਂ ਐਵੇਂ ਖੇਸ ਅੰਦਰ ਹੱਥ ਵਾੜ ਕੇ ਮਾਸੀ ਦਾ ਹੱਥ ਨੱਪਣ ਲੱਗਾ ਤਾਂ ਮਾਸੀ ਤ੍ਰਭਕ ਕੇ ਹੱਥ ਪਰ੍ਹਾਂ ਕਰਨ ਦੀ ਕੀਤੀ। ਮੈਂ ਨਾਲ ਹੀ ਹੱਥ ਖੇਸ ਵਿਚੋਂ ਕੱਢ ਲਿਆ। ਗੁੱਡੀ ਸਾਡੇ ਨਾਲ ਮਾਸੀ ਦੇ ਰੋਗ ਅਤੇ ਘਰ ਦੇ ਦੂਜੇ ਜੀਆਂ ਦੀਆਂ ਗੱਲਾਂ ਕਰਦੀ ਰਹੀ। ਕੁਝ ਚਿਰ ਬਹਿ ਕੇ ਅਸੀਂ ਜਾਵਣ ਲਈ ਉੱਠ ਖਲੋਤੇ। ਮਾਸੀ ਐਵੇਂ ਇਕ ਪਲ ਲਈ ਅੱਖਾਂ ਖੋਲ੍ਹੀਆਂ। ਪਰ ਸਿਹਾਨ ਵਾਲੀ ਕੋਈ ਗੱਲ ਨਹੀਂ ਸੀ ਉਹਨਾਂ ਵਿਚ। ਗੁੱਡੀ ਝਟ ਅਗਾਂਹ ਹੋ ਸਾਡੇ ਆਵਣ ਦਾ ਦੱਸਿਆ। ਪਰ ਮਾਸੀ ਨਾ ਕੋਈ ਸਿਹਾਨ ਲਿਆਂਦੀ ਅਤੇ ਨਾ ਮੂੰਹ ਉੱਤੇ ਕਿਸੇ ਗੱਲ ਦੀ ਦੱਸ ਪਾਈ। ਉਂਜੇ ਹੀ ਅੱਖਾਂ ਖੁੱਲ੍ਹੀਆਂ ਰੱਖੀਆਂ, ਬਿਗਾਨੀਆਂ ਜਿਹੀਆਂ ਜਿਵੇਂ ਏਸ ਜਹਾਨ ਤੋਂ ਅਡਰੀਆਂ ਕਿਸੇ ਹੋਰ ਜਹਾਨ ਨੂੰ ਤੱਕਦੀਆਂ ਹੋਵਣ। ਵੇਖਣ ਵਿਚ ਅਣਵੇਖਣ, ਨਜ਼ਰ ਤੋਂ ਵਾਂਝੀਆਂ, ਸਖਣੀਆਂ, ਨਿਰੀਆਂ ਅੱਖਾਂ। ਮਾਸੀ ਦਾ ਹਾਲ ਪੁੱਛਣ ਲਈ ਮੈਂ ਬੋਲਣ ਦਾ ਆਹਰ ਕੀਤਾ। ਪਰ ਮੂੰਹੋਂ ਗੱਲ ਨਾ ਨਿਕਲੀ। ਕੀ ਗੱਲ ਹੋ ਸਕਦੀ ਸੀ ਹੁਣ ? ਬੋਲਣ, ਨਾ ਬੋਲਣ ਜਿਹਾ ਸੀ। ਇਕ ਪਲ ਨੂੰ ਜਾਪਿਆ ਜਿਵੇਂ ਮਾਸੀ ਖ਼ਾਲੀ ਅੱਖਾਂ ਵਿਚੋਂ ਵੀ ਕਿਤੋਂ ਮੈਨੂੰ ਤਕਦੀ ਹੋਵੇ ਪਰ ਏਸ ਤਕਣੀ ਦਾ ਵੀ ਕੋਈ ਸਿਰਾ ਨਾ ਹੱਥੀਂ ਲੱਗਿਆ।

ਟੁਰਨ ਲੱਗਿਆਂ ਗੱਲਾਂ ਕਰਦੀ ਗੁੱਡੀ ਵਾਰਡ ਤੋਂ ਬਾਹਰ ਤੀਕ ਛੱਡਣ ਆਈ। ਉਹ ਅਜੇ ਵੀ ਆਪਣੀ ਨਮੋਸ਼ੀ ਤੋਂ ਬਾਹਰ ਨਹੀਂ ਸੀ ਆਉਂਦੀ ਪਈ ਤੇ ਵਾਰ ਵਾਰ ਆਖੇ, ਸਿਹਾਨ ਤਾਂ ਲੈਂਦੇ ਨੇ, ਤੁਹਾਨੂੰ ਈ ਨਹੀਂ ਸਿਹਾਣਿਆ। ਉਸ ਨੂੰ ਬਹੁਤੀ ਨਮੋਸ਼ੀ ਮੇਰੀ ਵਹੁਟੀ ਪਾਸੋਂ ਵੀ ਸੀ ਜਿਸ ਨੂੰ ਉਹ ਪਹਿਲੀ ਵਾਰ ਮਿਲੀ ਸੀ। ਵਾਰਡ ਤੋਂ ਬਾਹਰ ਕੁਝ ਹੌਲਾ ਹੁੰਦਿਆਂ ਗੁੱਡੀ ਨੂੰ ਨਮੋਸ਼ੀ ਵਿਚੋਂ ਕੱਢਣ ਲਈ ਮੈਂ ਆਪਣੀ ਸਵਾਣੀ ਨੂੰ ਦੱਸਿਆ :

'ਇਹ ਗੁੱਡੀ ਏ। ਇਹਨੂੰ ਜਵਾਨੀ ਵਿਚ ਵੇਖਦੀ। ਕੁਝ ਧਵਾਂਖੀ ਗਈ ਏ ਹੁਣ ਤਾਂ।' ਗੁੱਡੀ ਦੇ ਮੂੰਹ ਉੱਤੇ ਮੁਸਕਾਨ ਖਿੰਡ ਗਈ ਤੇ ਉਹ ਐਵੇਂ ਕੁਝ ਚਿਰ ਲਈ ਮਾਸੀ ਦੇ ਰੋਗ ਦੀ ਭਾਲ ਦੇ ਰੁਝੇਵੇਂ ਵਿਚ ਦੀ ਨਿਕਲ ਜਿਹੀ ਆਈ। ਲਾਜ ਨਾਲ ਉਹਦੇ ਮੂੰਹ ਉੱਤੇ ਲਹਿਰ ਜਿਹੀ ਲੰਘ ਗਈ। ਜਵਾਨੀ ਦੀ ਅਖ਼ੀਰਲੀ ਲਾਲੀ ਭਖ ਜਿਹੀ ਪਈ। 'ਤੂੰ ਐਨੇ ਚਿਰ ਮਗਰੋਂ ਆਇਆ ਏਂ ਨਾ, ਤੈਨੂੰ ਪੁਰਾਣੀਆਂ ਈ ਯਾਦ ਨੇ। ਨਾ ਮੇਰੇ ਵਿਆਹ ਉੱਤੇ ਆਇਆ, ਨਾ ਕਦੇ ਮਾਸੀ ਵੱਲ। ਮਾਸੀ ਨੂੰ ਮਿਲਣ ਕਿਉਂ ਨਾ ਆਇਆ ਤੂੰ ? ਐਨਾ ਯਾਦ ਕਰਦੇ ਸਨ ਤੈਨੂੰ। ਆਖਦੇ, ਵਹੁਟੀ ਨਾਲ ਇਕ ਵਾਰ ਵੀ ਸਾਡੇ ਘਰ ਨਹੀਂ ਆਇਆ। ਵਿਚ ਇਕ ਵਾਰ ਤੂੰ ਆਇਆ ਵੀ। ਖ਼ੌਰੇ ਬਾਬਾ ਜੀ ਦੇ ਫ਼ੌਤ ਹੋਵਣ ਉੱਤੇ। ਇਕੱਲਾ ਈ...ਤੇ ਬਾਹਰੋਂ ਬਾਹਰ ਕਬਰਸਤਾਨ ਤੋਂ ਈ ਟੁਰ ਗਿਆ। ਮਾਸੀ ਨੂੰ ਪਤਾ ਲੱਗਾ

ਤੇ ਪੁੱਛਦੀ ਰਹੀ। ਫੇਰ ਉਹ ਮੇਰੀ ਵਹੁਟੀ ਨੂੰ ਆਖਣ ਲੱਗੀ, 'ਕਦੀ ਘਰ ਆਉਣਾ। ਇਹ ਵੀ ਮਿਲਣਾ ਏ ਕੋਈ। ਨਾ ਚਾਹ ਨਾ ਪਾਣੀ। ਅਸੀਂ ਮੁਸੀਬਤ ਵਿਚ ਆ। ਇਹ ਤਾਂ ਸਾਰਿਆਂ ਨੂੰ ਭੁੱਲ ਗਿਆ ਏ।'

ਮੈਂ ਗੁੱਡੀ ਨੂੰ ਹੱਸ ਆਖਿਆ, 'ਕੁਝ ਨਹੀਂ ਭੁੱਲਿਆ ਮੈਂ। ਸਭੇ ਕੁਝ ਯਾਦ ਏ, ਇਕ ਇਕ ਗੱਲ ਪਰ ਤੇਰੇ ਵਿਆਹ ਤੋਂ ਪਹਿਲਾਂ ਦੀ।' ਏਸ ਗੱਲ ਉੱਤੇ ਗੁੱਡੀ ਹੋਰ ਵੀ ਲੱਜ ਨਾਲ ਮਾਰੀ ਗਈ ਤੇ ਛੇਤੀ ਸਾਨੂੰ ਟੋਰ ਕੇ ਆਪ ਵਾਰਡ ਅੰਦਰ ਭੱਜ ਗਈ।

ਹਸਪਤਾਲ ਜਾਵਣ ਦੇ ਕੁਝ ਦਿਨਾਂ ਪਿਛੋਂ ਮਾਸੀ ਦੇ ਜਨਾਜ਼ੇ ਨੂੰ ਮੋਢਾ ਦੇਂਦੇ ਮੈਨੂੰ ਪਤਾ ਸੀ ਪਈ ਮਾਸੀ ਕਾਹਨੂੰ ਨਹੀਂ ਸੀ ਸਿਹਾਣਿਆ ਮੈਨੂੰ ?



## ਇਕ ਅਣਲਿਖੀ ਵਿਸਰੀ ਕਿਤਾਬ

ਹੁਣ ਸਭੇ ਕੁਝ ਭੁੱਲੀਂ ਪੈ ਗਿਆ ਏ। ਨਾ ਤੈਨੂੰ ਯਾਦ ਹੈ ਪਈ ਅਸਾਂ ਕਿਥੇ ਮਿਲੇ, ਕਿਥੇ ਬੈਠੇ ਤੇ ਕਿਹੜੀ ਗੱਲ ਕੀਤੀ। ਤੈਨੂੰ ਹੁਣ ਕੁਝ ਵੀ ਚੇਤੇ ਨਹੀਂ। ਤਾਰਕੋਲ ਦੀ ਉਸ ਸੜਕ ਹਾਰ ਜਿਥੇ ਪਲ ਦੋ ਪਲ ਦੇ ਮੀਂਹ ਮਗਰੋਂ ਲੰਘਣ ਵਾਲਿਆਂ ਨੂੰ ਪਤਾ ਈ ਨਹੀਂ ਲਗਦਾ ਕਿ ਇਹ ਸੜਕ ਭਿੱਜ ਕੇ ਮੁੜ ਸੁੱਕੀ ਤੇ ਸੜਕ ਮੁੜ ਉਂਜ ਦੀ ਹੀ ਹੋ ਜਾਂਦੀ ਏ। ਸਦਾ ਦੀ ਸੁੱਕੀ, ਧੂੜਾਂ ਪੱਟੀ। ਹਾਂ ਸੜਕ ਦੇ ਕੰਢਿਆਂ ਉੱਤੇ ਮਿੱਟੀ ਕੁਝ ਬਹੁਤੀ ਉੱਡਣ ਲੱਗ ਪੈਂਦੀ ਏ।

ਉਦੋਂ ਦਿਨੋ-ਦਿਨ ਤੇਰਾ ਰੁਝੇਵਾਂ ਤੇ ਕੰਮ ਵਧ ਗਿਆ ਤੇ ਤੂੰ ਰੋਜ਼ ਹੀ ਭੁੱਲਦਾ ਗਿਆ ਪਈ ਤੂੰ ਇਕ ਕਿਤਾਬ ਵੀ ਲਿਖਣੀ ਹੈ। ਤੈਨੂੰ ਪੰਜਾਬ ਦੇ ਰੁੱਖਾਂ ਬਾਰੇ ਕਿਤਾਬ ਲਿਖਣ ਦਾ ਬਹੁੰ ਚਾਅ ਸੀ। ਪਵੰਦ ਤਾਂ ਤੂੰ ਗੱਲ ਈ ਇਹੋ ਕਰਨੀ। ਤੇਰੀਆਂ ਅੱਖਾਂ ਨਰੋਏ ਸੁਫਨਿਆਂ ਦੇ ਉਦਮ ਤੇ ਹਯਾਤੀ ਨੂੰ ਜਾਨਣ ਦੀ ਹੈਰਾਨੀ ਨਾਲ ਵੱਤਰ ਸਨ। ਤੂੰ ਸੁਣਾਉਣਾ, ਕਿਵੇਂ ਤੂੰ ਨੋਟਿਸ ਲੈਣੇ ਹਨ ਤੇ ਕਿਵੇਂ ਤੂੰ ਹਿੰਦੋਸਤਾਨ ਦੀ ਪੁਰਾਣੀ ਤਵਾਰੀਖ ਤੇ ਫ਼ਲਸਫ਼ੇ ਬਾਰੇ ਕਿਤਾਬਾਂ ਪੜ੍ਹਨ ਦੀ ਗੱਲ ਕਰਨੀ। ਅਸੀਂ ਵੀ ਤੇਰੇ ਵਰਗੇ ਹੀ ਸਾਂ ਜਾਂ ਫੇਰ ਤੂੰ ਸਾਡੇ ਵਰਗਾ। ਨਰੋਏ ਹੋਵਣ, ਨਵਾਂ ਹੋਵਣ, ਨਵੀਂ ਰੁੱਤ ਮਾਨਣ ਦਾ ਮੋਹ ਤਾਂ ਸਾਰਿਆਂ ਅੰਦਰ ਭਰਿਆ ਸੀ। ਲੰਘਦੀਆਂ ਰੁੱਤਾਂ ਦੇ ਸਾਰੇ ਸਾਹ ਅਸਾਂ ਇਕ ਇਕ ਕਰਕੇ ਗਿਣੇ ਤੇ ਆਉਂਦੀਆਂ ਲਈ ਅੱਖਾਂ ਰਾਹ ਵਿਛਾਈਆਂ। ਸਾਡੇ ਤੋਂ ਇਕ ਪੈਰ ਪਰ੍ਹਾਂ ਚੁੱਪ ਘਣੀ ਸੀ ਪਰ ਅਸੀਂ ਤਾਂ ਆਪਣੀ ਵਾਜ ਦੀ ਲੋਰ ਵਿਚ ਸਾਂ ਜਿਹੜੀ ਸਾਨੂੰ ਕੁਲ ਦੀ ਵਾਜ ਜਾਪਦੀ ਸੀ।

ਇਹ ਇਕ ਸੁਫ਼ਨਾ ਕਹਾਣੀ ਏ ਜਾਂ ਫੇਰ ਕਹਾਣੀਆਂ ਸੁਫ਼ਨੇ ਬਣ ਗਈਆਂ। ਉਂਜ ਦਿਲਾਂ ਨੂੰ ਸੌ-ਸੌ ਵਾਰ ਛਾਣਿਆਂ ਵਿਚੋਂ ਇਕੋ ਗੱਲ ਮਿਲੀ। ਹੋਰ ਕਿਸੇ ਕੋਈ ਗੱਲ ਲੁਕਾਈ ਹੋਵੇ, ਹੁਣ ਚੇਤੇ ਨਹੀਂ। ਪਰ ਸਾਰਿਆਂ ਨੂੰ ਈ ਚਾਅ ਬੜੇ ਸਨ, ਕਈ ਰੀਝਾਂ। ਲਗਦਾ ਤਾਂ ਇਹੋ ਸੀ, ਕੋਈ ਨਾ ਕੋਈ ਗੱਲ ਬਣੀ ਹੀ ਬਣੀ। ਇਕ ਮੰਗਣੀ ਤਾਂ ਦੂਜੀ, ਦੂਜੀ ਤੋਂ ਤੀਜੀ। ਕਿਹੜੀ ਤੋੜ ਚੜ੍ਹੀ ਨਾ ਚੜ੍ਹੀ, ਕਿਉਂ ਨਾ ਚੜ੍ਹੀ, ਇਹ ਗੱਲਾਂ ਵੀ ਬੈਠ ਕੇ ਕਰਨ ਵਾਲੀਆਂ ਹਨ। ਪਰ ਵਿਚ ਵਿਚ ਸੋਝ ਵੀ ਬੜੀ ਸੀ। ਬਾਹਰ ਦੀ ਚੁੱਪ ਜਦ ਸੋਝ ਵਿਚ ਵੜਨੀ ਤਾਂ ਗੱਲ ਰੌਲੇ ਪੈ ਜਾਣੀ। ਪਰ ਆਉਂਦੀ ਰੁੱਤ ਦੀ ਆਸ ਦੀ ਖਿੱਚ ਵੀ ਅੱਖਾਂ ਫੜ੍ਹ ਕੇ ਬੈਠੀ ਸੀ। ਫੇਰ ਵੀ ਜਦ ਇਕ ਵਾਰ ਪੱਲਾ ਛੁਡਾ ਕੇ ਬੰਦਾ ਉੱਠ ਬੈਠੇ ਤਾਂ ਫੇਰ ਸਭੇ ਕੁਝ

ਫੀਤੀ ਫੀਤੀ। ਲੱਖਾਂ ਚਾਹਵਾਂ ਵਿਚੋਂ ਇਕ ਚਾਹ ਤੈਨੂੰ ਕਿਤਾਬ ਲਿਖਣ ਦੀ ਸੀ।

ਇਕ ਵਾਰੀ ਤਾਂ ਤੇਰੀ ਕਿਤਾਬ ਉੱਤੇ ਐਨੀ ਗੱਲ ਹੋਈ ਪਈ ਅਸਾਂ ਕਿਤਾਬ ਦੇ ਵੱਖੋ ਵੱਖ ਬਾਬ ਬਣਾਏ ਤੇ ਗੱਲ ਮੁੱਕਣ ਉੱਤੇ ਫਿਰੇ। ਇੰਜ ਉੱਠੇ ਜਿਵੇਂ ਕਿਤਾਬ ਤਾਂ ਲਖੀਜੀ ਗਈ ਏ ਬਸ ਇਹਨੂੰ ਛਾਪੇ ਚਾੜ੍ਹਨਾ, ਪੜ੍ਹਨਾ ਤੇ ਮੁੜ ਅੱਗੇ ਵਰਤਾਣਾ ਏ। ਫੇਰ ਕਿੰਜ ਦੀ ਵੀ ਗੱਲ ਹੋਵੇ, ਕਿਤਾਬ ਦੀ ਗੱਲ ਵਿਚ ਆ ਈ ਜਾਂਦੀ। ਕਈ ਵਾਰ ਇੰਜ ਹੋਣਾ ਕਿ ਅਸਾਂ ਕਿਤਾਬ ਦੀ ਕੋਈ ਗੱਲ ਵੀ ਨਾ ਕਰਨੀ ਪਰ ਸਾਨੂੰ ਚੇਤੇ ਹੋਣਾ ਕਿ ਇਹ ਗੱਲ ਸਾਡੀ ਗੱਲ ਵਿਚ ਸੀ ਤੇ ਕਈ ਵਾਰ ਸੈਨਤ ਈ ਹੋਣੀ ਤੇ ਸਾਰਿਆਂ ਸਮਝ ਜਾਣਾ ਪਈ ਗੱਲ ਕੀਹਦੀ ਹੁੰਦੀ ਪਈ ਹੈ।

ਨਾਲੇ ਤੇਰੀ ਸਿਹਾਣ ਹੀ ਇਹ ਕਿਤਾਬ ਸੀ। ਐਵੇਂ ਕਿਸੇ ਕੁਝ ਚਿਰ ਮਗਰੋਂ ਮਿਲਣਾ ਤੇ ਪੁੱਛਣਾ, 'ਹਾਂ ਭਈ ਕਿਥੋਂ ਤੀਕਰ ਅਪੜੀ ਏ ?' ਤੇ ਤੂੰ ਲਾਟੂ ਵਾਂਗ ਸ਼ੁਰੂ ਹੋ ਜਾਣਾ। ਅਗਲੇ ਇਕ ਭੇਤੀ ਹਾਸੇ ਨਾਲ ਤੇਰੀ ਗੱਲ ਨੂੰ ਸੁਣਨ ਲੱਗ ਪੈਣਾ ਪਰ ਤੇਰੀ ਗੱਲ ਵਿਚ ਐਨਾ ਸਿਦਕ ਸਫਾ ਹੋਣਾ ਕਿ ਅਗਲੇ ਇਕ ਹੈਰਾਨੀ ਨਾਲ ਚੁੱਪ ਹੋ ਜਾਣਾ ਤੇ ਯਕੀਨ ਬੱਝਣ ਲੱਗ ਪੈਣਾ। ਅਸੀਂ ਫੁੱਟਪਾਥ ਉੱਤੇ ਬੈਠੇ ਸਾਂ ਤੇ ਸੜਕਾਂ ਉੱਤੋਂ ਹੋਰ ਈ ਖ਼ਲਕਤ ਲੰਘਦੀ ਰਹੀ। ਉੱਕਾ ਅਣਜਾਣੀ ਬੇਖ਼ਬਰੀ ਖ਼ਲਕਤ। ਹੁਣ ਤਾਂ ਫੁਟਪਾਥ ਮੁੱਕ ਗਏ ਹਨ ਤੇ ਸੜਕਾਂ ਸੌੜੀਆਂ ਪਰ ਉਦੋਂ ਕਿਤਾਬ ਦਾ ਸੀ ਤੇ ਆਪਣੇ ਹੋਵਣ ਦਾ।

ਇੰਜ ਵੀ ਹੁੰਦਾ ਕਿ ਸਾਨੂੰ ਕਈ ਵਾਰ ਲੱਗਣਾ ਜਿਵੇਂ ਸਾਰੀ ਗੱਲ ਕਿਤਾਬ ਦੀ ਹੀ ਏ। ਤੇ ਲੱਗਣਾ ਪਈ ਇਹ ਤਾਂ ਬਹੁਤ ਨਿੱਕੀ ਜਿਹੀ ਗੱਲ ਏ। ਨਿਰੀ ਇਕ ਕਿਤਾਬ। ਇਕ ਕਿਤਾਬ ਕੀ ਕਰ ਸਕਦੀ ਹੈ ? ਇਕ ਕਿਤਾਬ ਕਿੰਨਾ ਕੁਝ ਬਦਲ ਸਕਦੀ ਏ ? ਨਾਲੇ ਰੁੱਖਾਂ ਬਾਰੇ ਕਿਤਾਬ। ਪਰ ਤੂੰ ਕਹਿਣਾ, ਅੱਜ ਤੋੜੀ ਕਿਸੇ ਇਹ ਕਿਤਾਬ ਨਹੀਂ ਲਿਖੀ। ਲੱਖਾਂ ਹਜ਼ਾਰਾਂ ਵਰ੍ਹੇ ਹੋਏ ਕਿਸੇ ਇਹ ਕਿਤਾਬ ਲਿਖਣ ਦਾ ਨਾ ਸੋਚਿਆ। ਕਿਸੇ ਤਾਂ ਇਹ ਕਿਤਾਬ ਲਿਖਣੀ ਸੀ। ਕਿਸੇ ਤਾਂ ਇਹ ਕਿਤਾਬ ਲਿਖਣੀ ਹੈ। ਕਦੇ ਨਾ ਕਦੇ ਤਾਂ ਇਹ ਕਿਤਾਬ ਲਿਖਣੀ ਪਵਸੀ। ਅਸੀਂ ਯਕੀਨ ਦੇ ਬੱਧਿਆਂ ਫੁੱਟਪਾਥਾਂ ਉੱਤੇ ਸ਼ਾਮਾਂ ਰਾਤਾਂ ਕਰਨੀਆਂ। ਸਾਡੇ ਕੋਲ ਹੋਰ ਕੀ ਸੀ ਇਕ ਕਿਤਾਬ ਤੋਂ ਅੱਡ।

ਫੇਰ ਹੌਲੀ ਹੌਲੀ ਕਿਤਾਬ ਦੀ ਗੱਲ ਵਿਸਰਨ ਲੱਗ ਪਈ। ਇਕ ਦਿਨ ਐਵੇਂ ਤੂੰ ਗੱਲਾਂ ਵਿਚ ਦੱਸਿਆ ਕਿ ਵੇਲਾ ਐਨਾ ਬਦਲ ਗਿਆ ਏ ਕਿ ਤੈਨੂੰ ਜਾਪਦਾ ਏ ਜਿਹੜੇ ਨੋਟਿਸ ਤੂੰ ਕਿਤਾਬ ਲਿਖਣ ਬਾਰੇ ਲਏ ਸਨ ਉਹ ਪੁਰਾਣੇ ਹੋ ਗਏ ਸਨ। ਤੂੰ ਆਖਿਆ, ਹੁਣ ਗੱਲ ਨੂੰ ਮੁੜ ਕੇ ਵੇਖਣਾ ਪੈਣਾ। ਕਿਉਂਕਿ ਜਿਹੜੇ ਵਿਚਾਰ ਤੂੰ ਜੋੜੇ ਸਨ ਤੇ ਜਿਹੜੀ ਵਿਚਾਰਧਾਰਾ ਹੇਠ ਤੂੰ ਲਿਖਣ ਦਾ ਮਿਥਿਆ ਉਹ ਵਿਚਾਰ ਈ ਹੁਣ ਉਂਜ ਦੇ ਨਹੀਂ ਰਹੇ। ਪਰ ਕਿਸੇ ਨੂੰ ਅਚੰਭਾ ਨਾ ਹੋਇਆ, ਨਾ ਵਿਚਾਰ ਬਦਲਣ ਦਾ, ਨਾ ਵੇਲਾ ਬਦਲਣ ਦਾ।

ਪਰ ਹੁਣ ਗੱਲਾਂ ਵੀ ਬਦਲਣ ਲੱਗ ਪਈਆਂ ਸਨ। ਇਕ ਰਾਤ ਫੁਟਪਾਥ ਉੱਤੇ ਅਸੀਂ ਦੋ ਚਾਰ ਬੰਦੇ ਈ ਰਹਿ ਗਏ। ਕਿਸੇ ਆਖਿਆ ਘਰ ਨਾ ਚਲੀਏ ? ਹੁਣ ਸੌਂ ਨਾ ਜਾਈਏ ? ਸਾਰੇ ਤਾਂ ਟੁਰ ਗਏ ਹਨ। ਪਰ ਮੈਨੂੰ ਲੱਗਾ ਇਹ ਤਾਂ ਕੋਈ ਗੱਲ ਨਾ ਹੋਈ। ਹੋਇਆ ਹਵਾਇਆ ਤਾਂ ਕੁਝ ਵੀ ਨਹੀਂ। ਸੜਕ ਤੇ ਫੁਟਪਾਥ ਵਿਚਕਾਰ ਕੰਧ ਕਿਰਣ ਲੱਗ ਪਈ। ਸੁਫ਼ਨੇ ਸੁੱਕੇ ਪੱਤਰਾਂ ਹਾਰ ਹੱਥ ਵਿਚ ਰਹਿ ਗਏ ਸਨ। ਨਵਿਆਂ ਪੱਤਰਾਂ ਦੀ



ਗੱਲ ਤਾਂ ਵਿਚੇ ਰਹਿ ਗਈ।

'ਤੂੰ ਝੱਲਾ ਹੋ ਗਿਆ ਏਂ। ਅਸਲ ਫੁਟਪਾਥ ਨਹੀਂ ਸੜਕ ਏ। ਤੂੰ ਲਾਂਭੇ ਹੋ ਕੇ ਕਿੰਨਾ ਚਿਰ ਬਹਿ ਸਕਣਾ ਏਂ ?'

'ਪਰ ਮੈਨੂੰ ਤੇ ਇਹ ਡੈਣ ਲਗਦੀ ਏ। ਪਿਛਲ ਪੈਰੀਂ। ਮੈਂ ਕਿਵੇਂ ਵਗਾਂ।'

ਫੇਰ ਵੀ ਅਸੀਂ ਮਿਲਦੇ ਰਹੇ ਭਾਵੇਂ ਫੁਟਪਾਥ ਉੱਤੇ ਨਹੀਂ। ਹੋਰ ਹੋਰ ਥਾਵਾਂ ਉੱਤੇ ਤੇ ਫੁਟਪਾਥ ਦੀਆਂ ਕਹਾਣੀਆਂ ਕਰਦੇ ਰਹੇ। ਇਕ ਦਿਨ ਤੂੰ ਦੱਸਿਆ ਕਿ ਅਸਲ ਮਸਲਾ ਕੀ ਏ ਤੇ ਏਸ ਵਿਚ ਕਿਤਾਬ ਦਾ ਕਿ ਜ਼ਿਕਰ ਨਹੀਂ ਸੀ। ਫੇਰ ਕਿਤਾਬ ਦੀ ਗੱਲ ਉੱਕਾ ਮੁੱਕ ਗਈ। ਜਿਵੇਂ ਕਿਤਾਬ ਦੀ ਗੱਲ ਤਾਂ ਕਦੀ ਵੀ ਨਹੀਂ ਜਾਂ ਅਸਲੋਂ ਇਹ ਗੱਲ ਤਾਂ ਹੋਈ ਈ ਨਹੀਂ। ਬਸ ਕਦੀ ਕਦੀ ਇੰਜ ਹੋਣਾ ਕਿ ਸਾਦਕ ਗੱਲ ਮੁੱਕ ਜਾਣੀ। ਕਿੰਨੀ ਦੇਰ ਅਸੀਂ ਚੁੱਪ ਬੈਠੇ ਰਹਿਣਾ ਤੇ ਤੂੰ ਹੌਲੀ ਜਿਹੀ ਹਉਕਾ ਭਰ ਕੇ ਆਖਣਾ—

'ਹਾਂ...।' ਪਰ ਚੁੱਪ ਟੁੱਟਣੀ ਨਾ।

ਫੇਰ ਬਹੁਤ ਚਿਰ ਮਗਰੋਂ ਤੇਰਾ ਫ਼ੋਨ ਆਇਆ। ਤੂੰ ਘਰ ਬਦਲ ਲਿਆ ਸੀ ਤੇ ਨਵਾਂ ਅਜੇ ਮੈਂ ਡਿੱਠਾ ਨਹੀਂ ਸੀ। ਕਿਥੇ ਗਾਇਬ ਹੋ ਜਾਵਣ ਦੀਆਂ ਗੱਲਾਂ ਤੋਂ ਪਿੱਛੋਂ, ਤੂੰ ਮੌਸਮ ਦੀ ਗੱਲ ਛੇੜ ਦਿੱਤੀ।

'ਬਾਹਰ ਨਿਕਲ ਕੇ ਵੇਖ ਕਿਹੋ ਜਿਹੀ ਹਵਾ ਪਈ ਵਗਦੀ ਏ ? ਤੂੰ ਘਰੇ ਸੁੱਤਾ ਪਿਆ ਏਂ।'

ਹਵਾ ਦੀ ਗੱਲ ਤੋਂ ਮੈਨੂੰ ਮੁੜ ਤੇਰੀ ਗੱਲ ਵਿਚ ਪੁਰਾਣੀ ਖ਼ੁਸ਼ਬੋਈ ਆਈ ਤੇ ਮੈਂ ਪੰਘਰ ਗਿਆ। ਪਰ ਇਹ ਮੇਰਾ ਭੁਲੇਖਾ ਸੀ। ਹੁਣ ਤੈਨੂੰ ਮਿਲਣਾ ਪਿੱਛੇ ਵੇਲੇ ਵਿਚ ਜਾ ਕੇ ਮਿਲਣ ਵਾਲੀ ਗੱਲ ਸੀ। ਅੱਜ ਵਿਚ ਕੁਝ ਵੀ ਨਹੀਂ ਸੀ।

ਮੈਂ ਤੈਨੂੰ ਵੇਖਾਂ ਤੇ ਸੋਚਾਂ ਪਈ ਇਕ ਬੰਦੇ ਅੰਦਰ ਕਿੰਨੇ ਦਰਿਆ ਸੁੱਕ ਜਾਂਦੇ ਹਨ। ਵਹਿਣ ਦੇ ਨਿਸ਼ਾਨ ਵੀ ਨਹੀਂ ਰਹਿੰਦੇ। ਮੇਰਾ ਦਿਲ ਕਰੇ ਪਈ ਤੈਨੂੰ ਖੁਰਚ ਖੁਰਚ ਵੇਖਾਂ ਪਈ ਅਸਲ ਕੀ ਏ ? ਧੁਰ ਅੰਦਰ ਕੀ ਏ ? ਪਿੱਛੇ ਕੀ ਏ ? ਫੇਰ ਇਕ ਦਿਨ ਤੂੰ 'ਹਾਂ' ਵੀ ਨਾ ਆਖੀ। ਚੁੱਪ ਬਹੁਤ ਲੰਮੀ ਹੋ ਗਈ ਸੀ। ਕਈ ਵਰ੍ਹੇ ਏਸ ਚੁੱਪ ਵਿਚ ਲੰਘ ਗਏ। ਅਸੀਂ ਕਿਥੇ ਗਾਇਬ ਹੋ ਗਏ ਸਾਂ। ਬਾਲਾਂ ਦੀਆਂ ਕਹਾਣੀਆਂ ਦੇ ਜਾਦੂਈ ਪਾਤਰਾਂ ਵਾਂਗ, ਜਿਹੜੇ ਕਿਸੇ ਅਟਕਲ, ਗੁਰ ਜਾਂ ਆਹਰ ਨਾਲ ਈ ਵੇਖੇ ਤੇ ਨਜਿੱਠੇ ਜਾ ਸਕਦੇ ਹਨ। ਛੱਤ ਉੱਤੇ ਬਲਦੀ ਇਕੱਲੀ ਟਿਊਬ ਲਾਈਟ ਹੇਠ ਮੈਨੂੰ ਜਾਪਿਆ ਕਿ ਤੂੰ ਨਹੀਂ ਏ, ਬਸ ਤੇਰੀ ਯਾਦ ਏ ਕਿ ਤੂੰ ਏਥੇ ਬੈਠਾ ਸੀ। ਫੇਰ ਮੈਂ ਉਸ ਖ਼ਾਲੀ ਥਾਂ ਤੋਂ ਉੱਠ ਆਇਆ।

ਪਰ ਵਿਚ ਵਿਚ ਮੈਂ ਕਈ ਵਾਰ ਉਸ ਖ਼ਾਲੀ ਥਾਂ ਉੱਤੇ ਜਾ ਕੇ ਤੈਨੂੰ ਉਡੀਕਦਾ ਆਂ। ਫੇਰ ਲਗਦਾ ਏ ਇਕ ਖ਼ਾਲੀ ਥਾਂ ਉੱਤੇ ਕੋਈ ਕਿਸੇ ਨੂੰ ਕਿੰਨਾ ਚਿਰ ਉਡੀਕ ਸਕਦਾ ਏ ?

## ਬੂਹਾ ਖੁੱਲ੍ਹਾ ਏ

ਪਹਿਲੇ ਸੁਫ਼ਨਾ...

ਉਹੋ ਪੁਰਾਣਾ ਘਰ ਏ, ਕ੍ਰਿਸ਼ਨ ਨਗਰ ਵਾਲਾ ਸਾਡਾ।

ਸਾਰੀ ਉਮਰ ਏਸੇ ਘਰ ਦੇ ਸੁਫ਼ਨੇ ਕਦ ਤਕ ਆਉਂਦੇ ਰਹਿਣੇ ਨੇ ?

ਉਹੋ ਨਿੱਕਾ ਪੁਰਾਣਾ ਕਮਰਾ ਮੇਰਾ। ਅੱਧੀ ਰਾਤ। ਮੈਂ ਬੇਦੀ ਦੀ ਕਹਾਣੀਆਂ ਕਿਤਾਬ ਪੜ੍ਹਦਾ ਪਿਆ ਵਾਂ। ਸਾਰੀ ਉਮਰ ਬੇਦੀ ਦੀਆਂ ਕਹਾਣੀਆਂ ਪੜ੍ਹਨ ਦਾ ਚਾਅ ਰਿਹਾ ਏ ਮੈਨੂੰ। ਇਕ ਸਤਰ ਉੱਤੇ ਆ ਕੇ ਖਲੋ ਜਾਣਾਂ—'ਜਦ ਇਕ ਯਾਰ ਨਾਲ ਹੋਈਏ ਤਾਂ ਇਕ ਹੋਰ ਦੀ ਸਿੱਕ ਕਿਉਂ ਰਹਿੰਦੀ ਏ ?' ਮੈਂ ਸੋਚਨਾਂ, ਕੇਡੀ ਸੁਹਣੀ ਗੱਲ ਏ। ਕੀ ਗੱਲ ਕਰ ਗਿਆ ਏ ਬੇਦੀ। ਐਵੇਂ ਗਲੀ ਵਿਚ ਕਿਸੇ ਦੀ ਵਾਜ ਆਉਂਦੀ ਏ ਅਤੇ ਉੱਠ ਕੇ ਬਾਰੀ ਕੋਲ ਜਾਨਾਂ। ਤਿੰਨ ਯਾਰ ਥੱਲੇ ਗਲੀ ਵਿਚ ਖਲੋਤੇ ਨੇ। ਇਕ ਚਾਨਣ ਵਿਚ ਏ। ਵੇਖ ਕੇ ਮੈਨੂੰ ਖਿੜ ਜਾਂਦਾ ਏ। ਦੂਜਾ ਅੱਧ ਹਨੇਰੇ ਅੱਧ ਚਾਨਣ ਵਿਚ ਏ। ਉਹਨੂੰ ਵੀ ਸਿਹਾਣ ਲੈਨਾਂ। ਹੱਥ ਨਾਲ ਐਨਕ ਠੀਕ ਕਰਦਾ ਉਹ ਹੌਲੀ ਜਿਹੇ ਖੰਘੂਰਦਾ ਏ। ਤੀਜਾ ਉੱਕਾ ਹਨੇਰੇ ਵਿਚ ਏ। ਹੁਣ ਟੇਵਾ ਈ ਲਾ ਸਕਨਾ ਪਈ ਉਹ ਕੌਣ ਏ ਤੇ ਟੇਵਾ ਤਾਂ ਟੇਵਾ ਈ ਏ। ਪਹਿਲਾਂ ਜਿਹੜਾ ਵੇਖ ਖਿੜਿਆ ਏ, ਝਬਦੇ ਆਪਣੀ ਪਤਲੀ ਵਾਜ ਵਿਚ ਉੱਚੀ ਸਾਰੀ ਆਂਹਦਾ ਏ—'ਯਾਰ ਉਹ ਆਏ ਸਨ, ਉਹਨਾਂ ਨੂੰ ਸਾਡੀ ਸਿੱਕ ਲੈ ਆਈ, ਉਹ ਚਾਹੁੰਦੇ ਨੇ ਅਸੀਂ ਕੁਝ ਕਰੀਏ।' ਅਜੇ ਮੈਂ ਬੇਦੀ ਦੀ ਗੱਲ ਦੀ ਲੋਰ ਵਿਚ ਆਂ—'ਜਦ ਇਕ ਯਾਰ ਨਾਲ ਹੋਏ ਤਾਂ ਇਕ ਹੋਰ ਦੀ ਸਿੱਕ ਕਿਉਂ ਰਹਿੰਦੀ ਏ ?' ਮੈਂ ਵੀ ਉਹਨੂੰ ਵੇਖ ਖਿੜ ਪੈਨਾਂ। ਬੇਦੀ ਦੀ ਗੱਲ ਦਾ ਸਵਾਦ ਵਿਚੇ ਏ। ਮੈਂ ਆਹਨਾਂ, 'ਲੰਘ ਆ।' ਪਰ ਖਲੋਵੋ, ਤੁਹਾਨੂੰ ਸਾਰਾ ਨਕਸ਼ਾ ਦੱਸ ਦੇਵਾਂ। ਸਾਰੀ ਉਮਰ ਏਸੇ ਸੁਫ਼ਨੇ ਵਿਚ ਈ ਫਸਿਆ ਰਿਹਾ ਵਾਂ ਮੈਂ।

ਇਕ ਮਕਾਨ ਏ ਦੋ ਮੰਜ਼ਲਾ। ਥੱਲੇ ਚਾਚਾ ਰਹਿੰਦਾ ਏ ਤੇ ਅਸੀਂ ਉੱਤੇ। ਉੱਤੇ ਦੋ ਕਮਰੇ ਸਨ। ਜਦ ਘਰ ਵੜੋ ਤਾਂ ਸਾਹਮਣੇ ਡਿਓੜੀ ਸੀ। ਡਿਓੜੀ ਵਿਚੋਂ ਸੱਜੇ, ਨਹੀਂ, ਖੱਬੇ ਹੱਥ ਨਾਲ ਈ ਉੱਤੇ ਨੂੰ ਪੌੜੀਆਂ ਸਨ। ਅੱਠ ਦਸ ਪੌੜੀਆਂ, ਚੜ੍ਹ, ਖੌਰੇ ਕੁਝ ਵਧ। ਨਿੱਕੇ ਹੁੰਦਿਆਂ ਤੋਂ ਈ ਉਹ ਪੌੜੀਆਂ ਚੜ੍ਹਿਆ ਪਰ ਭੁੱਲ ਗਿਆ ਵਾਂ। ਚਲੋ ਆਖ ਲਓ ਦਸ ਬਾਰਾਂ ਪੌੜੀਆਂ। (ਤਕੀ ਕੋਲੋਂ ਪੁਛਸਾਂ ਉਹ ਉਸ ਘਰ ਦਾ ਬੜਾ ਜ਼ਿਕਰ ਕਰਦਾ ਰਹਿੰਦਾ ਏ) ਹਾਂ, ਅੱਠ ਦਸ ਪੌੜੀਆਂ ਚੜ੍ਹ ਖੱਬੇ ਹੱਥ ਈ ਇਕ ਵੱਡੇ ਕਮਰੇ ਦਾ ਬੂਹਾ ਏ। ਮੈਂ ਫੇਰ ਭੁੱਲ ਗਿਆ ਜੇ। ਬੂਹੇ ਬਾਰੀਆਂ ਕੋਈ ਨਹੀਂ। ਹਾਂ, ਚੌਗਾਠਾਂ ਸਨ ਉਸ ਕਮਰੇ ਦੀਆਂ। ਸਾਨੂੰ



ਕੱਢਣ ਮਗਰੋਂ ਸੁਣਿਆ ਪਈ ਚਾਚੇ ਮੁੜ ਮਕਾਨ ਦੀ ਮੁਰੰਮਤ ਕਰਾਈ ਤੇ ਬੂਹੇ ਬਾਰੀਆਂ ਲਾ ਕੇ ਵੇਚ ਦਿੱਤਾ। ਉਸ ਕਮਰੇ ਮਾਂ ਤੇ ਦੂਜੇ ਭਰਾ ਰਹਿੰਦੇ ਸਨ। ਫੇਰ ਅਗਾਂਹ ਲੰਘ ਰਾਹ ਸਾਹਵਾਂ ਹੋ ਜਾਵੇ ਤੇ ਨਾਲ ਈ ਖੱਬੇ ਹੱਥ ਇਕ ਨਿੱਕਾ ਕਮਰਾ ਸੀ ਜਿਹਨੂੰ ਅਸੀਂ 'ਗੈਲਰੀ' ਕਹਿੰਦੇ ਸਾਂ। ਮੇਰਾ ਇਕ ਹੋਰ ਚਾਚਾ ਇਹ ਸੁਣਦਾ ਤੇ ਉਸ ਗੱਲ ਦਾ ਬੜਾ ਸਵਾਦ ਲੈਂਦਾ ਸੀ ਪਰ ਹੁਣ ਤਾਂ ਉਹ ਏਸ ਜਹਾਨੇ ਈ ਨਹੀਂ ਏ।

ਏਹੋ ਕਮਰਾ ਸੀ ਮੇਰਾ। ਹੈ ਤਾਂ ਉਹ ਦੂਜੀ ਮੰਜ਼ਲ ਪਰ ਸੀ ਬਹੁੰ ਨੀਵਾਂ। ਤੁਸੀਂ ਬਾਰੀ ਕੋਲ ਖਲੋ ਬਿਨਾਂ ਔਖਤ ਗਲੀ ਖਲੋਤੇ ਬੰਦੇ ਨਾਲ ਗੱਲ ਕਰ ਲੈਂਦੇ ਸਓ। ਨਾਲ ਬਾਰੀ ਸੀ, ਇਕ ਪੜਛੱਤੀ। ਸਾਰਾ ਪਵਾੜਾ ਈ ਉਸ ਪੜਛੱਤੀ ਦਾ ਏ। ਨਾਲ ਸਾਡੇ ਮਕਾਨ ਦੇ ਸੱਜੇ ਹੱਥ ਇਕ ਪਲਾਟ ਸੀ। ਪਲਾਟ ਤਾਂ ਖ਼ਾਲੀ ਸੀ ਪਰ ਦਵਾਲੇ ਕੰਧ ਵਲੀ ਸੀ। ਹੁਣ ਉਹ ਖ਼ਾਲੀ ਨਹੀਂ ਰਿਹਾ, ਉਥੇ ਤਿੰਨ ਮੰਜ਼ਲੀ ਇਮਾਰਤ ਏ।

ਇਹ ਉਦੋਂ ਦੀ ਗੱਲ ਏ ਜਦੋਂ ਪਲਾਟ ਖ਼ਾਲੀ ਸੀ। ਹੁਣ ਤਾਂ ਉਹ ਗਲੀ ਵੀ ਉਹ ਗਲੀ ਨਹੀਂ ਰਹੀ। ਨਾਲੇ ਇਹ ਤਾਂ ਸੁਫ਼ਨੇ ਦੀ ਗੱਲ ਏ।

ਕਮਰੇ ਦੀ ਬਾਰੀ ਤੋਂ ਤੁਸੀਂ ਗਲੀ ਖਲੋਤੇ ਬੰਦੇ ਨਾਲ ਗੱਲ ਕਰ ਲੈਂਦੇ ਸਓ। ਮੈਂ ਪਹਿਲੇ ਯਾਰ ਨੂੰ ਆਹਨਾਂ, 'ਲੰਘ ਆ।' ਛੇਤੀ ਨਾਲ ਖ਼ਾਲੀ ਪਲਾਟ ਦੀ ਕੰਧ ਉਪਰ ਚੜ੍ਹ ਉਹ ਪੜਛੱਤੀ ਤੋਂ ਚਲਦਾ ਉਸ ਬਾਰੀ ਕੋਲ ਆ ਜਾਂਦਾ ਏ ਜਿਥੇ ਮੈਂ ਖੜ੍ਹਾ ਵਾਂ। ਬਾਰੀ ਟੱਪ ਉਹ ਕਮਰੇ ਆ ਜਾਂਦਾ ਏ। ਹੁਣ ਥੱਲੇ ਬੂਹੇ ਕੋਲ ਦੋ ਯਾਰ ਖੜ੍ਹੇ ਨੇ। ਦੂਜਾ ਜਿਹੜਾ ਕੁਝ ਹਨੇਰੇ ਕੁਝ ਚਾਨਣ ਵਿਚ ਏ, ਹੱਥ ਨਾਲ ਐਨਕ ਠੀਕ ਕਰਦਾ ਹੌਲੀ ਜਿਹੀ ਖੰਘੂਰਦਾ ਏ। ਮਤਲਬ ਪਈ ਥੱਲੇ ਆ ਕੇ ਬੂਹਾ ਖੋਲ੍ਹ। ਮੈਂ ਕੰਧ ਚੜ੍ਹ ਪੜਛੱਤੀ ਤੋਂ ਨਹੀਂ ਆ ਸਕਦਾ। ਮੈਨੂੰ ਵੀ ਏਹੋ ਡਰ ਸੀ। ਸਾਰੀ ਉਮਰ ਏਸੇ ਤੋਂ ਡਰਿਆ ਤੇ ਸੁਫ਼ਨੇ ਵਿਚ ਵੀ ਡਰ ਗਿਆ। ਪਰ ਬੂਹਾ ਕੌਣ ਖੋਲ੍ਹੇ ? ਥੱਲੇ ਚਾਚਾ ਰਹਿੰਦਾ ਸੀ।

ਬਾਲਪਨ ਤੋਂ ਏਸ ਚਾਚੇ ਦੇ ਡਰ ਹੇਠ ਰਹੇ। ਉੱਤੇ ਅਸੀਂ ਰਹਿਣਾ ਤੇ ਡਰ ਡਰ ਕੇ। ਐਵੇਂ ਕੋਈ ਸ਼ੈਅ ਡਿੱਗ ਪੈਣੀ ਤੇ ਹੇਠੋਂ ਵਾਜ ਆਉਣੀ, 'ਅਰਮਾਨ ਨਾਲ ਨਹੀਂ ਰਿਹਾ ਜਾਂਦਾ ਕੁੱਤਿਓ ? ਕੀ ਖੱਪ ਪਾਈ ਰੱਖਦੇ ਓ ? ਨਾਲੇ ਰਹਿਣ ਨੂੰ ਥਾਂ ਦਿੱਤੀ ਏ, ਉਤੋਂ ਮਸ਼ਕਰੀਆਂ ਕਰਦੇ ਓ।' ਬਾਲਪਨ ਤੋਂ ਵੱਡੇ ਹੋਵਣ ਤਕ ਇਹ ਡਰ ਪੌੜੀਆਂ ਚੜ੍ਹਦਾ, ਸਾਡੇ ਸਰੀਰ ਤੇ ਸਾਹ, ਰੱਤ ਤੇ ਦਿਮਾਗ, ਰੂਹ ਤੇ ਮੁਹਾਂਦਰੇ ਚੜ੍ਹਦਿਆਂ ਪੱਕਾ ਹੋ ਗਿਆ। ਇੱਕੀ ਵਰ੍ਹੇ ਸਾਡੇ ਉੱਤੇ ਅੱਡੀ ਰੱਖ ਖਲੋਤਾ ਰਿਹਾ। ਸਹਿਮ ਸਾਡਾ ਨਕਸ਼ ਸੀ ਤੇ ਡਰ ਹਯਾਤੀ। ਹੁਣ ਬੂਹਾ ਕੌਣ ਖੋਲ੍ਹੇ ? ਮੈਂ ਭਰਾਵਾਂ ਵਿਚੋਂ ਵੱਡਾ ਸਾਂ। ਬਹੁਤਾ ਡਰ ਮੇਰੇ ਹਿੱਸੇ ਆਇਆ। ਇਕ ਉਮਰ ਇਸ ਨਾਲ ਲੜਿਆ ਵਾਂ। ਰੂਹ ਬੜਾ ਕਰਦਾ ਏ ਥੱਲੇ ਜਾ ਕੇ ਬੂਹਾ ਖੋਲ੍ਹਾਂ। ਸਾਰੀ ਉਮਰ ਬੰਦ ਬੂਹੇ ਖੋਲ੍ਹਣ ਦਾ ਚਾਅ ਰਿਹਾ ਏ। ਹੁਣ ਵੱਡਾ ਹੋ ਗਿਆ ਵਾਂ। ਡਰ ਵੀ ਘਟ ਗਿਆ ਏ ਪਰ ਮੁੱਕਿਆ ਤਾਂ ਨਹੀਂ। ਖ਼ੌਰੇ ਯਾਰਾਂ ਨੂੰ ਸਾਰ ਹੋਈ ਜਾਂ ਨਾ। ਉਹ ਜਿਹੜੇ ਗਲੀ ਖਲੋਤੇ ਨੇ, ਤੇ ਉਹ ਵੀ ਜਿਹੜੇ ਕੰਧ ਚੜ੍ਹ ਪੜਛੱਤੀ ਤੋਂ ਬਾਰੀ ਰਾਹੀਂ ਅੰਦਰ ਕਮਰੇ ਲੰਘ ਆਏ।

ਹੁਣ ਥੱਲੇ ਬੂਹੇ ਕੋਲ ਦੋ ਯਾਰ ਖਲੋਤੇ ਨੇ। ਡਰਨਾ ਵਾਂ ਕਿਵੇਂ ਜਾ ਕੇ ਬੂਹਾ ਖੋਲ੍ਹਾਂ ? ਬੇਦੀ ਦੀ ਗੱਲ ਫੇਰ ਚੇਤੇ ਆਉਂਦੀ ਏ, 'ਜਦੋਂ ਇਕ ਯਾਰ ਨਾਲ ਹੋਵੇ ਤਾਂ ਇਕ ਹੋਰ ਦੀ

ਸਿੱਕ ਕਿਉਂ ਰਹਿੰਦੀ ਏ ?' ਬੇਦੀ ਤੀਜੇ ਬੰਦੇ ਦੀ ਸਿੱਕ ਵੀ ਆਖ ਸਕਦਾ ਸੀ। ਪਰ ਅਸਲੋਂ ਬੇਦੀ ਨੇ ਇਹ ਗੱਲ ਕਿਤੇ ਨਹੀਂ ਕੀਤੀ। ਇਹ ਤਾਂ ਨਿਰੀ ਸੁਫ਼ਨੇ ਦੀ ਗੱਲ ਏ। ਜਦ ਤੁਸੀਂ ਬੂਹਾ ਖੋਲ੍ਹ ਨਹੀਂ ਸਕਦੇ। ਉਹ ਬੂਹੇ ਰਾਹੀਂ ਹੀ ਕਿਉਂ ਆਉਣਾ ਚਾਹੁੰਦਾ ਏ ? ਉਹ ਕੰਧ ਚੜ੍ਹ ਉੱਤੇ ਪੜਛੱਤੀ ਰਾਹੀਂ ਕਿਉਂ ਨਹੀਂ ਆ ਜਾਂਦਾ ? ਮੈਂ ਬਾਰੀ ਵਿਚ ਖਲੋਤਾ ਉਹਨੂੰ ਇਕ ਦੋ ਵਾਰ ਸੱਦਦਾ ਵੀ ਆਂ, ਪਰ ਉਹ ਕੋਈ ਜੁਆਬ ਨਹੀਂ ਦਿੰਦਾ। ਸੁਭਾਅ ਵੀ ਉਹਦਾ ਇੰਜ ਦਾ ਏ। ਮੈਨੂੰ ਪਤਾ ਏ ਉਹ ਸਾਰੀ ਉਮਰ ਥੱਲੇ ਬੂਹੇ ਕੋਲ ਖਲੋਤਾ ਰਹਿਸੀ ਤੇ ਮੈਂ ਉੱਤੇ ਬਾਰੀ ਕੋਲ। ਜਿਹੜਾ ਲੰਘ ਆਇਆ ਏ ਉਹ ਆਪਣੇ ਸਦਾ ਦੇ ਢੰਗ ਨਾਲ ਛਿੱਥਾ ਪੈ ਆਂਹਦਾ ਏ, 'ਲੰਘ ਆ, ਕੀ ਏ ਤੈਨੂੰ ?' ਮੈਂ ਬਾਰੀ ਕੋਲ 'ਕੱਲਾ ਆਂ। ਉਹ ਥੱਲੇ ਖਲੋਤਾ ਏ। ਬੂਹੇ ਨਾਲ ਹਨੇਰੇ ਇਕ ਹੋਰ ਯਾਰ ਵੀ ਏ। ਸਦਾ ਦਾ ਆਪਣਾ ਸਰੀਰ ਲੁਕਾਉਂਦਾ, ਪਿੱਛੇ ਪਿੱਛੇ ਰਹਿੰਦਾ। ਡਰ ? ਨਹੀਂ ਨਹੀਂ। ਮੈਂ ਚਾਚੇ ਬਾਰੇ ਸੋਚਨਾ ਵਾਂ। ਇਕਦਮ ਮੈਨੂੰ ਲੱਗਦਾ ਏ ਪਈ ਕੋਈ ਗੱਲ ਨਹੀਂ। ਮੈਂ ਥੱਲੇ ਜਾ ਕੇ ਬੂਹਾ ਖੋਲ੍ਹ ਸਕਨਾ ਵਾਂ। ਮੈਨੂੰ ਜਾਪਦਾ ਏ ਯਾਰਾਂ ਨੂੰ ਮਿਲਣ ਦੀ ਸਿੱਕ ਡਰ ਤੋਂ ਵਧੇਰੀ ਏ, ਇਹੋ ਸਿੱਕ ਡਰ ਤੋਂ ਵੀ ਭਓ ਖਾਂਦੀ ਏ। ਮੇਰਾ ਸਾਰਾ ਭਓ ਮੁੱਕ ਜਾਂਦਾ ਏ। ਅਚਨਚੇਤ ਮੇਰੀ ਅੱਖ ਖੁੱਲ੍ਹ ਜਾਂਦੀ ਏ। ਕਾਵਾਂ ਕੁਕਾਰਾ ਘੱਤਿਆ ਹੋਇਆ ਏ। ਅੱਖਾਂ ਸਾਹਮਣੇ ਪੁਰਾਣੇ ਮੁਹੱਲੇ ਦੀ ਮੂਰਤ ਘੁੰਮ ਜਾਂਦੀ ਏ। ਇੱਕੀ ਵਰ੍ਹੇ ਹੋਏ ਅਸੀਂ ਉਹ ਘਰ ਤੇ ਮੁਹੱਲਾ ਛੱਡ ਆਏ ਹੋਏ ਆਂ।

ਸਵੇਰ ਏ। ਤਾਕੀ ਰਾਹੀਂ ਨਿੰਮਾ ਨਿੰਮਾ ਚਾਨਣ ਕਮਰੇ ਅੰਦਰ ਆਉਂਦਾ ਪਿਆ ਏ। ਜਾਪਿਆ ਜਿਵੇਂ ਡਰ ਪੌੜੀਆਂ ਲਹਿ ਗਿਆ ਹੋਵੇ ਤੇ ਸਿੱਕ ਪੌੜੀਆਂ ਚੜ੍ਹ ਗਈ ਹੋਵੇ। ਜਿਵੇਂ ਕਾਵਾਂ ਦੇ ਕੁਕਾਰੇ ਵਿਚ ਮਲਕੜੇ ਜਿਹੀ ਚਿੜੀਆਂ ਦੀ ਵਾਜ ਹੌਲੀ ਹੌਲੀ ਕੁਕਾਰੇ ਉੱਤੇ ਚੜ੍ਹ ਬੈਠੀ ਹੋਵੇ। ਮੈਂ ਕਮਰਿਓਂ ਬਾਹਰ ਨਿਕਲ ਵੇਖਦਾਂ, ਬੂਹਾ ਤਾਂ ਖੁੱਲ੍ਹਾ ਏ, ਤੁਸੀਂ ਲੰਘ ਆਓ।



## ਨਿਰੀ ਇਕ ਵਾਜ ਲਈ

ਪੰਜੀ ਸਤਾਈ ਵਰ੍ਹਿਆਂ ਪਿੱਛੋਂ ਉਹਦੀ ਵਾਜ ਸੁਣੀ। ਉਂਜੇ ਸਾਹਵਾਂ ਤੇ ਕੰਨਾਂ ਵਿਚ ਰਸ ਘੋਲਦੀ। ਕੋਸੇ ਸਾਹ ਵਰਗੀ ਟਕੋਰ ਕਰਦੀ। ਮੇਰੀ ਵਹੁਟੀ ਦੱਸਿਆ ਕੋਈ ਜ਼ਨਾਨੀ ਫ਼ੋਨ ਉੱਤੇ ਗੱਲ ਕਰਨਾ ਚਾਹੁੰਦੀ ਏ। ਉਹ ਆਪਣੀ ਉਹੋ ਵਾਜ ਨਾਲ ਬੋਲਦੀ ਪਈ ਸੀ, ਜਿਸ ਉੱਤੇ ਇਕ ਵੇਲੇ ਅਸੀਂ ਸਾਰੇ ਆਸ਼ਕ ਸਾਂ।

'ਵੇਖ ਲੱਭ ਈ ਲਿਆ ਨਾ ਮੈਂ ਤੈਨੂੰ। ਬੁਝ ਕੌਣ ਆਂ ਮੈਂ ਭਲਾ ?'

'ਤੁਹਾਡੀ ਵਾਜ।' ਮੈਂ ਚੇਤੇ ਦੀ ਪੁੱਠੀ ਤਾਰੀ ਤਰਦਾ ਅਚੇਤ ਥੱਲੇ ਨੂੰ ਖੁਰਚਦਾ ਅਟੱਕ ਕੇ ਮਸਾਂ ਇਕ ਦੋ ਲਫ਼ਜ਼ ਈ ਆਖ ਸਕਿਆ।

'ਮੈਂ ਇਹ...ਵਾਜ।'

'ਮਾਂ ਜੀ ਤਾਂ ਮਿਲਦੇ ਰਹਿੰਦੇ ਨੇ। ਹਜ਼ਰਤ ਸਾਹਿਬ ਦੇ ਉਰਸ ਉੱਤੇ ਸਾਲ ਪਿੱਛੋਂ। ਤੁਹੀਓਂ ਕਦੇ ਨਹੀਂ ਆਇਆ। ਵੱਡਾ ਬੰਦਾ ਹੋ ਗਿਆ ਏਂ ਨਾ...ਪ੍ਰੋਫ਼ੈਸਰ ਬਣ ਗਿਆ ਏਂ।'

'ਨਹੀਂ ਇਹ ਗੱਲ ਨਹੀਂ। ਪੁਰਾਣਾ ਮੁਹੱਲਾ ਤੇ ਛੱਡ ਦਿੱਤਾ ਹੋਇਆ ਏ ਅਸਾਂ। ਪਤਾ ਈ ਏ ਤੁਹਾਨੂੰ ਕਿ...?'

'ਫੇਰ ਵੀ ਬੰਦਾ ਮਿਲ ਈ ਲੈਂਦਾ ਏ ਕਦੇ। ਇਫਤਖ਼ਾਰ ਇਕ ਦੋ ਵਾਰ ਮਿਲਿਆ ਏ। ਇੰਜ ਗ਼ਾਇਬ ਹੋਇਆ ਏਂ ਮੁੜ ਤੇਰੀ ਸ਼ਕਲ ਈ ਨਹੀਂ ਵੇਖੀ ਕਦੇ। ਮਾਂ ਜੀ ਦੱਸਦੇ ਰਹਿੰਦੇ ਨੇ ਤੇਰੀ ਵਹੁਟੀ ਤੇ ਬਾਲਾਂ ਦਾ। ਕਦੇ ਲੈ ਕੇ ਆਉਣਾ ਸਾਡੇ ਵੱਲ।'

'ਆਵਾਂਗਾ ਕਦੀ।'

'ਇਕ ਕੰਮ ਆ ਪਿਆ ਏ ਤੇਰੇ ਨਾਲ...ਐਵੇਂ ਛੋਟਾ ਜਿਹਾ ਈ। ਆਪਣੇ ਪੁੱਤਰ ਦਾ, ਕਰੇਂਗਾ ? ਕਾਸ਼ਫ ਕਹਿੰਦਾ ਏ ਤੁਹੀਓਂ ਕਰ ਸਕਦਾ ਏ ਇਹ ਕੰਮ, ਹੋਰ ਕੋਈ ਨਹੀਂ।'

ਉਸ ਛਾਉਣੀ ਵਿਚ ਕੋਠੀ ਦਾ ਨੰਬਰ ਦੱਸਿਆ ਤੇ ਅਗਲੇ ਦਿਨ ਸ਼ਾਮੀਂ ਮੈਂ ਮੋਟਰ ਸਾਇਕਲ ਉੱਤੇ ਉਹਨਾਂ ਦਾ ਘਰ ਲੱਭਦਾ ਪਿਆ ਸਾਂ। ਮਿਸ ਸੁਰਈਆ ਕੋਲ ਪਹਿਲੀ ਤੋਂ ਛੇਵੀਂ ਤਕ ਮੈਂ ਪੜ੍ਹਿਆ। ਮੁੰਡਿਆਂ ਕੁੜੀਆਂ ਲਈ ਉਹ ਸਕੂਲ ਪੰਜਵੀਂ ਤੀਕ ਤੇ ਛੇਵੀਂ ਤੋਂ ਦਸਵੀਂ ਤੀਕ ਨਿਰਾ ਕੁੜੀਆਂ ਲਈ। ਮੈਂ ਐਨਾ ਮਾੜਾ ਤੇ ਭਲਾ ਮਾਣਸ ਜਿਹਾ ਸਾਂ ਪਈ ਮੈਂ ਤੇ ਇਫ਼ੀ ਛੇਵੀਂ ਤੀਕ ਉਸ ਸਕੂਲੇ ਪੜ੍ਹੇ। ਇਫ਼ੀ ਏਸ ਪਾਰੋਂ ਪਈ ਉਹਦੀ ਵੱਡੀ ਭੈਣ ਉਸਤਾਨੀ ਸੀ। ਉਹ ਇਕ ਪ੍ਰਾਈਵੇਟ ਸਕੂਲ ਸੀ। ਜਦੋਂ ਭੁੱਟੋ ਸਰਕਾਰ ਸਕੂਲਾਂ ਨੂੰ ਕੌਮਿਆਇਆ ਬੰਦ ਹੋ ਗਿਆ। ਸਰਕਾਰੀ ਖਾਤਿਆਂ ਵਿਚ ਸਕੂਲ ਹਜ਼ਰਤ ਸਾਹਿਬ ਆਵਣ

ਖੀ ਨਾ ਦਿੱਤਾ ਤੇ ਕੌਮਿਆਏ ਜਾਣ ਦੇ ਡਰ ਪਾਰੋਂ ਈ ਬੰਦ ਕਰ ਦਿੱਤਾ। ਪਰ ਇਹ ਸਾਡੇ ਸਕੂਲ ਛੱਡਣ ਤੋਂ ਕੁਝ ਵਰ੍ਹਿਆਂ ਮਗਰੋਂ ਦੀ ਗੱਲ ਏ। ਆਲ-ਦਵਾਲ ਵਿਚ ਸਕੂਲ ਪੀਰਾਂ ਦਾ ਸਕੂਲ ਅਖਵਾਂਦਾ ਸੀ। ਵੱਡੇ ਹਜ਼ਰਤ ਸਾਹਿਬ ਪੀਰ ਸਨ ਤੇ ਤਵੀਜ਼ ਧਾਗਾ ਕਰਦੇ ਸਨ। ਉਹ ਬਹੁਤ ਘੱਟ ਲੋਕਾਂ ਸਾਹਮਣੇ ਆਉਂਦੇ ਤੇ ਜਿਥੇ ਉਹਨਾਂ ਦੀ ਬੈਠਕ ਸੀ ਉਹਦੇ ਬੂਹੇ ਅਸਾਂ ਰੋਜ਼ ਸਵੇਰੇ ਜੁੱਤੀਆਂ ਦਾ ਢੇਰ ਵੇਖਦੇ।

ਸਕੂਲ ਨਿੱਕੇ ਹਜ਼ਰਤ ਸਾਹਿਬ ਚਲਾਉਂਦੇ ਸਨ। ਕਿੰਨੀ ਈ ਵੱਡਾ ਘਰ ਤੇ ਏਸ ਤੋਂ ਵੀ ਵੱਡਾ ਵਿਹੜਾ ਸੀ, ਸਕੂਲ ਦਾ। ਬਹੁਤੀਆਂ ਜਮਾਤਾਂ ਵਿਹੜੇ ਈ ਹੁੰਦੀਆਂ। ਗਰਮੀਆਂ ਵਿਚ ਰੁੱਖਾਂ ਹੇਠ ਤੇ ਸਿਆਲ ਵਿਚ ਧੁੱਪੇ। ਅਠਵੀਂ ਤੀਕ ਟਾਟ ਤੇ ਨੌਂਵੀਂ ਦਸਵੀਂ ਲਈ ਕਮਰੇ ਤੇ ਡੈਸਕ। ਘਰ ਤੇ ਸਕੂਲ ਵਿਚਕਾਰ ਬਹੁਤੀ ਵਿੱਥ ਨਹੀਂ ਸੀ। ਮੇਰੇ ਦੋਵੇਂ ਨਿੱਕੇ ਭਰਾ ਤੇ ਦੋਵੇਂ ਵੱਡੀਆਂ ਭੈਣਾਂ ਵੀ ਏਸ ਸਕੂਲੋਂ ਈ ਪੜ੍ਹੀਆਂ ਸਨ। ਅਸਲੋਂ ਮੁਹੱਲੇ ਵਿਚ ਉਹੀ ਸਕੂਲ ਸਾਰਿਆਂ ਨੂੰ ਨੇੜੇ ਪੈਂਦਾ ਸੀ।

ਨਿੱਕੇ ਹਜ਼ਰਤ ਸਾਹਿਬ ਸਕੂਲ ਦੇ ਹੈੱਡ ਮਾਸਟਰ ਸਨ ਤੇ ਪੰਜ ਭੈਣਾਂ ਦੇ ਭਰਾ। ਵੱਡੇ ਹਜ਼ਰਤ ਸਾਹਿਬ ਦੇ ਇਕੱਲੇ ਪੁੱਤਰ। ਸਾਡੇ ਵਿੰਹਦਿਆਂ ਵਿੰਹਦਿਆਂ ਵੱਡੀ ਭੈਣ ਤੋਂ ਅੱਡ ਸਾਰੀਆਂ ਭੈਣਾਂ ਦੇ ਵਿਆਹ ਹੋਏ। ਨਿੱਕੇ ਹਜ਼ਰਤ ਪਹਿਲਾਂ ਈ ਦੋ ਵਿਆਹੇ ਸਨ ਤੇ ਉਹਨਾਂ ਦੀ ਵਹੁਟੀ ਵੀ ਜਦ ਵਿਹਲੀ ਹੁੰਦੀ, ਦੋ ਚਾਰ ਪੀਰੀਅਡ ਲੈ ਲੈਂਦੀ। ਪਰ ਜਦੋਂ ਮੈਂ ਪੜ੍ਹਦਾ ਸਾਂ ਕਿਸੇ ਭੈਣ ਦਾ ਵਿਆਹ ਨਹੀਂ ਸੀ ਹੋਇਆ। ਉਹ ਸਾਰੀਆਂ ਈ ਸਾਨੂੰ ਪੜ੍ਹਾਉਂਦੀਆਂ ਸਨ। ਭੈਣਾਂ ਵਿਚੋਂ ਮਿਸ ਸੁਰਈਆ ਸਭ ਤੋਂ ਨਿੱਕੇ ਤੇ ਸਾਡੀ ਉਸਤਾਨੀ ਸਨ। ਮੇਰੇ ਮਾਂ ਜੀ ਵੱਡੇ ਹਜ਼ਰਤ ਸਾਹਿਬ ਕੋਲੋਂ ਤਵੀਜ਼ ਧਾਗਾ ਤੇ ਪਾਣੀ ਦਮ ਕਰਾਉਣ ਜਾਂਦੇ ਸਨ ਤੇ ਹਰ ਵਰ੍ਹੇ ਉਰਸ ਉੱਤੇ ਵੀ। ਇੰਜ ਸਾਡੇ ਘਰ ਦਾ ਸਕੂਲ ਨਾਲ ਦੋਹਰਾ ਸਾਂਗਾ ਸੀ। ਮੈਨੂੰ ਅੱਜ ਵੀ ਚੇਤੇ ਏ ਕਿ ਕੱਚ ਦੇ ਪਿਆਲੇ ਵਿਚ ਕੱਚੀ ਕਲਮ ਨਾਲ ਕੋਈ ਆਇਤ ਜਾਂ ਅਰਬੀ ਵਿਚ ਕੁਝ ਲਿਖਿਆ ਹੁੰਦਾ ਸੀ ਤੇ ਅਸੀਂ ਪਿਆਲੇ ਵਿਚ ਪਾਣੀ ਸਣੇ ਸਿਆਹੀ ਘੋਰ ਕੇ ਪੀ ਜਾਂਦੇ ਸਾਂ।

ਸਕੂਲੇ ਉਰਸ ਹਰ ਵਰ੍ਹੇ ਹੁੰਦਾ ਸੀ। ਇਹ ਉਰਸ ਡੀਗਰ ਦੀ ਨਮਾਜ਼ ਪਿਛੋਂ ਸ਼ੁਰੂ ਹੋਣਾ ਤੇ ਅਗਲੇ ਦਿਨ ਫਜ਼ਰ ਤੀਕ ਰਹਿਣਾ। ਸਗੋਂ ਕਈ ਮੁਰੀਦਾਂ ਰਾਤ ਦੇ ਜਗਰਾਤੇ ਪਾਰੋਂ ਉਥੇ ਈ ਸੌਂ ਜਾਣਾ ਤੇ ਦੁਪਹਿਰਾਂ ਦੀ ਰੋਟੀ ਖਾ ਕੇ ਜਾਣਾ। ਵੱਡੇ ਹਜ਼ਰਤ ਸਾਹਿਬ ਦੇ ਸੌ ਡੇਢ ਸੌ ਮੁਰੀਦ ਹੋਸਨ। ਸਾਰਿਆਂ ਇਕੱਠੇ ਹੋਣਾ। ਦੇਗਾਂ ਚੜ੍ਹਦੀਆਂ ਉਤਰਦੀਆਂ ਰਹਿਣਾ ਤੇ ਟਿਊਬਾਂ ਬਲਦੀਆਂ ਰਹਿਣਾ। ਵਿਹੜੇ ਵਿਚ ਦਰੀਆਂ ਵਿਛਾ ਕੇ ਟੈਂਟ ਲਾਏ ਜਾਣੇ ਤੇ ਕਮਰਿਆਂ ਵਿਚ ਕਿੰਨੀਆਂ ਈ ਜ਼ਨਾਨੀਆਂ ਬੂਹੇ ਦੀਆਂ ਜਾਲ਼ੀਆਂ ਪਿੱਛੋਂ ਕਵਾਲੀਆਂ ਸੁਣਨੀਆਂ। ਉਰਸ ਉੱਤੇ ਸਾਰੀ ਰਾਤ ਕੱਵਾਲੀ ਹੋਣੀ। ਮੁਲਕ ਦੇ ਮਸ਼ਹੂਰ ਕਵਾਲ ਉੱਥੇ ਆਉਂਦੇ ਸਨ। ਉਰਸ ਉੱਤੇ ਜਿਵੇਂ ਇਹ ਵੀ ਸਕੂਲ ਦੀ ਪੜ੍ਹਾਈ ਦਾ ਹਿੱਸਾ ਸੀ ਪਈ ਮੁਰੀਦਾਂ ਨੂੰ ਖਾਵਣ ਵਰਤਾਵਣ ਦਾ ਕੰਮ ਸਕੂਲ ਦੇ ਮੁੰਡਿਆਂ ਕਰਨਾ ਹੁੰਦਾ ਸੀ। ਮੈਂ ਵੀ ਕਈ ਵਰ੍ਹੇ ਓਸ ਉਰਸ ਉੱਤੇ ਸਾਰੀ ਰਾਤ ਜਮਾਤ ਦੇ ਮੁੰਡਿਆਂ ਨਾਲ ਕੱਵਾਲੀਆਂ ਸੁਣਨੀਆਂ ਤੇ ਰੋਟੀ ਵਰਤਾਈ। ਉਸ ਉਰਸ ਉੱਤੇ ਸਾਨੂੰ ਕਈ ਲਾਭ ਹੋਣੇ। ਇਕ ਤਾਂ ਸਮਝੋ ਪੂਰੇ ਹਫ਼ਤੇ ਸਕੂਲ ਤੋਂ ਛੁੱਟੀਆਂ ਹੋ ਜਾਣੀਆਂ। ਸਗੋਂ ਉਰਸ ਤੋਂ ਇਕ ਦੋ ਹਫ਼ਤੇ ਪਹਿਲਾਂ ਈ ਪੜ੍ਹਾਈ



ਮੱਠੀ ਪੈ ਜਾਣੀ ਤੇ ਐਵੇਂ ਢਿੱਲ ਜਿਹੀ ਆ ਜਾਣੀ। ਕਈ ਪੀਰੀਅਡ ਖ਼ਾਲੀ ਲੰਘ ਜਾਣੇ ਤੇ ਸਾਨੂੰ ਅੰਦਰੋਂ ਅੰਦਰੀਂ ਆਉਣ ਵਾਲੇ ਉਰਸ ਦੀ ਖ਼ੁਸ਼ਬੂ ਪਾਰੋਂ ਚਾਅ ਚੜ੍ਹਨ ਲੱਗ ਪੈਣੇ। ਸਾਰੇ ਵਰ੍ਹੇ ਅਸਾਂ ਈਦ ਦੀਆਂ ਛੁੱਟੀਆਂ ਵਾਂਗ ਉਰਸ ਦੀ ਵੀ ਉਡੀਕ ਕਰਦੇ ਸਾਂ।

ਸਾਰੀ ਸਾਰੀ ਰਾਤ ਮੁਰੀਦਾਂ ਕਵਾਲੀਆਂ ਸੁਣਨੀਆਂ ਤੇ ਵੇਲਾਂ ਸੁੱਟਣੀਆਂ। ਬਹੁਤੀਆਂ ਵੇਲਾਂ ਨਿੱਕੇ ਹਜ਼ਰਤ ਸਾਹਿਬ ਉੱਤੇ ਈ ਵਾਰੀਆਂ ਜਾਂਦੀਆਂ। ਨੋਟਾਂ ਦੇ ਢੇਰ ਲੱਗ ਜਾਣੇ। ਫਜ਼ਰ ਤੋਂ ਕੁਝ ਚਿਰ ਪਹਿਲਾਂ ਈ ਨਿੱਕੇ ਹਜ਼ਰਤ ਸਾਹਿਬ ਨੂੰ ਹਾਲ ਚੜ੍ਹਦਾ ਸੀ ਤੇ ਉਹਨਾਂ ਹੱਦੋਂ ਬਾਹਰ ਹੋ ਜਾਣਾ। ਚਾਰ ਪੰਜ ਬੰਦਿਆਂ ਮਸਾਂ ਉਹਨਾਂ ਨੂੰ ਸਾਂਭਣਾ। ਉਹਨਾਂ ਜ਼ੋਰ ਨਾਲ ਜ਼ਮੀਨ ਉੱਤੇ ਹੱਥ ਮਾਰਨੇ ਤੇ ਸਿਰ ਨੂੰ ਐਨੇ ਜੋਸ਼ ਨਾਲ ਘੁਮਾਂਦੇ ਸਨ ਪਈ ਲੱਗਣਾ ਜਿਵੇਂ ਬਾਲਾਂ ਦਾ ਖਿੱਦੋ ਹੋਵੇ। ਇਹ ਸਿਖ਼ਰ ਹੁੰਦਾ ਉਰਸ ਦਾ। ਉਨ੍ਹਾਂ ਦੀ ਚਿੱਟੇ ਲੱਠੇ ਦੀ ਸਲਵਾਰ ਤੇ ਬੋਸਕੀ ਦੀ ਕਮੀਜ਼ ਮਿੱਟੀਓ ਮਿੱਟੀ ਹੋ ਜਾਣੀ ਤੇ ਮੂੰਹ ਵਾਲਾਂ ਵਿਚ ਲੁਕ ਜਾਣਾ। ਮੁੜ੍ਹਕੇ ਨਾਲ ਕੱਪੜੇ ਭਿੱਜ ਜਾਣੇ ਤੇ ਅੱਖਾਂ ਲਾਲ ਹੋ ਜਾਣੀਆਂ। ਹੌਲੀ ਹੌਲੀ ਉਹਨਾਂ ਨੂੰ ਹਾਲ ਚੜ੍ਹਦਾ ਤੇ ਅਖੀਰ ਉਹਨਾਂ 'ਹੱਕ ਅੱਲ੍ਹਾ' ਦਾ ਹੋਕਾ ਦੇਣਾ ਤੇ ਸਿਰ ਨੂੰ ਜ਼ੋਰ ਨਾਲ ਘੁਮਾਂਦੇ ਮੁਰੀਦਾਂ ਉੱਤੇ ਢਹਿੰਦਿਆਂ ਰਹਿਣਾ। ਉਸ ਵੇਲੇ ਕਵਾਲ ਉਹਨਾਂ ਬੋਲਾਂ ਉੱਤੇ ਖਲੋ ਜਾਣਾ—

'ਖ਼ੁਦਾ ਖ਼ੁਦ ਮੀਰੀਏ ਮਜਲਸ ਬੂਦ ਅੰਦਰ ਲਾ ਮਕਾਂ ਖੁਸਰੋ
ਮੁਹੰਮਦ ਸ਼ਮ੍ਹਾ ਮਹਿਫਲ ਬੂਦ ਸ਼ਬ ਜਾਏ ਕਿ ਮਨ ਬੂਦਮ'*

ਅਖ਼ੀਰ ਮੁਰੀਦ ਉਹਨਾਂ ਨੂੰ ਫੜ੍ਹ ਕੇ ਵੱਡੇ ਹਜ਼ਰਤ ਸਾਹਿਬ ਦੇ ਕੋਲ ਲੈ ਜਾਂਦੇ ਤੇ ਨਿੱਕੇ ਹਜ਼ਰਤ ਸਾਹਿਬ ਆਪਣਾ ਸਿਰ ਉਹਨਾਂ ਦੇ ਪੈਰਾਂ ਕੋਲ ਰੱਖ ਕੇ ਸਜਦੇ ਵਿਚ ਚਲੇ ਜਾਂਦੇ। ਨਿੱਕੇ ਹਜ਼ਰਤ ਸਾਹਿਬ ਕਿੰਨੀ ਦੇਰ ਏਸ ਹਾਲਤ ਵਿਚ ਪਏ ਰਹਿੰਦੇ ਤੇ ਉਹਨਾਂ ਦੇ ਹਉਕਿਆਂ ਦੀ ਆਵਾਜ਼ ਆਉਂਦੀ। ਵੱਡੇ ਹਜ਼ਰਤ ਸਾਹਿਬ ਪੋਲਾ ਪੋਲਾ ਹੱਥ ਉਹਨਾਂ ਦੇ ਲੱਕ ਉੱਤੇ ਫੇਰਦੇ ਰਹਿੰਦੇ। ਉਸ ਵੇਲੇ ਜ਼ਨਾਨੀਆਂ ਵਾਲੇ ਪਾਸਿਓਂ ਵੀ ਉੱਚੀ ਉੱਚੀ 'ਹੱਕ ਅੱਲਾ ਹੂ' ਦੀਆਂ ਵਾਜਾਂ ਆਉਣੀਆਂ। ਜਿਸ ਵੇਲੇ ਨਿੱਕੇ ਹਜ਼ਰਤ ਸਾਹਿਬ ਨੂੰ ਹਾਲ ਚੜ੍ਹਨਾ ਤਾਂ ਮੁਰੀਦਾਂ ਵਲੋਂ ਨੋਟਾਂ ਦਾ ਮੀਂਹ ਵਰ੍ਹਨ ਲੱਗ ਪੈਣਾ।

ਇਹ ਨਹੀਂ ਪਈ ਨਿੱਕੇ ਹਜ਼ਰਤ ਸਾਹਿਬ ਨੂੰ ਹਾਲ ਚੜ੍ਹਦਾ ਸੀ ਸਗੋਂ ਹੋਰ ਲੋਕਾਂ ਨੂੰ ਵੀ ਚੜ੍ਹਨਾ। ਜ਼ਨਾਨੀਆਂ ਵਿਚੋਂ ਵੀ ਕਈਆਂ ਨੂੰ ਚੜ੍ਹਦਾ ਤੇ ਜਿਨ੍ਹਾਂ ਵਿਚ ਮੇਰੀ ਮਾਂ ਵੀ ਹੁੰਦੀ ਸੀ। ਉਸ ਵੇਲੇ ਮਿਸ ਸੁਰਈਆ ਕਿਸੇ ਬਾਲ ਰਾਹੀਂ ਮੈਨੂੰ ਅੰਦਰ ਜ਼ਨਾਨੀਆਂ ਵਾਲੇ ਪਾਸੇ ਸੱਦ ਲੈਂਦੇ ਤੇ ਕਿਸੇ ਜ਼ਨਾਨੀ ਆਖਣਾ, 'ਵੇ ਮੁੰਡਿਆ ਆਪਣੀ ਮਾਂ ਨੂੰ ਸਾਂਭ।' ਪਰ ਮਾਂ ਵਿਚ ਉਸ ਵੇਲੇ ਐਨਾ ਜ਼ੋਰ ਆਇਆ ਹੁੰਦਾ ਪਈ ਮਾਂ ਮੈਨੂੰ ਜ਼ੋਰ ਨਾਲ ਧੱਕਾ ਦੇ ਕੇ ਪਿੱਛੇ ਕਰ ਦੇਣਾ ਤੇ ਮੈਂ ਹੈਰਾਨ ਰਹਿ ਜਾਣਾ ਪਈ ਮਾਂ ਵਿਚ ਐਨਾ ਜ਼ੋਰ ਕਿਥੋਂ ਆ ਗਿਆ ਏ ?

ਮਿਸ ਸੁਰਈਆ ਸਾਡੀ ਉਸਤਾਨੀ ਸੀ ਤੇ ਉਹਨਾਂ ਦੀ ਵਾਜ ਬਹੁਤ ਰਸੀਲੀ ਤੇ

---

* ਖ਼ੁਦਾ ਉਸ ਮਹਿਫ਼ਲ ਦਾ, ਜਿਸਦਾ ਕੋਈ ਅੰਤ ਨਹੀਂ, ਖ਼ੁਦ ਸਰਦਾਰ ਹੈ।
ਜਿਸ ਮਹਿਫ਼ਲ ਦੀ ਸ਼ਮ੍ਹਾ ਮੁਹਮੰਦ ਹੋਣ, ਉਸ ਰਾਤ ਮੈਂ ਉਥੇ ਹੋਵਾਂ।

ਸੁਰੀਲੀ ਸੀ। ਉਹ ਨਾਅਤਾਂ ਪੜ੍ਹਦੇ ਸਨ ਤੇ ਅਸੀਂ ਉਹਨਾਂ ਦੀਆਂ ਨਾਅਤਾਂ ਬੜੇ ਸ਼ੌਕ ਨਾਲ ਸੁਣਦੇ ਸਾਂ।

'ਤੇਰੀ ਖ਼ੈਰ ਹੋਵੇ ਪਹਿਰੇਦਾਰਾ ਰੋਜ਼ੇ ਦੀ ਜਾਲੀ ਚੁੰਮ ਲੈਣ ਦੇ।'

ਇਹ ਨਾਅਤਾਂ ਇੰਜ ਚੇਤੇ ਵਿਚ ਬੈਠੀਆਂ ਨੇ ਪਈ ਅੱਜ ਵੀ ਸੁਰੀਲੀ ਵਾਜ ਵਿਚ ਨਾਇਤ ਮੈਨੂੰ ਖਲਾਰ ਲੈਂਦੀ ਏ ਤੇ ਕਵਾਲੀ ਸੁਣਨ ਦਾ ਸ਼ੌਕ ਤਾਂ ਅੱਜ ਵੀ ਏ। ਪੰਜਵੀਂ ਛੇਵੀਂ ਵਿਚ ਮਿਸ ਸੁਰਈਆ ਸਾਡੇ ਇੰਚਾਰਜ ਹੋ ਗਏ। ਆਪਣੀ ਵਾਜ ਵਾਂਗੂੰ ਉਹ ਭੈਣਾਂ ਵਿਚੋਂ ਵੀ ਸਭ ਤੋਂ ਸੋਹਣੇ ਸਨ। ਹੌਲਾ ਜਿਹਾ ਸਰੀਰ ਤੇ ਆਪਣੇ ਮਲੂਕ ਹੱਥਾਂ ਦੀਆਂ ਲੰਮੀਆਂ ਲੰਮੀਆਂ ਉਂਗਲਾਂ ਘੁਮਾਉਂਦੇ ਜਦ ਉਹ ਸਾਨੂੰ ਪੜ੍ਹਾਉਂਦੇ ਅਸੀਂ ਉਹਨਾਂ ਦੀਆਂ ਉਂਗਲਾਂ ਵੱਲ ਹੀ ਵੇਖਦੇ ਰਹਿੰਦੇ ਤੇ ਉਹਨਾਂ ਦੀ ਵਾਜ ਦੇ ਜਾਦੂ ਵਿਚ ਗੜੁੱਚ ਰਹਿੰਦੇ। ਮੈਂ ਪੜ੍ਹਾਈ ਵਿਚ ਚੰਗਾ ਸਾਂ ਤੇ ਮਿਸ ਸੁਰਈਆ ਵੀ ਮੈਨੂੰ ਹਮੇਸ਼ ਪਿਆਰ ਨਾਲ ਸੱਦਦੇ। ਮੈਂ ਭੱਜ ਭੱਜ ਉਹਨਾਂ ਦੇ ਜ਼ਾਤੀ ਕੰਮ ਵੀ ਕਰਦਾ ਸਾਂ। ਕਿਉਂ ਜੋ ਸਕੂਲ ਘਰੋਂ ਨੇੜੇ ਸੀ ਤੇ ਸ਼ਾਮੀਂ ਮੈਂ ਉਹਨਾਂ ਦੇ ਘਰ ਟਿਊਸ਼ਨ ਪੜ੍ਹਨ ਜਾਂਦਾ ਤਾਂ ਘਰ ਦਾ ਸੌਦਾ ਸੂਤਰ ਵੀ ਲਿਆ ਦੇਂਦਾ ਸਾਂ। ਉਂਜ ਵੀ ਉਹ ਸ਼ਾਮ ਦੀ ਏਸ ਪੜ੍ਹਾਈ ਦਾ ਕੋਈ ਮੁੱਲ ਨਹੀਂ ਲੈਂਦੇ ਸਨ। ਕਈ ਵਾਰ ਮਿਸ ਸੁਰਈਆ ਕਾਲਾ ਬੁਰਕਾ ਪਾ ਲੈਂਦੇ ਤੇ ਮੈਂ ਉਹਨਾਂ ਦੇ ਨਾਲ ਬਾਜ਼ਾਰ ਸੌਦਾ ਲੈਣ ਵੀ ਜਾਂਦਾ ਸਾਂ।

ਉਹਨਾਂ ਦਿਨਾਂ ਵਿਚ ਹੀ ਇਕ ਅਜਿਹੀ ਗੱਲ ਹੋਈ ਜਿਸ ਮੈਨੂੰ ਮਿਸ ਸੁਰਈਆ ਦੇ ਬਹੁਤ ਨੇੜੇ ਕਰ ਦਿੱਤਾ। ਲਾਲੀ ਪਠਾਣਾਂ ਦਾ ਮੁੰਡਾ ਸੀ ਤੇ ਮਿਸ ਸੁਰਈਆ ਉੱਤੇ ਰੀਝ ਗਿਆ। ਸਕੂਲ ਤੋਂ ਨੇੜੇ ਈ ਪਠਾਣਾਂ ਦਾ ਮੁਹੱਲਾ ਸੀ ਤੇ ਇਹ ਪਠਾਣ ਚਿਰਾਂ ਤੋਂ ਏਥੇ ਰਹਿੰਦੇ ਸਨ ਤੇ ਬਹੁਤੇ ਘਰ ਚੰਗੇ ਸੌਖੇ ਸਨ। ਕਈ ਜੀਅ ਵੱਡੇ ਅਫ਼ਸਰ ਸਨ ਤੇ ਇਲਾਕੇ ਦਾ ਕੌਂਸਲਰ ਵੀ ਇਨ੍ਹਾਂ ਵਿਚੋਂ ਹੁੰਦਾ ਸੀ। ਉਂਜ ਉਹ ਸਾਡੀ ਬੋਲੀ ਹੀ ਬੋਲਦੇ ਸਨ ਤੇ ਸਾਡੇ ਵਰਗੇ ਹੀ ਸਨ ਪਰ ਸਿਹਾਣ ਉਹਨਾਂ ਦੀ ਪਠਾਣ ਕਰਕੇ ਹੀ ਹੁੰਦੀ। ਲਾਲੀ ਗੱਭਰੂ ਜਵਾਨ ਸੀ। ਚਿੱਟੇ ਮੁਖੜੇ ਉੱਤੇ ਲਾਲੀ ਦੀ ਭਾਅ ਮਾਰਦਾ ਰੰਗ, ਲੰਮਾ ਕੱਦ, ਸਵੇਰੇ ਮੋਢੇ ਉੱਤੇ ਤੌਲੀਆ ਪਾ ਕੇ ਤੇ ਮੂੰਹ ਵਿਚ ਮਸਵਾਸ ਲੈ ਕੇ ਫਿਰਦਾ ਰਹਿੰਦਾ ਤੇ ਸ਼ਾਮੀਂ ਕੈਨਵਸ ਦੇ ਚਿੱਟੇ ਬੂਟ ਤੇ ਟਰੈਕ ਸੂਟ ਪਾ ਕੇ ਬੈਟ ਬੱਲਾ ਫੜ ਕੇ ਮੁਹੱਲੇ ਦੀ ਇਕੱਲੀ ਗਰਾਊਂਡ ਵਿਚ ਖੇਡਦਾ ਤੇ ਪਤਾ ਨਹੀਂ ਕਿਉਂ ਉਹਦੀ ਗੇਂਦ ਹਰ ਵਾਰ ਹਜ਼ਰਤ ਸਾਹਿਬ ਦੇ ਘਰ ਆ ਕੇ ਡਿੱਗਣ ਲੱਗ ਪਈ। ਜਿਹੜਾ ਗਰਾਊਂਡ ਦੇ ਨਾਲ ਹੀ ਸੀ। ਉਹ ਚੰਗਾ ਪਤੰਗਬਾਜ਼ ਵੀ ਸੀ। ਬਸੰਤ ਉੱਤੇ ਮੁਹੱਲੇ ਵਿਚ ਇਕ ਘਰ ਪਠਾਣਾਂ ਦਾ ਵੀ ਹੁੰਦਾ ਸੀ ਜਿਥੋਂ ਸਾਰਾ ਦਿਨ ਪਤੰਗਾਂ ਉਡਦੀਆਂ ਤੇ ਲੋਕਾਂ ਦੇ ਮੇਲਾ ਜਿਹਾ ਲੱਗਿਆ ਰਹਿੰਦਾ। ਪਠਾਣਾਂ ਦੇ ਘਰ ਤੋਂ ਸਿੱਧੀ ਝਾਤੀ ਹਜ਼ਰਤ ਸਾਹਿਬ ਦੇ ਘਰ ਪੈਂਦੀ।

ਹਜ਼ਰਤ ਸਾਹਿਬ ਦੇ ਘਰ ਵਾਲੇ ਐਨੇ ਪਛੜੇ ਹੋਏ ਤੇ ਸੌੜੇ ਨਹੀਂ ਸਨ। ਪਰ ਉਹ ਇਕ ਖ਼ਾਸ ਮਰਤਬੇ ਵਾਲੇ ਲੋਕ ਸਨ ਤੇ ਵੱਡੇ ਹਜ਼ਰਤ ਸਾਹਿਬ ਦੀ ਪੀਰੀ ਮੁਰੀਦੀ ਤੇ ਸਕੂਲ ਪਾਰੋਂ ਪੂਰੇ ਮੁਹੱਲੇ ਉਹਨਾਂ ਦਾ ਆਦਰ ਭਾ ਸੀ। ਉਹ ਪਠਾਣਾਂ ਤੋਂ ਘੱਟ ਵੀ ਨਹੀਂ ਸਨ। ਉਹਨਾਂ ਦੇ ਮੁਰੀਦ ਵੱਡੇ ਸਰਕਾਰੀ ਅਫ਼ਸਰ ਸਨ ਤੇ ਉਸ ਵੇਲੇ ਜਦ ਲਾਹੌਰ ਸ਼ਹਿਰ ਵਿਚ ਮੋਟਰ ਕਾਰਾਂ ਵਿਰਲੀਆਂ ਵਿਰਲੀਆਂ ਹੁੰਦੀਆਂ ਸਨ ਕਈ ਮੋਟਰ ਕਾਰਾਂ ਉੱਤੇ



ਆਉਂਦੇ ਸਨ, ਸਗੋਂ ਇਕ ਦੋ ਪੁਲਿਸ ਤੇ ਇੰਤਜ਼ਾਮੀ ਮਹਿਕਮੇ ਵਿਚ ਵੀ ਸਨ। ਏਸ ਨਾਲ ਕਿਸੇ ਵਿਚ ਐਨੀ ਜੁਰਅਤ ਤਾਂ ਨਹੀਂ ਸੀ ਪਈ ਕੋਈ ਐਵੇਂ ਉਹਨਾਂ ਦੀ ਬੇਆਦਰੀ ਦਾ ਸੋਚੇ।

ਇਕ ਦਿਨ ਅੱਧੀ ਛੁੱਟੀ ਵੇਲੇ ਮੈਂ ਤੇ ਮੇਰਾ ਬੇਲੀ ਇਫ਼ੀ (ਪਤਾ ਨਹੀਂ ਹੁਣ ਕਿਥੇ ਏ) ਸਕੂਲ ਤੋਂ ਬਾਹਰ ਨਿਕਲ ਕੇ ਹੱਥਾਂ ਵਿਚ ਆਪਣੀਆਂ ਚਵਾਨੀਆਂ ਫੜ ਕੇ ਸੋਚੀਂ ਪਏ ਸਾਂ ਪਈ ਲਈਏ ? ਮਿੱਠੀ ਇਮਲੀ, ਖੱਟਾ ਚੂਰਨ, ਮਰੂੰਡਾ, ਗਚਕ, ਨਾਨਾਂ ਉੱਤੇ ਐਵੇਂ ਛੁਹਾਏ ਛੋਲੇ, ਉਬਲੀਆਂ ਛੱਲੀਆਂ ਜਾਂ ਹੋਰ। ਅਜੇ ਅਸੀਂ ਸੋਚੀਂ ਈ ਪਏ ਸਾਂ ਤੇ ਭੁੱਖੀਆਂ ਨਜ਼ਰਾਂ ਨਾਲ ਇਹ ਚੀਜ਼ਾਂ ਵੇਖਦੇ ਪਏ ਸਾਂ ਪਈ ਲਾਲੀ ਸਾਡੇ ਕੋਲ ਆ ਕੇ ਪਿਆਰ ਨਾਲ ਇਕ ਦੋ ਗੱਲਾਂ ਕੀਤੀਆਂ ਤੇ ਐਵੇਂ ਗੱਲਾਂ ਗੱਲਾਂ ਵਿਚ ਸਾਨੂੰ ਕਈ ਚੀਜ਼ਾਂ ਲੈ ਦਿੱਤੀਆਂ। ਫੇਰ ਉਹ ਮੇਰੀ ਬਾਂਹ ਫੜ ਕੇ ਮੈਨੂੰ ਇਕ ਪਾਸੇ ਲੈ ਗਿਆ ਤੇ ਚੁੱਪ ਕਰਕੇ ਆਪਣੇ ਹੱਥ ਨਾਲ ਮੇਰੀ ਖ਼ਾਕੀ ਪੈਂਟ ਦੇ ਖੀਸੇ ਵਿਚ ਇਕ ਕਾਗਜ਼ ਪਾ ਦਿੱਤਾ ਤੇ ਹੌਲੀ ਨਾਲ ਮੈਨੂੰ ਆਖਿਆ ਪਈ ਇਹ ਕਾਗਜ਼ ਮਿਸ ਸੁਰਈਆ ਨੂੰ ਦੇ ਦਈਂ ਤੇ ਕਿਸੇ ਹੋਰ ਨਾਲ ਗੱਲ ਨਾ ਕਰੀਂ ਤੇ ਤੈਨੂੰ ਰੋਜ਼ ਮਨਪਸੰਦ ਦੀਆਂ ਚੀਜ਼ਾਂ ਖਾਵਣ ਨੂੰ ਮਿਲਣਗੀਆਂ। ਫੇਰ ਇਹ ਕੰਮ ਤੁਰ ਹੀ ਪਿਆ। ਪਰ ਮੈਂ ਇਹ ਭੇਤ ਕਦੇ ਨਾ ਖੋਲ੍ਹਿਆ। ਅੱਜ ਤੀਕ ਵੀ ਨਹੀਂ। ਉਦੋਂ ਏਸ ਲਈ ਪਈ ਮੈਂ ਮਿਸ ਸੁਰਈਆ ਦੇ ਨੇੜੇ ਰਹਿਣਾ ਚਾਹੁੰਦਾ ਸਾਂ ਤੇ ਏਸ ਕੰਮ ਰਾਹੀਂ ਇਹ ਨੇੜਤਾ ਹੋਰ ਵਧ ਗਈ ਸੀ। ਕਈ ਵਾਰ ਮਿਸ ਸੁਰਈਆ ਇਕੱਲੇ ਹੁੰਦੇ ਤੇ ਮੈਨੂੰ ਕੋਲ ਬਿਠਾ ਲੈਂਦੇ ਤੇ ਮੇਰਾ ਹੱਥ ਫੜ ਕੇ ਆਨੇ ਬਹਾਨੇ ਲਾਲੀ ਬਾਰੇ ਪੁੱਛਦੇ ਰਹਿੰਦੇ। ਉਹਨਾਂ ਦੇ ਵਾਲ ਲੱਕ ਤਕ ਆਉਂਦੇ ਸਨ ਪਰ ਬਹੁਤੇ ਵੇਲੇ ਉਹ ਹੱਥ ਨਾਲ ਈ ਢਿੱਲਾ ਜਿਹਾ ਜੂੜਾ ਬਣਾਈ ਰੱਖਦੇ, ਜਿਸ ਨਾਲ ਕੁਝ ਵਾਲ ਹਮੇਸ਼ਾ ਉਹਨਾਂ ਦੇ ਮੂੰਹ ਉੱਤੇ ਉਡਦੇ ਰਹਿੰਦੇ। ਮੇਰਾ ਹਮੇਸ਼ ਦਿਲ ਕਰਦਾ ਮੈਂ ਇਹ ਵਾਲ ਇਕ ਪਾਸੇ ਕਰ ਦਿਆਂ।

ਏਸ ਭੇਤ ਪਾਰੋਂ ਸਕੂਲੇ ਮੇਰਾ ਟਹਿਕਾ ਬਣਿਆ ਰਿਹਾ ਤੇ ਮੁਹੱਲੇ ਦੇ ਕਿਸੇ ਮੁੰਡੇ ਨੂੰ ਵੀ ਮੇਰੇ ਨਾਲ ਲੜਨ ਦੀ ਜੁਰਅਤ ਨਾ ਹੋਈ। ਜਦ ਇਕ ਵਾਰ ਯੂਸਫ ਕਿਆਂ ਨੇ ਮੇਰਾ ਕਬੂਤਰ ਫੜ ਲਿਆ, ਲਾਲੀ ਦਾ ਨਾਂ ਲੈਣ ਉੱਤੇ ਈ ਪਰਤਾ ਦਿੱਤਾ। ਐਤਵਾਰ ਨੂੰ ਮੁਹੱਲੇ ਦੇ ਜਵਾਨ ਮੁੰਡੇ ਰਾਵੀ ਦਰਿਆ ਉੱਤੇ ਘੁੱਗੀਆਂ ਦੇ ਸ਼ਿਕਾਰ ਨੂੰ ਜਾਂਦੇ ਸਨ। ਲਾਲੀ ਕਈ ਵਾਰ ਮੈਨੂੰ ਵੀ ਸ਼ਿਕਾਰ ਉੱਤੇ ਲੈ ਜਾਂਦਾ। ਉਸ ਕੋਲ ਦੋਨਾਲੀ ਰਾਈਫਲ ਸੀ ਤੇ ਉਸਦਾ ਨਿਸ਼ਾਨਾ ਵੀ ਚੰਗਾ ਸੀ। ਦੂਜੇ ਮੁੰਡਿਆਂ ਵਾਂਗਰ ਉਸ ਵਿਚ ਭੈੜ ਕੋਈ ਨਹੀਂ ਸੀ। ਨਾ ਨਸ਼ਾ ਪਾਣੀ ਦਾ, ਨਾ ਜੂਏ ਦਾ ਤੇ ਨਾ ਹੀ ਟਿੱਬੀ ਮੁਹੱਲੇ ਜਾਵਣ ਦਾ। ਉਹਨੂੰ ਬਸ ਕ੍ਰਿਕਟ, ਪਤੰਗਬਾਜ਼ੀ ਦਾ ਤੇ ਸ਼ਿਕਾਰ ਦਾ ਸ਼ੌਕ ਸੀ। ਕ੍ਰਿਕਟ ਦਾ ਉਹ ਐਨਾ ਚੰਗਾ ਖਿਡਾਰੀ ਸੀ ਪਈ ਉਹ ਇਕ ਵਾਰ ਕੌਮੀ ਟੀਮ ਵਿਚ ਆਉਂਦੇ ਆਉਂਦੇ ਰਹਿ ਗਿਆ। ਅੱਜ ਮੈਂ ਸੋਚਨਾ ਲਾਲੀ ਚੰਗਾ ਈ ਸੀ।

ਫੇਰ ਇਕ ਅਜਿਹਾ ਵਾਕਿਆ ਹੋਇਆ ਪਈ ਮਿਸ ਸੁਰਈਆ ਦਾ ਵਿਆਹ ਹੋ ਗਿਆ। ਮੈਂ ਛੇਵੀਂ ਵਿਚ ਸਾਂ। ਹਰ ਵਰ੍ਹੇ ਸਾਡਾ ਸਕੂਲ ਇਕ ਵਾਰੀ ਸੈਰ ਲਈ ਸ਼ਹਿਰੋਂ ਬਾਹਰ ਜਾਂਦਾ ਸੀ। ਏਸ ਵਿਚ ਛੇਵੀਂ ਤੋਂ ਦਸਵੀਂ ਤੀਕ ਦੀਆਂ ਕੁੜੀਆਂ ਹੁੰਦੀਆਂ ਸਨ। ਮੈਨੂੰ ਚੇਤੇ ਆਉਂਦਾ ਏ ਪਈ ਸਵੇਰੇ ਸਵੇਰੇ ਦੋ ਪ੍ਰਾਈਵੇਟ ਬੱਸਾਂ ਸਕੂਲ ਦੇ ਗੇਟ ਉੱਤੇ ਖਲੀਆਂ ਹੋ

ਜਾਣੀਆਂ। ਕੁੜੀਆਂ ਰੰਗ-ਬਰੰਗੀਆਂ ਐਨਕਾਂ ਲਾ ਕੇ ਸੋਹਣੇ ਸੋਹਣੇ ਕੱਪੜੇ ਪਾ ਕੇ ਆਉਣਾ ਤੇ ਨਾਲ ਕਿੰਨੀਆਂ ਈ ਖਾਵਣ ਪੀਵਣ ਦੀਆਂ ਚੀਜ਼ਾਂ, ਕੈਮਰੇ, ਥਰਮੋਸ ਤੇ ਪਤਾ ਨਹੀਂ ਕੀ ਕੀ ਲਿਆਉਣਾ। ਸਕੂਲ ਦੀਆਂ ਸਭ ਉਸਤਾਨੀਆਂ 'ਤੇ ਰਾਖੀ ਲਈ ਇਕ ਦੋ ਨੌਕਰ ਵੀ ਨਾਲ ਜਾਂਦੇ ਸਨ। ਉਸ ਵਰ੍ਹੇ ਅਸੀਂ ਛਾਂਗਾ ਮਾਂਗਾ ਗਏ। ਛਾਂਗਾ ਮਾਂਗਾ ਤੋਂ ਪਰਤਣ ਵੇਲੇ ਈ ਕੋਈ ਗੱਲ ਹੋਈ ਕਿ ਮਿਸ ਸੁਰਈਆ ਸਾਨੂੰ ਪੜ੍ਹਾਉਣਾ ਬੰਦ ਕਰ ਦਿੱਤਾ ਤੇ ਉਹਨਾਂ ਦੇ ਵਿਆਹ ਦੀਆਂ ਗੱਲਾਂ ਸੁਣਨ ਵਿਚ ਆਈਆਂ। ਉਹਨਾਂ ਦਿਨਾਂ ਵਿਚ ਹੀ ਲਾਲੀ ਵੀ ਗਾਇਬ ਹੋ ਗਿਆ ਤੇ ਪਤਾ ਚੱਲਿਆ ਉਹਦੇ ਮਾਪਿਆਂ ਉਹਨੂੰ ਪੜ੍ਹਨ ਲਈ ਅਮਰੀਕਾ ਘੱਲ ਦਿੱਤਾ ਹੈ। ਸਾਨੂੰ ਕੁਝ ਸਮਝ ਨਾ ਆਈ। ਕਈ ਵਰ੍ਹਿਆਂ ਪਿਛੋਂ ਮੈਨੂੰ ਪਤਾ ਚੱਲਿਆ ਕਿ ਜਦੋਂ ਸਾਡਾ ਸਕੂਲ ਛਾਂਗਾ ਮਾਂਗਾ ਅਪੜਿਆ, ਲਾਲੀ ਉਥੇ ਨਜ਼ਰ ਆਇਆ ਸੀ ਤੇ ਮਿਸ ਸੁਰਈਆ ਵੀ ਦੋ ਤਿੰਨ ਘੰਟੇ ਗ਼ਾਇਬ ਰਹੇ ਸਨ। ਸ਼ਹਿਰ ਦੀ ਪੁਲਿਸ ਦੇ ਸਭ ਤੋਂ ਵੱਡੇ ਅਫ਼ਸਰ ਨੇ ਲਾਲੀ ਦੇ ਮਾਪਿਆਂ ਨੂੰ ਆਖਿਆ ਪਈ ਮੁੰਡਾ ਸਾਂਭ ਲਵੋ ਨਹੀਂ ਤੇ ਮਰਵਾ ਦਿਆਂਗੇ। ਪੁਲਿਸ ਦਾ ਇਹ ਅਫ਼ਸਰ ਵੱਡੇ ਹਜ਼ਰਤ ਸਾਹਿਬ ਹੋਰਾਂ ਦੇ ਮੁਰੀਦਾਂ ਵਿਚੋਂ ਕਿਸੇ ਦਾ ਰਿਸ਼ਤੇਦਾਰ ਸੀ। ਪਠਾਨਾਂ ਵਿਚੋਂ ਜਿਹੜੇ ਅਫ਼ਸਰ ਸਨ ਉਹਨਾਂ ਵਿਚ ਪੈ ਕੇ ਗੱਲ ਮੁਕਾਈ। ਇਨ੍ਹਾਂ ਸਾਰੀਆਂ ਗੱਲਾਂ ਦਾ ਸਾਨੂੰ ਕਈ ਵਰ੍ਹਿਆਂ ਪਿਛੋਂ ਪਤਾ ਚੱਲਿਆ। ਉਦੋਂ ਕਿਸੇ ਨੂੰ ਏਸ ਗੱਲ ਦੀ ਕੰਨੋਂ ਕੰਨ ਖ਼ਬਰ ਨਹੀਂ ਸੀ ਹੋਈ।

ਸਕੂਲ ਛੱਡਣ ਮਗਰੋਂ ਵੀ ਮੈਂ ਇਕ ਦੋ ਵਰ੍ਹੇ ਉਰਸ ਉੱਤੇ ਸਕੂਲ ਜਾਂਦਾ ਰਿਹਾ ਪਰ ਫੇਰ ਉਹ ਘਰ ਜਿਥੇ ਐਵੇਂ ਈ ਮੂੰਹ ਚੁੱਕ ਕੇ ਤੁਰ ਜਾਂਦੇ ਸਾਂ, ਉਹਨਾਂ ਦੇ ਬੂਹੇ ਬੰਦ ਹੋ ਗਏ ਤੇ ਬਾਰੀਆਂ ਦੀਆਂ ਝੀਤਾਂ ਤੋਂ ਕਦੀ ਵੀ ਪਤਾ ਨਾ ਚੱਲਿਆ ਪਈ ਕੌਣ ਕਿਸੇ ਨੂੰ ਤੱਕਦਾ ਸੀ ਤੇ ਕਿਸ ਦੀ ਉਡੀਕ ਵਿਚ ਖੁੱਲ੍ਹਦੀਆਂ ਤੇ ਕਿਸ ਨੂੰ ਵੇਖ ਬੰਦ ਹੁੰਦੀਆਂ ਸਨ।

ਭੁੱਟੋ ਸਰਕਾਰ ਦੇ ਸਕੂਲ ਕੌਮਿਆਉਣ ਮਗਰੋਂ ਸਕੂਲ ਬੰਦ ਹੋਇਆ ਤੇ ਵੱਡੀ ਭੈਣ ਤੋਂ ਅੱਡ ਸਾਰੀਆਂ ਭੈਣਾਂ ਦੇ ਵਿਆਹ ਹੋ ਗਏ।

ਉਸ ਸਕੂਲ ਦੀ ਗਲੀ ਜਿਹੜੀ ਉਦੋਂ ਬਹੁਤ ਮੋਕਲੀ ਜਾਪਦੀ ਸੀ ਅੱਜ ਉਥੋਂ ਲੰਘਦਿਆਂ ਸੌੜੀ ਲਗਦੀ ਏ। ਹਜ਼ਰਤ ਸਾਹਿਬ ਦੇ ਪੁਰਾਣੇ ਘਰ ਦੀ ਥਾਂ ਅੱਜ ਉਥੇ ਤਿੰਨ ਮੰਜ਼ਲੀ ਸ਼ਾਨਦਾਰ ਬਿਲਡਿੰਗ ਏ। ਉਰਸ ਉੱਤੇ ਸੁਣਿਆ ਏ ਪਈ ਹੁਣ ਗਲੀ ਵਿਚ ਈ ਦੇਗਾਂ ਚੜ੍ਹਦੀਆਂ ਤੇ ਟੈਂਟ ਲਗਦੇ ਨੇ। ਹਜ਼ਰਤ ਸਾਹਿਬ ਦੀ ਵੱਡੀ ਭੈਣ ਨੇ ਵਿਆਹ ਨਹੀਂ ਸੀ ਕੀਤਾ। ਪਹਿਲੇ ਤਾਂ ਕਈ ਸਾਕ ਆਏ ਪਰ ਹੁੰਦੇ ਹੁੰਦੇ ਉਹ ਵਡੇਰੀ ਹੋ ਗਈ ਤੇ ਅਖੀਰ ਅੱਲ੍ਹਾ ਨਾਲ ਲਿਵ ਲਾ ਲਈ। ਬੀਬੀ ਸਾਹਿਬਾ ਲੋਕਾਂ ਘਰੀਂ ਜਾ ਕੇ ਖ਼ਤਮ ਸ਼ਰੀਫ ਪੜ੍ਹਦੇ ਤੇ ਆਪਣੇ ਇਕ ਵੱਖਰੇ ਕਮਰੇ ਵਿਚ ਰਹਿੰਦੇ। ਉਹ ਤਵੀਜ਼ ਧਾਗਾ ਕਰਦੇ ਤੇ ਪਾਣੀ ਦਮ ਕਰਕੇ ਦੇਂਦੇ। ਵੱਡੇ ਹਜ਼ਰਤ ਸਾਹਿਬ ਕਦੋਂ ਦੇ ਫੌਤ ਹੋ ਗਏ ਹੋਏ ਨੇ ਤੇ ਨਿੱਕੇ ਹਜ਼ਰਤ ਸਾਹਿਬ ਦੀ ਗੱਦੀ ਚੱਲਦੀ ਪਈ ਏ। ਬੰਦੇ ਸਾਰੇ ਨਿੱਕੇ ਹਜ਼ਰਤ ਸਾਹਿਬ ਕੋਲ ਤੇ ਜ਼ਨਾਨੀਆਂ ਬੀਬੀ ਸਾਹਿਬਾ ਕੋਲ ਆਉਂਦੀਆਂ ਨੇ। ਏਸ ਗੱਲ ਉੱਤੇ ਰੱਫੜ ਵੀ ਬਣਿਆ।

ਹਜ਼ਰਤ ਸਾਹਿਬ ਨੇ ਬੀਬੀ ਸਾਹਿਬਾ ਨੂੰ ਡੱਕਿਆ ਵੀ ਈ ਉਹ ਇੰਜ ਨਾ ਕਰਨ ਤੇ ਇਕੋ ਗੱਦੀ ਚੱਲਣ ਦੇਣ। ਪਰ ਬੀਬੀ ਸਾਹਿਬਾ ਨੂੰ ਹਜ਼ਰਤ ਸਾਹਿਬ ਨਾਲ ਐਨੀ ਕੌੜ ਸੀ



ਕਿ ਅਖ਼ੀਰ ਉਹਨਾਂ ਹਜ਼ਰਤ ਸਾਹਿਬ ਨਾਲ ਕਲਾਮ ਕਰਨਾ ਵੀ ਛੱਡ ਦਿੱਤਾ। ਭੈਣਾਂ ਸਾਰੀਆਂ ਵੱਡੀ ਭੈਣ ਨਾਲ ਸਨ। ਉਹ ਵਟ ਖਾ ਕੇ ਕਹਿੰਦੀਆਂ ਹਜ਼ਰਤ ਸਾਹਿਬ ਆਪਣੀ ਵਹੁਟੀ ਥੱਲੇ ਲੱਗੇ ਹੋਏ ਨੇ। ਉਹਨਾਂ ਈ ਵੱਡੀ ਭੈਣ ਦਾ ਕਿਤੇ ਸਾਕ ਨਹੀਂ ਹੋਵਣ ਦਿੱਤਾ ਤੇ ਹਰ ਸ਼ੈ ਉੱਤੇ ਮੱਲ ਮਾਰ ਲਈ ਹੋਈ ਹੈ। ਪਰ ਇਹ ਗੱਲਾਂ ਵੀ ਪੁਰਾਣੀਆਂ ਨੇ। ਪਿੱਛੇ ਜਿਹੇ ਬੀਬੀ ਸਾਹਿਬਾ ਵੀ ਗੁਜ਼ਰ ਗਏ ਨੇ।

ਛਾਉਣੀ ਮਿਸ ਸੁਰਈਆ ਦਾ ਘਰ ਲੱਭਦਾ ਸਕੂਲ ਦੀ ਉਸ ਯਾਦ ਗਲੀ 'ਚੋਂ ਮੈਂ ਕਈ ਵਾਰ ਲੰਘਿਆ ਜਿਹੜੀ ਪਹਿਲਾਂ ਮੋਕਲੀ ਸੀ ਤੇ ਹੁਣ ਸੌੜੀ ਹੋ ਗਈ ਹੋਈ ਹੈ। ਅਖ਼ੀਰ ਉਹਨਾਂ ਦੀ ਕੋਠੀ ਦਾ ਨੰਬਰ ਦਿਸਿਆ ਤੇ ਮੈਂ ਟੱਲੀ ਵਜਾਈ। ਬਹੁਤ ਵੱਡੀ ਕੋਠੀ ਤੇ ਗੈਰਜ ਵਿਚ ਤਿੰਨ ਚਾਰ ਗੱਡੀਆਂ ਖਲੋਤੀਆਂ ਸਨ। ਇਕ ਨੌਕਰ ਬਾਹਰ ਆ ਕੇ ਮੇਰਾ ਨਾਂ ਪੁੱਛਣ ਮਗਰੋਂ ਮੈਨੂੰ ਇਕ ਹਾਲ ਵਰਗੇ ਕਮਰੇ ਵਿਚ ਜਾ ਬਿਠਾਇਆ, ਜਿਹੜੀ ਬੈਠਕ ਹੀ ਹੋਣੀ ਏ। ਕੁਝ ਚਿਰ ਪਿੱਛੋਂ ਮਿਸ ਸੁਰਈਆ ਹੌਲੀ ਹੌਲੀ ਟੁਰਦੇ ਆਏ ਤੇ ਸੋਫ਼ੇ ਉੱਤੇ ਮੇਰੇ ਬਹੁਤ ਨੇੜੇ ਹੋ ਕੇ ਬਹਿ ਗਏ। ਐਨੇ ਵੱਡੇ ਹਾਲ ਵਰਗੇ ਕਮਰੇ ਵਿਚ ਸਾਡੇ ਦੋਹਾਂ ਦੇ ਹੁੰਦਿਆਂ ਵੀ ਮੈਨੂੰ ਉਹ ਕਮਰਾ ਖ਼ਾਲੀ ਜਿਹਾ ਲੱਗਾ ਤੇ ਜਿੰਨਾ ਚਿਰ ਮੈਂ ਉਥੇ ਰਿਹਾ ਮੈਨੂੰ ਕੋਈ ਘਾਟ ਜਿਹੀ ਲੱਗੀ ਰਹੀ। ਉਹ ਉਂਜ ਦੇ ਹੀ ਸਨ। ਉਂਜ ਦਾ ਹੀ ਪਤਲਾ ਸਰੀਰ, ਸਗੋਂ ਕੁਝ ਬਹੁਤੇ ਹੀ ਹੌਲ਼ੇ ਲੱਗੇ। ਵਾਲਾਂ ਦਾ ਉਂਜ ਦਾ ਹੀ ਢਿੱਲਾ ਜਿਹਾ ਜੂੜਾ ਕੀਤਾ ਹੋਇਆ ਸੀ। ਮੂੰਹ ਉੱਤੇ ਉੱਡੇ ਵਾਲ ਹੁਣ ਕਾਲੇ ਨਹੀਂ ਸਨ। ਉਹ ਆਪਣੇ ਘਰ ਦੀਆਂ ਗੱਲਾਂ ਕਰਨ ਲੱਗ ਪਏ ਤੇ ਵਿਚ ਵਿਚ ਮੇਰੀ ਨੌਕਰੀ ਤੇ ਟੱਬਰ ਦਾ ਵੀ ਪੁੱਛਦੇ ਰਹੇ। ਐਵੇਂ ਕਿਸੇ ਦਾਹੜੀ ਆਲੇ ਬੰਦੇ ਝਾਤੀ ਮਾਰੀ।

'ਕੁੱਤੀ ਦਾ ਪੁੱਤਰ। ਅਜੇ ਵੀ ਮੇਰੇ ਉੱਤੇ ਸ਼ੱਕ ਕਰਦਾ ਏ। ਸਮਝਦਾ ਏ ਮੈਂ ਕਿਸੇ ਯਾਰ ਨਾਲ ਬੈਠੀ ਆਂ। ਹਾਲਾਂ ਮੈਂ ਦੱਸਿਆ ਸੀ ਸਵੇਰੇ ਤੇਰੇ ਆਉਣ ਦਾ ਪਈ ਆਪਣੇ ਸਟੂਡੈਂਟ ਨੂੰ ਬੁਲਾਇਆ ਮੈਂ। ਕਾਸ਼ਫ਼ ਦੇ ਕੰਮ ਲਈ।'

ਫੇਰ ਉਹ ਕਾਸ਼ਫ਼ ਦੀਆਂ ਗੱਲਾਂ ਕਰਨ ਲੱਗ ਪਏ। ਫਿਰੰਤੂ ਏ, ਪੜ੍ਹਾਈ ਨਹੀਂ ਕਰਦਾ। ਰਾਤੀਂ ਚਿਰਕੇ ਆਉਂਦਾ ਏ। ਦਿਨੇ ਟੈਲੀਫ਼ੋਨ ਨਾਲ ਚੰਬੜਿਆ ਰਹਿੰਦਾ ਏ। ਕਦ ਤਕ ਇੰਜ ਚੱਲੇਗਾ ? ਹੁਣ ਪਿਉ ਆਖਿਆ ਏ ਬੀ.ਏ. ਕਰ ਲਵੇ ਤੇ ਆਪਣੇ ਨਾਲ ਬੈਂਕ ਵਿਚ ਅੜਾ ਲਵਾਂ।

ਇਹ ਮੈਨੂੰ ਹੁਣ ਪਤਾ ਚੱਲਿਆ ਪਈ ਉਹਨਾਂ ਦੇ ਮੀਆਂ ਕਿਸੇ ਬੈਂਕ ਵਿਚ ਵੱਡੇ ਅਫ਼ਸਰ ਨੇ। ਕਿੰਨਾ ਚਿਰ ਉਹ ਸਕੂਲ ਦੀਆਂ ਗੱਲਾਂ ਕਰਦੇ ਰਹੇ। ਮੈਂ ਭੇਤਭਰੀ ਯਾਦ ਨਾਲ ਉਹਨਾਂ ਵੱਲ ਤੱਕਦਾ ਰਿਹਾ ਪਰ ਉਹਨਾਂ ਵਰ੍ਹਿਆਂ ਉੱਤੋਂ ਉਹਲੇ ਦੀ ਪੁਰਾਣੀ ਪਾਟੀ ਚਾਦਰ ਨਾ ਚੁੱਕੀ ਭਾਵੇਂ ਉਸ ਵਿਚੋਂ ਹਰ ਸ਼ੈ ਮੈਨੂੰ ਨਜ਼ਰੀਂ ਆਉਣ ਲੱਗ ਪਈ ਸੀ।

ਅਖ਼ੀਰ ਉਹ ਉੱਠ ਖਲੋਤੇ ਤੇ ਆਖਿਆ, 'ਤੂੰ ਮੇਰਾ ਇਹ ਕੰਮ ਜ਼ਰੂਰ ਕਰਨਾ ਏ। ਕਾਸ਼ਫ ਦੇ ਕੈਰੀਅਰ ਦਾ ਸਵਾਲ ਏ। ਪਹਿਲੇ ਵੀ ਤੂੰ ਮੇਰੇ ਕੰਮ ਕਰਦਾ ਰਿਹਾ ਏਂ ਤੇ ਇਹ ਵੀ ਕਰਨਾ ਹੈ। ਮੈਂ ਕਾਸ਼ਫ ਨੂੰ ਭੇਜਣੀ ਆਂ। ਆਪੇ ਤੈਨੂੰ ਸਾਰੀ ਗੱਲ ਦੱਸ ਦੇਵੇਗਾ।'

ਮੈਨੂੰ ਰੋਟੀ ਪਾਣੀ ਦਾ ਪੁੱਛਿਆ ਤੇ ਮੈਂ ਚਾਹ ਦੀ ਹਾਮੀ ਭਰ ਲਈ।

ਉਹਨਾਂ ਦੇ ਬੈਠਕ ਤੋਂ ਜਾਵਣ ਦੇ ਕੁਝ ਚਿਰ ਮਗਰੋਂ ਸ਼ੀਂਹ ਜਵਾਨ ਮੁੰਡਾ ਅੰਦਰ

ਆਇਆ। ਉਹ ਮੈਥੋਂ ਚੋਖੀ ਵਿੱਥ 'ਤੇ ਹੀ ਖਲੋ ਗਿਆ। ਹੱਥ ਵਿਚ ਗੱਡੀ ਦੀ ਚਾਬੀ, ਗਲ ਵਿਚ ਸੋਨੇ ਦੀ ਜ਼ੰਜੀਰੀ, ਸਿਲਕ ਦੀ ਕਮੀਜ਼ ਤੇ ਜੀਨ ਦੀ ਪੈਂਟ, ਜਿਵੇਂ ਕਾਹਲ ਵਿਚ ਹੋਵੇ। ਕਲੀਨ ਸ਼ੇਵ, ਚਿੱਟਾ ਗੋਰਾ ਰੰਗ ਪਰ ਕੁਝ ਧੁਆਂਖਿਆ ਧੁਆਂਖਿਆ ਵੀ।

'13 ਮਈ ਕੋ ਮੇਰਾ ਪਰਚਾ ਹੈ। ਆਪ ਸੈਂਟਰ ਕੇ ਬਾਹਰ ਆ ਜਾਏਂ। ਬਾਹਰ ਗਾੜੀ ਮੇਂ ਬੈਠ ਕਰ ਪਰਚਾ ਹਲ ਕਰਨਾ ਹੋਗਾ। ਜਿਤਨੇ ਪੈਸੇ ਆਪ ਕਹੇਂਗੇ...।' ਉਸ ਇਕ ਦੋ ਹੋਰ ਗੱਲਾਂ ਕੀਤੀਆਂ ਤੇ ਮੇਰਾ ਜਵਾਬ ਸੁਣੇ ਬਿਨਾਂ ਹੀ ਛੇਤੀ ਨਾਲ ਬਾਹਰ ਨਿਕਲ ਗਿਆ। ਗੈਰਜ ਵਿਚੋਂ ਉਹਦੀ ਗੱਡੀ ਸਟਾਰਟ ਕਰਨ ਦੀ ਵਾਜ ਆਈ।

ਛਾਉਣੀ ਤੋਂ ਬਾਹਰ ਨਿਕਲਣ ਵੇਲੇ ਮੈਂ ਡਰਦਾ ਹੀ ਰਿਹਾ ਪਈ ਬਾਹਰ ਨਿਕਲਣ ਦਾ ਰਾਹ ਕਿਤੇ ਭੁੱਲ ਈ ਨਾ ਜਾਵਾਂ। ਡੀਫੈਂਸ ਦੀਆਂ ਸਾਰੀਆਂ ਸੜਕਾਂ ਇਕੋ ਜਿਹੀਆਂ ਹੀ ਨੇ।



## ਇਕ ਲਾਂਘੇ ਦੀ ਗੱਲ

ਕਦੇ ਕਦਾਰ ਚਿਰਕੇ ਘਰ ਨੂੰ ਪਰਤਨਾ ਮੈਂ। ਵੱਡੀ ਸੜਕ ਤੋਂ ਲੱਥਿਆਂ ਪੈਦਲ ਦਾ ਵੀ ਏ ਕੁਝ ਪੈਂਡਾ। ਪਿੱਛੇ ਸਾਡੇ ਮੁਹੱਲੇ ਇਕ ਗੱਭਰੂ ਮੁੰਡੇ ਦਾ ਕਤਲ ਹੋਇਆ ਤਾਂ ਲੋਕਾਂ ਰਾਤ ਨੂੰ ਉਸ ਘਰ ਅੱਗੋਂ ਤੇ ਉਸ ਥਾਂ ਤੋਂ ਲੰਘਣਾ ਛੱਡ ਦਿੱਤਾ, ਜਿਥੇ ਉਹਦਾ ਲਹੂ ਡੁੱਲ੍ਹਿਆ ਸੀ, ਮੇਰੇ ਘਰ ਦੇ ਲਾਂਘੇ ਵਿਚ ਈ ਏ ਉਹ ਥਾਂ। ਲੋਕ ਦਿਨੇ ਤਾਂ ਉਥੋਂ ਲੰਘਦੇ ਰਹਿੰਦੇ ਹਨ ਪਰ ਰਾਤੀਂ ਉਹ ਥਾਂ ਸੁੰਞੀ ਹੋ ਜਾਂਦੀ ਤੇ ਉਥੋਂ ਦੀ ਲੰਘਦਾ ਕੋਈ ਨਹੀਂ। ਹੋ ਗਏ ਹੋਣੇ ਨੇ ਤਿੰਨ ਚਾਰ ਮਹੀਨੇ ਏਸ ਗੱਲ ਨੂੰ।

ਖ਼ੌਰੇ ਲੋਕਾਂ ਆਪਸ ਵਿਚ ਈ ਸਲਾਹ ਬਣਾ ਲਈ ਜਾਂ ਇੰਜ ਅਚੇਤ ਹੀ ਹੋਇਆ। ਪਰ ਹੁੰਦੇ ਨਾ ਹੁੰਦੇ ਅੰਦਰੋ-ਅੰਦਰੀਂ ਈ ਕਿਸੇ ਅਣਕੀਤੀ ਕੋਈ ਅਣਡਿੱਠੀ ਸਾਂਝੀ ਸਲਾਹ ਪਾਰੋਂ ਈ ਲੋਕਾਂ ਉਹ ਲਾਂਘਾ ਛੱਡਿਆ। ਉਹ ਲਾਂਘਾ ਛੱਡਣ ਪਾਰੋਂ ਹੁਣ ਕੁਝ ਵਲਾ ਕੇ ਜਾਣਾ ਪਵੰਦਾ ਏ। ਬਹੁਤੇ ਲੱਗ ਜਾਂਦੇ ਨੇ ਹੋਰ ਚਾਰ ਪੰਜ ਮਿੰਟ। ਐਤਕੀਂ ਚਿਰਕੇ ਘਰ ਆਂਦੇ ਨੂੰ ਐਵੇਂ ਖਿਆਲ ਪਿਆ ਪਈ ਲੋਕਾਂ ਕਾਹਦੇ ਤੋਂ ਉਹ ਰਾਹ ਛੱਡਿਆ ਤੇ ਮੈਂ ਵੀ ਰੀਸੋ ਰੀਸੀ ਉਹਨਾਂ ਦੀ ਮੰਨ ਲਈ। ਐਵੇਂ ਤਾਂ ਨਹੀਂ ਨਾ ਹਰ ਗੱਲ ਮੰਨ ਲੈਣੀ ਚਾਹੀਦੀ।

ਜਿੰਨਾਂ ਭੂਤਾਂ ਦੀਆਂ ਗੱਲਾਂ ਤਾਂ ਐਵੇਂ ਡਰਾਵਾ ਈ ਹੁੰਦੀਆਂ ਨੇ। ਕਈ ਇੰਜ ਦੇ ਕਤਲ ਹੁੰਦੇ ਨੇ ਰੋਜ਼ ਦਿਹਾੜੀ। ਉਥੇ ਇਕ ਕਤਲ ਹੋਇਆ ਤੇ ਬਸ। ਮੰਨਿਆ ਪਈ ਜਿਥੇ ਕਤਲ ਹੋਇਆ ਤੇ ਜਿਨ੍ਹਾਂ ਮੁੰਡਿਆਂ ਛੱਤ ਉਤੋਂ ਦੀ ਫਾਇਰ ਮਾਰਿਆ ਉਹ ਸਾਰੇ ਭੱਜ ਗਏ ਤੇ ਮੁੜ ਉਹ ਘਰ ਉਦੋਕਾ ਬੰਦ ਏ ਤੇ ਰਾਤੀਂ ਉਥੇ ਘੁੱਪ ਹਨੇਰਾ ਤੇ ਚੁੱਪ ਚਾਣ ਹੁੰਦੀ ਏ। ਪਰ ਫੇਰ ਵੀ ਕਿਸ ਵਜ੍ਹੋਂ ਐਵੇਂ ਈ ਰਾਹ ਛੱਡ ਦਿੱਤਾ ਜਾਵੇ ? ਸੋਚਿਆ ਲੰਘਾਂਗਾ ਉਥੋਂ ਦੀ ਅੱਜ ਮੈਂ। ਵੇਖਾਂ ਕਿਸੇ ਸ਼ੈ ਦਾ ਹੈ ਡਰ ਲੋਕਾਂ ਪਾਇਆ ਹੋਇਆ ?

ਏਸ ਪਾਰੋਂ ਘਰ ਜਾਂਦੇ ਐਤਕੀਂ ਉਸੇ ਵਕੂਏ ਵਾਲੀ ਰਾਹ 'ਤੇ ਪੈ ਗਿਆ। ਸੌੜਾ ਜਿਹਾ ਉਹ ਰਾਹ ਏ ਤੇ ਇਕ ਬਹੁਤ ਸੌੜੀ ਗਲੀ ਤੋਂ ਲੰਘ ਮੁੜ ਖੁੱਲ੍ਹਾ ਹੋ ਜਾਂਦਾ ਏ। ਗਲੀ ਦੀ ਨੁੱਕਰੇ ਈ ਉਹ ਘਰ ਏ ਜਿਹਦੇ ਬੂਹੇ ਅੱਗੇ ਕਤਲ ਸੀ ਹੋਇਆ। ਜਾ ਉਸ ਥਾਂ ਖਲੋ ਜਾਂਦਾ ਆਂ। ਉੱਕਾ ਸੁੰਞ ਮਸਾਣ। ਸਾਉਣ ਦੇ ਡੱਡੂਆਂ ਉੱਚੀ ਉੱਚੀ ਰੌਲਾ ਘੱਤਿਆ ਹੋਇਆ ਏ ਤੇ ਦਿਨੇ ਪਏ ਹੋਏ ਮੀਂਹ ਪਾਰੋਂ ਗਲੀ ਵਿਚ ਥਾਉਂ ਥਾਈਂ ਪਾਣੀ ਖਲਾ ਏ। ਜਦੋਂ ਛੱਤ ਉੱਤੋਂ ਮੁੰਡਿਆਂ ਫਾਇਰ ਮਾਰਿਆ ਤੇ ਕਤਲ ਹੋਵਣ ਵਾਲੇ ਦੇ ਮੂੰਹ ਦਾ ਇਕ ਪਾਸਾ ਉੱਡ ਗਿਆ ਤੇ ਭੇਜਾ ਬਾਹਰ ਨਿਕਲ ਕੇ ਸੜਕ ਉੱਤੇ ਡਿੱਗ ਪਿਆ। ਜਦ ਉਹਦੇ

ਬੇਲੀਆਂ ਤੇ ਲਗਦੇ ਲਾਣਿਆਂ ਉਹਨੂੰ ਆ ਕੇ ਚੁੱਕਿਆ ਸਾਰੀ ਥਾਂ ਲਹੂ ਨਾਲ ਭਰੀਜ ਗਈ। ਮਰਨ ਵਾਲੇ ਦਾ ਘਰ ਬਹੁਤਾ ਦੂਰ ਨਹੀਂ ਸੀ ਤੇ ਉਹਦੇ ਬੇਲੀ ਉਹਨੂੰ ਚੁੱਕ ਸਿੱਧਾ ਉਹਦੇ ਘਰ ਲੈ ਗਏ ਜਿਥੇ ਉਹ ਫਾਇਰ ਨਾਲ ਢੱਠਾ, ਉਥੋਂ ਲੈ ਕੇ ਉਹਦੇ ਘਰ ਤੀਕ ਲਹੂ ਦੀ ਲੀਕ ਬਣ ਗਈ, ਜਿਹੜੀ ਅਗਲੇ ਦਿਹਾੜੇ ਦੁਪਹਿਰਾਂ ਤੀਕ ਤਾਂ ਨਜ਼ਰੀਂ ਪਵੰਦੀ ਰਹੀ ਪਰ ਸ਼ਾਮ ਤਕ ਮਿੱਟੀ ਵਿਚ ਗਵਾਚ ਗਈ।

ਜਿਥੇ ਉਹਦਾ ਭੇਜਾ ਡਿਗਿਆ ਉਹ ਥਾਂ ਲੋਕਾਂ ਮਿੱਟੀ ਦੀ ਕਨਾਲੀ ਨਾਲ ਕੱਜ ਦਿੱਤੀ। ਜਿਥੇ ਉਹ ਫਾਇਰ ਖਾ ਕੇ ਢੱਠਾ ਉਥੇ ਈ ਉਹਦਾ ਸਭ ਤੋਂ ਬਹੁਤਾ ਲਹੂ ਵਗਿਆ। ਉਹ ਥਾਂ ਲੋਕਾਂ ਇੱਟਾਂ ਤੇ ਰੋੜਿਆਂ ਨਾਲ ਵਲ ਦਿੱਤੀ। ਅਗਲੇ ਸਾਰੇ ਦਿਹਾੜੇ ਲੋਕੀ ਉਹ ਥਾਂ ਆ ਆ ਵੇਖਦੇ ਤੇ ਰੁੱਖਾਂ ਹੇਠਾਂ ਖਲੋ ਕੇ ਗੱਲਾਂ ਕਰਦੇ ਰਹੇ। ਦੂਰ ਦੂਰ ਤੋਂ ਕਿਹੜੇ ਕਿਹੜੇ ਮੁਹੱਲਿਓਂ ਬੰਦੇ ਜ਼ਨਾਨੀਆਂ ਉਸ ਥਾਂ ਨੂੰ ਵੇਖਣ ਤੇ ਮਰਨ ਵਾਲੇ ਦੇ ਘਰ ਵਾਲਿਆਂ ਨਾਲ ਅਫ਼ਸੋਸ ਕਰਨ ਆਉਂਦੇ ਰਹੇ ਤੇ ਜਵਾਨ ਮੁੰਡੇ ਦੀ ਮੌਤ ਉੱਤੇ ਦੁਖੀ ਹੁੰਦੇ ਰਹੇ। ਲੋਕ ਵਕੂਏ ਵਾਲੀ ਥਾਂ ਤੋਂ ਇਕ ਪਾਸੇ ਖਲੋ ਕੇ ਉਸ ਥਾਂ ਵੱਲ ਵੇਖ ਵੇਖ ਗੱਲਾਂ ਕਰਦੇ ਤੇ ਠੰਡਾ ਹਉਕਾ ਭਰ ਕੇ 'ਹਾਏ ਹਾਏ ਵੇ' ਆਖ ਕੇ ਉਥੋਂ ਲੰਘ ਜਾਂਦੇ।

ਕਿੰਨੇ ਹੀ ਦਿਨ ਉਹ ਮਿੱਟੀ ਦੀ ਕਨਾਲੀ ਤੇ ਇੱਟਾਂ ਰੋੜਿਆਂ ਦੀ ਵਲਗਣ ਉਂਜ ਈ ਰਹੀ। ਇਕ ਦਿਨ ਮੈਂ ਤੱਕਿਆ ਕਨਾਲੀ ਨੂੰ ਕਿੰਨੀਆਂ ਈ ਕੀੜੀਆਂ ਚੰਬੜੀਆਂ ਹੋਈਆਂ ਸਨ। ਕਿਸੇ ਦੱਸਿਆ ਪਈ ਕਨਾਲੀ ਹੇਠੋਂ ਮਰਨ ਵਾਲੇ ਦਾ ਭੇਜਾ ਤੇ ਉਹਦਾ ਪਾਸਾ ਉਹਦੇ ਪਿਉ ਨੇ ਚੁੱਕ ਕੇ ਉਹਦੇ ਨਾਲ ਈ ਦਫ਼ਨਾ ਦਿੱਤਾ ਸੀ ਪਰ ਕਨਾਲੀ ਇੰਜ ਈ ਠੱਪੀ ਪਈ ਰਹੀ। ਇਕ ਦਿਨ ਪੁਲਿਸ ਦਾ ਇਕ ਇੰਸਪੈਕਟਰ ਜਿਹੜਾ ਵਕੂਏ ਦੀ ਰਿਪੋਰਟ ਲਿਖਣ ਲਈ ਮੁੜ ਮੁੜ ਫੇਰੇ ਪਾਉਂਦਾ ਸੀ, ਠੁੱਡਾ ਮਾਰ ਕੇ ਉਹ ਕਨਾਲੀ ਪਰ੍ਹੇ ਕੀਤੀ। ਕੁਝ ਵੀ ਨਹੀਂ ਸੀ ਉਸ ਥੱਲੇ। ਮਿੱਟੀ ਉੱਤੇ ਬਸ ਨਿੱਕੇ ਨਿੱਕੇ ਕਾਲੇ ਰੰਗ ਦੇ ਦਾਣੇ ਜਿਹੇ ਬਣੇ ਹੋਏ ਸਨ। ਮੁੜ ਉਸ ਪੁਲਸੀਏ ਨੇ ਉਹ ਕਨਾਲੀ ਉਂਜ ਹੀ ਮੂਧਾ ਦਿੱਤੀ। ਫੇਰ ਇੱਟਾਂ ਰੋੜਿਆਂ ਦੀ ਲਹੂ ਦੁਆਲੇ ਬਣਾਈ ਵਲਗਣ ਵੀ ਖਿਲਰ ਪੁਲਰ ਗਈ ਪਰ ਉਹ ਇੱਟਾਂ ਰੋੜੇ ਕਿਸੇ ਚੁੱਕੇ ਨਾ। ਉਹ ਉਂਜ ਈ ਖੇਰੂੰ ਖੇਰੂੰ ਹੋ ਕੇ ਪਏ ਰਹੇ।

ਘਰ ਦੁਆਲੇ ਇਕ ਹਨੇਰਾ ਸੀ। ਕਤਲ ਦੇ ਵਕੂਏ ਤੋਂ ਕੁਝ ਚਿਰ ਪਹਿਲਾਂ ਏਸ ਘਰ ਦੁਆਲੇ ਵਲਗਣ ਬਣਾ ਕੇ ਕਿਆਰੀਆਂ ਬਣਾਈਆਂ ਗਈਆਂ ਸਨ। ਇਹ ਕਿਆਰੀਆਂ ਕਤਲ ਕਰਨ ਵਾਲੇ ਮੁੰਡਿਆਂ ਦੇ ਬੁੱਢੇ ਪਿਉ ਨੇ ਬਣਾਈਆਂ ਸਨ ਜਿਹੜਾ ਕਿਸੇ ਸਰਕਾਰੀ ਮਹਿਕਮੇ ਤੋਂ ਨਵਾਂ ਨਵਾਂ ਰਿਟਾਇਰ ਹੋਇਆ ਤੇ ਹੁਣ ਆਪਣੇ ਪੁੱਤਰਾਂ ਸਣੇ ਅੰਦਰ ਹੋਇਆ ਹੋਇਆ ਸੀ। ਏਸ ਰੁੱਤੇ ਉਹਨਾਂ ਕਿਆਰੀਆਂ ਵਿਚ ਬੀਜੇਂ ਫੁੱਲ ਤੇ ਸਬਜ਼ੀਆਂ ਲਗਣੀਆਂ ਸਨ। ਹੁਣ ਉੱਕਾ ਉੱਜੜ ਪੁੱਜੜ ਗਈਆਂ ਸਨ ਉਹ ਕਿਆਰੀਆਂ। ਲੋਹੇ ਦੀ ਵਲਗਣ ਟੁੱਟ ਗਈ ਸੀ ਤੇ ਘਾਹ ਤੀਕ ਨਹੀਂ ਸੀ ਜੰਮਿਆ ਉਹਨਾਂ ਕਿਆਰੀਆਂ ਵਿਚ।

ਜਿਸ ਵੇਲੇ ਮੁੰਡਾ ਕਤਲ ਹੋਇਆ ਸਵਾਣੀ ਦੱਸਿਆ ਪਈ ਉਹਦੀਆਂ ਭੈਣਾਂ ਸੜਕ ਉੱਤੇ ਢਹਿ ਪਈਆਂ ਸਨ ਤੇ ਬਾਹਾਂ ਚਾ ਚਾ ਕੇ ਵੈਣ ਸਨ ਪਾਉਂਦੀਆਂ। ਮਾਂ ਉਹਦੀ ਨੇ ਸਾਰੇ ਮੁਹੱਲੇ ਦੇ ਘਰਾਂ ਦੇ ਬੂਹੇ ਭੰਨ ਛੱਡੇ। ਪਰ ਸ਼ੈ ਕੋਈ ਨਾ ਲੱਭੀ ਜਿਹੜੀ ਮੁੰਡੇ ਨੂੰ ਹਸਪਤਾਲ ਅਪੜਾਂਦੀ। ਮੋਟਰ ਸਾਇਕਲ ਉੱਤੇ ਹਸਪਤਾਲ ਲਿਜਾਂਦੇ ਮੁੰਡਾ ਰਾਹ ਵਿਚ



ਹੀ ਪੂਰਾ ਹੋ ਗਿਆ। ਲੋਕੀ ਜੁੜ ਜੁੜ ਕੇ ਢਾਣੀਆਂ ਬਣਾ ਬਣਾ ਕੇ ਹੌਲੀ ਹੌਲੀ ਗੱਲਾਂ ਕਰਦੇ ਤੇ ਦੁਖੀ ਹੁੰਦੇ ਰਹੇ। ਦੋ ਤਿੰਨ ਦਿਨ ਲੋਕਾਂ ਦੀ ਆਵਾਜਾਈ ਮਗਰੋਂ ਉਹ ਥਾਂ ਅਚਾਨਕ ਸੁੰਞੀ ਹੋ ਗਈ ਤੇ ਲੋਕਾਂ ਵਿਚ ਉੱਕਾ ਚੁੱਪ ਜਿਹੀ ਵਰਤ ਗਈ। ਜਿਵੇਂ ਲੋਕ ਸਖਣੇ ਜਿਹੇ ਹੋ ਗਏ। ਕੋਈ ਥਾਂ ਅਚਨਚੇਤ ਖ਼ਾਲੀ ਹੋ ਗਈ ਤੇ ਫੇਰ ਲੋਕ ਉਸ ਥਾਂ ਤੋਂ ਵਲਾ ਕੇ ਲੰਘਣ ਲੱਗ ਪਏ।

ਕਿੰਨਾ ਹੀ ਚਿਰ ਮੈਂ ਉਸ ਥਾਂ ਖਲੋਤਾ ਰਿਹਾ। ਨਿੰਮ੍ਹੀ ਵਗਦੀ ਹਵਾ ਗਲੀ ਦੇ ਚੁੱਪ ਖਲੋਤੇ ਪਾਣੀਆਂ ਉੱਤੇ ਭੇਤ ਜਿਹਾ ਬਣਾਵੇ ਪਈ। ਜਿਵੇਂ ਅਣਡਿੱਠਾ ਹੱਥ ਹੌਲੀ ਹੌਲੀ ਪਾਣੀਆਂ ਉੱਤੇ ਫੇਰੇ ਕੋਈ। ਚੁੱਪ ਚੁਪੀਤੇ ਘਰਾਂ ਤੋਂ ਸੁੰਞੀ ਗਲੀ ਵਿਚ ਗੱਲ ਕਰਨ ਨੂੰ ਲੋੜੇ ਕੋਈ। ਐਵੇਂ ਨਜ਼ਰਾਂ ਸਾਹਮਣੇ ਇਕ ਮੂਰਤ ਜਿਹੀ ਲਿਸ਼ਕੀ। ਕਤਲ ਹੋਵਣ ਵਾਲੇ ਮੁੰਡੇ ਦੀਆਂ ਭੈਣਾਂ ਸੜਕ ਉੱਤੇ ਡਿੱਗੀਆਂ ਹੱਥ ਲੰਮੇ ਚਾ ਚਾ ਕੇ ਵੈਣ ਪਾਉਂਦੀਆਂ ਹੋਵਣ ਤੇ ਉਹਨਾਂ ਦੀ ਮਾਂ ਉਭੇ ਸਾਹੀਂ, ਝੱਲਿਆਂ ਵਾਂਗੂੰ ਅੱਧੀ ਰਾਤ ਲੋਕਾਂ ਦੇ ਬੂਹੇ ਭੰਨਦੀ ਹੋਵੇ। ਮੇਰੀਆਂ ਅੱਖਾਂ ਸਾਹਮਣੇ ਲਹੂ ਦੀ ਲੀਕ ਜਿਹੀ ਬਣ ਗਈ। ਅੰਦਰ ਮੇਰਾ ਖਟੀਜ ਗਿਆ ਤੇ ਉਸ ਥਾਂ ਮੈਥੋਂ ਖਲੋ ਨਾ ਹੋਇਆ।

## ਲੱਜ ਨਿਲੱਜ

ਅਸੀਂ ਨਵੇਂ ਕਿਰਾਏਦਾਰ ਸਾਂ ਉਸ ਮੁਹੱਲੇ। ਅਜੇ ਅਬਾਦੀ ਜੁੜਦੀ ਪਈ ਸੀ। ਗਲੀਆਂ ਕੱਚੀਆਂ ਤੇ ਸੀਵਰੇਜ ਦੇ ਪਾਈਪ ਨਿਕਲੇ ਹੋਵਣ। ਵਿਚ ਵਿਚ ਪਲਾਟ ਖਾਲੀ, ਕੁਝ ਉਸਰੇ, ਕੁਝ ਅੱਧ ਉਸਰੇ ਘੱਟ ਕਿਰਾਏ ਉੱਤੇ ਅਜਿਹੀਆਂ ਥਾਵਾਂ ਹੀ ਘਰ ਲੱਭਦੇ ਨੇ। ਉਂਜ ਤਾਂ ਖੜ੍ਹੇ ਹੋਵਣ ਦਾ ਮੁੱਲ ਦੇਣਾ ਪੈਂਦਾ ਏ ਸ਼ਹਿਰ ਲਾਹੌਰ ਵਿਚ। ਘਰਾਂ ਵਿਚ ਗੈਸ ਨਾ ਪਾਣੀ। ਹੱਥ ਗੇੜਨ ਵਾਲਾ ਇਕ ਨਲਕਾ ਜਾਂ ਪਾਣੀ ਮੋਟਰ। ਨਿਰੀ ਬਿਜਲੀ ਹੋਵੇ। ਪੁਰਾਣੇ ਮੁਹੱਲੇ ਟੱਬਰ ਦਾ ਜੱਦੀ ਘਰ ਵਿਕਣ ਉੱਤੇ ਇਹ ਘਰ ਕਿਰਾਏ ਉੱਤੇ ਲੈਣਾ ਪਿਆ ਸੀ। ਨਵੇਂ ਘਰ ਅਗਲੇ ਦਿਨ ਸ਼ਾਮ ਨੂੰ ਪਾਣੀ ਵਾਲੀ ਮੋਟਰ ਚਲਾ ਕੇ ਲੱਕ ਦੀ ਬੰਨ੍ਹ ਮੈਂ ਰਬੜ ਦੀ ਪਾਈਪ ਨਾਲ ਇੱਟਾਂ ਵਾਲਾ ਵਿਹੜਾ ਧੋਂਦਾ ਪਿਆ ਸੀ। ਤੱਤੀ ਸ਼ਾਮ ਗਰਮੀਆਂ ਦੀ। ਐਵੇਂ ਦਿਲ ਕੀਤਾ ਤੇ ਗਲੋਂ ਕਮੀਜ਼ ਲਾਹ ਕੇ ਨਹਾਵਣ ਲੱਗ ਪਿਆ। ਨਾਲੋ-ਨਾਲ ਪਾਣੀ ਦੀਆਂ ਧਾਰਾਂ ਵਿਹੜੇ ਵੀ ਵਗਾਂਦਾ ਰਿਹਾ। ਕੰਧ ਉੱਤੇ ਪਾਣੀ ਦੀਆਂ ਧਾਰਾਂ ਪੈਣ ਨਾਲ ਗਵਾਂਢੀਆਂ ਦੇ ਘਰੋਂ ਕਿਸੇ ਜ਼ਨਾਨੀ ਦੇ ਬੁੜ-ਬੁੜ ਕਰਨ ਦੀ ਵਾਜ ਆਈ। ਪਾਣੀ ਦੀ ਧਾਰ ਹੀ ਐਨੀ ਤ੍ਰਿਖੀ ਸੀ ਮੈਂ ਠੰਡੇ ਪਾਣੀ ਦੀ ਲੋਰ ਵਿਚ ਗਾਉਣ ਗਾਉਂਦਾ, ਨਹਾਉਂਦਾ ਤੇ ਵਿਹੜਾ ਧੋਂਦਾ ਰਿਹਾ। ਅਚਨਚੇਤ ਮੇਰਾ ਪੈਰ ਤਿਲਕਿਆ ਤੇ ਘਸੀਟੀ ਵਾਂਗ ਵਿਹੜੇ ਵਿਚ ਰਿੜ੍ਹਦਾ ਗਿਆ। ਕਿਸੇ ਪਾਸਿਓਂ ਜ਼ੋਰਦਾਰ ਹਾਸਿਆਂ ਦੀਆਂ ਵਾਜਾਂ ਆਈਆਂ। ਸਾਡੇ ਘਰ ਦੇ ਉੱਕਾ ਸਾਹਮਣੇ ਘਰ ਦੇ ਕੋਠੇ ਉੱਤੇ ਦੋ ਤਿੰਨ ਜਵਾਨ ਕੁੜੀਆਂ ਮੈਨੂੰ ਤੱਕ ਕੇ ਹੱਸੀ ਜਾਵਣ। ਮੈਂ ਛੇਤੀ ਨਾਲ ਲੱਕ ਦੀ ਲੱਤਾਂ ਦਵਾਲੇ ਸਾਂਭੀ ਤੇ ਉੱਠ ਖਲੋਤਾ। ਨਿਲੱਜੀਆਂ ਨਾ ਹੋਵਣ ਤੇ। ਮੈਂ ਸੋਚਿਆ ਤੇ ਪਾਣੀ ਦੀ ਮੋਟਰ ਬੰਦ ਕਰਕੇ ਅੰਦਰ ਕਮਰੇ ਆ ਕੇ ਆਪਣਾ ਕਮਰਾ ਸੰਵਾਰਨ ਲੱਗ ਪਿਆ।

ਇਕ ਪੁਰਾਣੀ ਸਾਇਕਲ ਹੁੰਦੀ ਸੀ ਸਾਡੇ ਘਰ। ਰੋਜ਼ ਦਫ਼ਤਰੋਂ ਦੇਰ ਹੋ ਜਾਂਦੀ। ਨਾਲੇ ਸਵੇਰੇ ਉਸ ਥਾਂ ਤੋਂ ਨੇੜੇ ਨਾ ਕੋਈ ਬਸ ਸਟਾਪ, ਨਾ ਕੋਈ ਸ਼ੈ ਲੱਭਣੀ। ਵੀਹ ਪੰਝੀ ਮਿੰਟ ਲੱਗ ਜਾਣ ਬਸ ਸਟਾਪ ਉੱਤੇ ਅਪੜਦੇ। ਸਾਇਕਲ ਸੀ ਚੋਖੀ ਪੁਰਾਣੀ। ਨਿਰਾ ਫਰੇਮ ਈ ਹੋਣਾ ਏ। ਉਂਜ ਲੋਹਾ ਸੀ ਚੰਗਾ ਤਕੜਾ। ਤਾਹੀਓਂ ਤਾਂ ਏਨੇ ਵਰ੍ਹਿਆਂ ਪਿੱਛੋਂ ਵੀ ਰਹਿੰਦ ਖੂੰਹਦ ਹੈ ਸੀ। ਇਕ ਦਿਨ ਮੈਂ ਮੋਢੇ ਉੱਤੇ ਫਰੇਮ ਚੁੱਕ ਬਾਜ਼ਾਰ ਇਕ ਸਾਇਕਲਾਂ ਦੀ ਹੱਟੀ ਉੱਤੇ ਲਿਆ ਸੁੱਟਿਆ। ਮਿਸਤਰੀ ਦੋ ਚਾਰ ਦਿਨਾਂ ਵਿਚ ਹੀ ਉਸ ਫਰੇਮ ਨੂੰ ਸਾਇਕਲ ਵਰਗਾ ਬਣਾ ਕੇ ਚਲਾਵਣ ਜੋਗਾ ਵੀ ਕਰ ਦਿੱਤਾ। ਨਵੇਂ ਟਾਇਰ ਟਿਊਬ, ਚੇਨ, ਪੈਡਲ



ਤੇ ਹੋਰ ਸ਼ੈਆਂ ਪਾ ਕੇ ਦੋ ਚਾਰ ਸੌ ਵਿਚ ਹੀ ਮੇਰਾ ਕੰਮ ਬਣਾ ਦਿੱਤਾ। ਪਰ ਸਾਇਕਲ ਸੀ ਵਾਹਵਾ ਉੱਚੀ, ਸੀ ਜੋ ਪੁਰਾਣੇ ਵੇਲਿਆਂ ਦੀ। ਉੱਤੇ ਬੈਠਾਂ ਤੇ ਹੇਠਾਂ ਪੈਰ ਨਾ ਲੱਗਣ। ਬਰੇਕ ਮਾਰਨ ਲੱਗਿਆਂ ਅਜੀਬ ਔਖਤ ਵਿਚ ਪੈ ਜਾਂਦਾ। ਜੇ ਤਾਂ ਰਾਹ ਲੱਭ ਜਾਂਦਾ ਤੇ ਛੇਤੀ ਨਾਲ ਪੈਡਲ ਮਾਰ ਕੇ ਉਹਨੂੰ ਚਲਾਈ ਰੱਖਦਾ, ਨਹੀਂ ਤਾਂ ਝੱਟ ਥੱਲੇ ਉਤਰ ਪੈਂਦਾ। ਚਲਾਵਣ ਲਗਿਆਂ ਵੀ ਸਾਇਕਲ ਨੂੰ ਭਜਾ ਕੇ, ਆਪ ਮੁੜ ਨੱਸ ਛਾਲ ਮਾਰ ਸਾਇਕਲ ਉੱਤੇ ਚੜ੍ਹਨਾ ਪੈਂਦਾ ਪਰ ਫੇਰ ਵੀ ਕੁਝ ਸੌਖਤ ਹੋ ਗਈ ਏਸ ਨਾਲ ਆਵਣ ਜਾਵਣ ਵਿਚ। ਅਸਲ ਔਖਿਆਈ ਸੀ ਘਰੋਂ ਸਾਇਕਲ ਉੱਤੇ ਜਾਵਣ ਤੇ ਆਵਣ ਦੀ। ਕੱਚੀ ਗਲੀ ਪੱਧਰੀ ਨਹੀਂ ਸੀ ਤੇ ਵਿਚ ਵਿਚ ਸੀਵਰੇਜ ਦੇ ਪਾਈਪ ਸਨ। ਏਸ ਨਾਲ ਸਾਇਕਲ ਚਲਾ ਕੇ ਤਾਂ ਜਾਇਆ ਹੀ ਨਹੀਂ ਜਾ ਸਕਦਾ ਸੀ। ਨਾਲੇ ਪਾਈਪਾਂ ਉੱਤੇ ਵਾਰ ਵਾਰ ਸਾਇਕਲ ਨੂੰ ਚੁੱਕ ਕੇ ਲੰਘਾਉਣਾ ਪਵੰਦਾ। ਗਰਮੀਆਂ ਨਾਲ ਹੀ ਸਾਵਣ ਆਇਆ ਤੇ ਗਲੀਆਂ ਚਿੱਕੜੋ-ਚਿੱਕੜੀ। ਉਂਜ ਨਵੇਂ ਬਣੇ ਘਰ ਜ਼ਮੀਂ ਤੋਂ ਚੋਖੇ ਉੱਚੇ ਹੀ ਸਨ।

ਇਕ ਦਿਨ ਕਿਣਮਿਣ ਵਿਚ ਮੈਂ ਦਫ਼ਤਰ ਜਾਣ ਲਈ ਘਰੋਂ ਸਾਇਕਲ ਕੱਢਦਾ ਪਿਆ ਸਾਂ ਕਿ ਪੈਰ ਤਿਲਕਿਆ ਤੇ ਮੈਂ ਥੱਲੇ ਚਿੱਕੜ ਵਿਚ ਘਸੀਟਦਾ ਗਿਆ ਤੇ ਮੇਰੇ ਉੱਤੇ ਨਾਲੋ-ਨਾਲ ਸਾਇਕਲ ਵੀ। ਉਸੇ ਵੇਲੇ ਹੀ ਸਾਹਮਣੇ ਘਰ ਦੀਆਂ ਬਾਰੀਆਂ ਤੋਂ ਕੁੜੀਆਂ ਦੇ ਹੱਸਣ ਦੀਆਂ ਵਾਜਾਂ ਆਈਆਂ। ਨਿਲੱਜ ਨੇ ਬੜੀਆਂ।

ਸਾਨੂੰ ਨਵੇਂ ਘਰ ਆਏ ਕੁਝ ਚਿਰ ਹੀ ਹੋਇਆ ਹੋਣਾ ਏ ਪਈ ਇਕ ਦਿਨ ਸ਼ਾਮੀਂ ਪਿਛਲੀ ਗਲੀ ਵਿਚ ਰਹਿੰਦੇ ਇਕ ਪੁਲਿਸ ਇੰਸਪੈਕਟਰ ਆ ਬੂਹਾ ਭੰਨਿਆ। ਉਹ ਬਿਨਾਂ ਵਰਦੀ ਤੋਂ ਸੀ ਤੇ ਦੱਸਿਆ ਪਈ ਉਹ ਪੁਲਿਸ ਇੰਸਪੈਕਟਰ ਏ ਤੇ ਨਾਲ ਦੀ ਗਲੀ ਰਹਿੰਦਾ ਏ। ਬੋਲੀ ਉਹੋ ਪੁਲਸੀਆਂ ਵਾਲੀ। ਔਖਾ, ਬੇਲਿਹਾਜ਼ ਤੇ ਬੇਦੀਦਾ ਬੋਲਣ।

'ਉਏ ਸੁਣਿਆ ਏ ਨਵੇਂ ਆਏ ਓ ਤੇ ਸਾਰੇ ਛੜੇ ਛਾਂਡ ਓ। ਕੋਈ ਪਵਾੜਾ ਨਾ ਖੜ੍ਹਾ ਕਰ ਦੇਣਾ। ਉਲ੍ਹਾਮਾ ਨਾ ਆਏ ਕੋਈ। ਕਿਹੜੀ ਮਾਂ ਦੇ ਯਾਰ ਨੇ ਕਿਰਾਏ ਉੱਤੇ ਮਕਾਨ ਦੇ ਦਿੱਤਾ ਏ ਤੁਹਾਨੂੰ। ਉਸ ਕੁੱਤੀ ਦੇ ਪੁੱਤਰ ਨਾਲ ਵੀ ਗੱਲ ਕਰਾਂਗਾ। ਅੱਗੇ ਤੋਂ ਪੁੱਛੇ ਬਿਨਾਂ ਮਕਾਨ ਨਾ ਦੇਵੇ ਕਿਸੇ ਨੂੰ।'

ਜੇ ਉਹ ਬੰਦਿਆ ਵਾਲੀ ਗੱਲ ਕਰਦਾ ਤੇ ਚਾਹ ਪਾਣੀ ਦਾ ਪੁੱਛ ਹੀ ਲੈਂਦਾ ਪਰ ਉਸਦੀ ਧੌਂਸੀ ਗੱਲ ਮੈਨੂੰ ਖਿੱਝ ਈ ਚਾੜ੍ਹ ਦਿੱਤੀ। ਬਹੁਤਾ ਉਹਦੇ ਮੈਂ ਮੂੰਹ ਮੱਥੇ ਲੱਗਣਾ ਨਹੀਂ ਸੀ ਚਾਹੁੰਦਾ, ਘੁੱਟ ਨੱਪ ਈ ਗਿਆ ਮੈਂ। ਗਲੀ ਦੀ ਨੁੱਕਰੇ ਘਰ ਸੀ ਸਾਡਾ। ਆਵਣ ਜਾਵਣ ਦਾ ਬੂਹਾ ਵਿਹੜੇ ਵਾਲੇ ਪਾਸੇ ਤੇ ਸਾਹਮਣੇ ਉਹ ਘਰ ਉੱਚੀ ਹੱਸਣ ਦੀਆਂ ਜਿਥੋਂ ਵਾਜਾਂ ਆਉਂਦੀਆਂ ਸਨ। ਦੂਜੇ ਪਾਸੇ ਵਾਲੀ ਗਲੀ ਵਿਚ ਮੇਰੇ ਆਲੇ ਕਮਰੇ ਦਾ ਬੂਹਾ ਸੀ ਖੁੱਲ੍ਹਦਾ। ਪੁਲਿਸ ਇੰਸਪੈਕਟਰ ਦਾ ਘਰ ਏਸ ਪਾਸੇ ਵਾਲੀ ਗਲੀ ਦੀ ਨੁੱਕਰੇ ਹੀ ਸੀ। ਮੇਰੇ ਕਮਰੇ ਵਾਲੇ ਬੂਹੇ ਦੇ ਸਾਹਮਣੇ ਗੁੱਜਰਾਂ ਦਾ ਘਰ ਸੀ। ਐਵੇਂ ਨਿਮਾਣਾ ਜਿਹਾ ਸੀ ਗੁੱਜਰ ਤੇ ਦੋ ਚਾਰ ਮੱਝਾਂ ਹੀ ਸਨ। ਨਵਾਂ ਨਵਾਂ ਵਿਆਹਿਆ ਤੇ ਵਹੁਟੀ ਉਹਦੀ ਸਾਰਾ ਦਿਨ ਨੰਗੇ ਪੈਰੀਂ ਗੋਟੇ ਕਿਨਾਰੀ ਵਾਲੇ ਰੇਸ਼ਮੀ ਕਪੜੇ ਪਾ ਕੇ ਘਰ ਦੇ ਕੰਮੀਂ ਰੁੱਝੀ ਰਹਿੰਦੀ। ਵੰਙਾਂ ਉਹਦੀਆਂ ਦੀ ਵਾਜ ਮੇਰੇ ਕਮਰੇ ਤੀਕ ਆਉਂਦੀ। ਬੰਦਾ ਉਹਦਾ ਰੋਜ਼ ਸਵੇਰੇ ਮੱਝਾਂ ਨੂੰ ਬੰਧ ਤੋਂ ਪਾਰ ਦਰਿਆ ਉੱਤੇ ਲੈ ਜਾਂਦਾ ਤੇ ਤ੍ਰਿਕਾਲਾਂ ਤੋਂ ਕੁਝ ਅਗਦੋਂ ਈ ਪਰਤਦਾ। ਐਵੇਂ ਈ

ਇਕ ਕੁੱਲੀ ਜਿਹੀ ਪਾਈ ਹੋਈ ਸੀ ਉਹਨਾਂ। ਇਕ ਅੱਧਾ ਪੱਕਾ ਕਮਰਾ ਤੇ ਵੱਡਾ ਸਾਰਾ ਵਿਹੜਾ। ਗੁੱਜਰ ਗੱਲ ਸਣਾਉਣੀ, 'ਪਹਿਲੇ ਏਥੇ ਈ ਮੱਝਾਂ ਚਾਰਦੇ ਸਾਂ ਮੁੜ ਵਿੰਹਦੇ ਵਿੰਹਦੇ ਵਸਤੀ ਉਸਰੀ ਏ, ਪੈਲੀਆਂ ਮੁੱਕੀਆਂ ਤਾਂ ਆਹ ਟੋਟਾ ਲੱਭਿਆ ਈ ਮੈਨੂੰ ਵਖਤਾਂ ਨਾਲ।' ਕਮਰੇ ਆਪਣੇ ਦੀ ਮੈਂ ਤਾਕੀ ਖੋਲ੍ਹਣੀ ਤੇ ਝਾਤੀ ਸਿੱਧੀ ਉਹਨਾਂ ਦੇ ਵਿਹੜੇ ਪੈਣੀ। ਘਰ ਉਹਨਾਂ ਦੇ ਵੱਡਾ ਸਾਰਾ ਲੱਕੜ ਦਾ ਬੂਹਾ ਸੀ ਜਿਸ ਰਾਤੀਂ ਹੀ ਬੰਦ ਹੋਣਾ। ਨਵੇਂ ਘਰ ਅਸੀਂ ਸਾਮਾਨ ਲਾਹੁੰਦੇ ਹੋਏ ਕਿ ਗੁੱਜਰੀ ਨੰਗੇ ਪੈਰੀਂ ਥਪ ਥਪ ਕਰਦੀ ਮਿਲਣ ਆ ਗਈ ਤੇ ਕੁਝ ਮਗਰੋਂ ਮੱਖਣ ਨਾਲ ਚੋਪੜੀਆਂ ਅੱਠ ਦਸ ਮੋਟੀਆਂ ਮੋਟੀਆਂ ਰੋਟੀਆਂ ਤੇ ਲੂਣ ਫੜਾ ਗਈ। ਮੈਨੂੰ ਹਮੇਸ਼ ਭਾ ਜੀ ਆਖ ਸੱਦਦੀ ਤੇ ਮਾਂ ਨਾਲ ਗਿਟ ਮਿਟ ਕਰਦੀ ਖੱਟੀਆਂ ਮਿੱਠੀਆਂ ਖਾਵਣ ਵਾਲੀਆਂ ਸ਼ੈਵਾਂ ਦਾ ਪੁੱਛਦੀ ਰਹਿੰਦੀ। ਕਦੀ ਉਹ ਮਾਪਿਆਂ ਘਰੋਂ ਆਈ ਚਿੱਠੀ ਲੈ ਆਉਂਦੀ ਤੇ ਪੜ੍ਹ ਕੇ ਸੁਣਾਉਣ ਦਾ ਆਖਦੀ ਤੇ ਫੇਰ ਜਵਾਬ ਵੀ ਲਿਖਾਉਂਦੀ। ਉਸ ਨਾਲ ਮੈਂ ਪੁਲਿਸ ਇੰਸਪੈਕਟਰ ਦੀ ਗੱਲ ਕੀਤੀ ਤਾਂ ਉਸ ਨੂੰ ਚੜ੍ਹ ਤਪ ਗਿਆ, 'ਆਪਣੀ ਤਾਂ ਸਾਂਭੀ ਨਹੀਂ ਜਾਂਦੀ ਤੇ ਕਰਦਾ ਫਿਰਦਾ ਏ ਦੂਜਿਆਂ ਦੀ ਪਹਿਰੇਦਾਰੀ। ਬੂਹੇ ਬੈਠੀ ਹਰ ਆਉਂਦੇ ਜਾਂਦੇ ਨਾਲ ਅੱਖ ਮਟੱਕੇ ਕਰਦੀ ਰਹਿੰਦੀ ਏ ਸਾਰਾ ਦਿਨ। ਕੱਢ ਕੇ ਲਿਆਇਆ ਹੋਇਆ ਏ, ਪਤਾ ਏ ਨਾ ਤੈਨੂੰ ਕੰਜਰਾਂ ਦੇ ਮਹੱਲੇ ਤੋਂ।'

ਇਕ ਬੰਨਿਓ ਠੀਕ ਈ ਸੀ ਗੱਲ ਉਹਦੀ। ਇੰਸਪੈਕਟਰ ਦੀ ਵਹੁਟੀ ਸੀ ਚੰਗੀ ਸੋਹਣੀ ਚਿੱਟੀ ਦੁੱਧ ਵਰਗੀ। ਦਿਨੇ ਸਾਰੇ ਉਹ ਲਾਲ ਸਾਂਟਣ ਦੀ ਸਲਵਾਰ ਤੇ ਫੁੱਲ ਵਾਲੀਆਂ ਮਹਿੰਗੀਆਂ ਕਮੀਜ਼ਾਂ ਪਾ ਕੇ, ਰੱਜ ਗਹਿਣਿਆਂ ਨਾਲ ਸੱਜ ਬੂਹੇ ਬੈਠੀ ਰਹਿੰਦੀ। ਬਾਲ ਬੱਚਾ ਜੋ ਨਹੀਂ ਸੀ ਹੋਇਆ ਕਈਆਂ ਵਰ੍ਹਿਆਂ ਤੋਂ। ਇੰਸਪੈਕਟਰ ਦੀ ਤੀਵੀਂ ਹੋਵਣ ਪਾਰੋਂ ਬੰਦੇ ਨੀਵੀਂ ਪਾ ਲੰਘ ਜਾਂਦੇ ਤੇ ਡਰਦਾ ਕੋਈ ਵੀ ਨਾ ਤੱਕਦਾ ਉਹਦੇ ਵੱਲ। ਉਹਨੂੰ ਹੋਰ ਵੱਟ ਚੜ੍ਹਦਾ ਏਸ ਗੱਲੋਂ। ਜ਼ਨਾਨੀਆਂ ਤਾਂ ਉਂਜ ਈ ਨਾ ਨੇੜੇ ਢੁਕਦੀਆਂ ਪਈ ਉਹਦਾ ਪਿਛੋਕੜ ਸ਼ਰੀਫ਼ਾਂ ਵਾਲਾ ਨਹੀਂ। ਨਾਲੇ ਬੰਦਾ ਵੀ ਤਾਂ ਉਹਦਾ ਐਵੇਂ ਖਹਿੰਦਾ ਰਹਿੰਦਾ ਸੀ ਹਰ ਇਕ ਨਾਲ। ਮਗਰੋਂ ਨਿੱਕੇ ਬਾਲ ਈ ਰਹਿ ਜਾਂਦੇ ਮੁਹੱਲੇ ਦੇ ਜਿਨ੍ਹਾਂ ਤੋਂ ਉਹ ਹਰ ਵੇਲੇ ਬਾਜ਼ਾਰੋਂ ਕੋਈ ਨਾ ਕੋਈ ਸ਼ੈ ਮੰਗਾਈ ਰੱਖਦੀ ਤੇ ਹਰ ਦੂਜੇ ਤਰੀਜੇ ਦਿਨ ਫੁੱਲੀਆਂ ਛੋਲੇ ਵੰਡਦੀ ਰਹਿੰਦੀ ਬਾਲਾਂ ਵਿਚ। ਇੰਸਪੈਕਟਰ ਜੇ ਘਰੇ ਹੁੰਦਾ ਤਾਂ ਉਹਨਾਂ ਦੇ ਲੜਨ ਦੀਆਂ ਵਾਜਾਂ ਆਉਂਦੀਆਂ ਰਹਿੰਦੀਆਂ। ਇਕ ਦੋ ਵਾਰੀ ਉਹ ਮਾਂ ਮੇਰੀ ਨੂੰ ਮਿਲਣ ਵੀ ਆਈ ਤੇ ਆਖੇ, 'ਮੇਰੇ ਲਈ ਵੀ ਦੁਆ ਕਰਿਆ ਕਰੋ। ਸੁਣਿਆ ਏ ਤੁਸੀਂ ਬੜੇ ਈ ਅੱਲ੍ਹਾ ਵਾਲੇ ਓ।' ਮਾਂ ਵੀ ਹਰ ਦੂਜੇ ਤੀਜੇ ਦਿਨ ਕੋਈ ਨਾ ਕੋਈ ਸ਼ੈ ਪਕਾ 'ਖ਼ਤਮ ਸ਼ਰੀਫ' ਦੇ ਨਾਂ ਉੱਤੇ ਲੋਕਾਂ ਦੇ ਘਰ ਘੱਲਦੀ ਰਹਿੰਦੀ। ਮਾਂ ਨੂੰ ਮੈਂ ਆਖਿਆ, 'ਬੰਦਾ ਤਾਂ ਇਹਦਾ ਸਾਨੂੰ ਤੜੀਆਂ ਲਾਉਂਦਾ ਫਿਰਦਾ ਮੁਹੱਲਿਓਂ ਕੱਢਣ ਦੀਆਂ ਤੇ ਤੁਸੀਂ ਉਹਨੂੰ ਪਾਣੀ ਦਮ ਕਰਕੇ ਦੇਂਦੇ ਓ।' ਪਰ ਮਾਂ ਇਹੋ ਆਖਣਾ, 'ਚੰਗੀ ਏ ਨਿਖ਼ਸਮੀ। ਕੀ ਕਹਿੰਦੀ ਏ ਕਿਸੇ ਨੂੰ ? ਕੀ ਲੈਂਦੀ ਏ ? ਉਂਜ ਹੈ ਬੜੀ ਦੁਖੀ।'

ਇਕ ਦਿਨ ਦਫ਼ਤਰੋਂ ਘਰੇ ਪਰਤਦਾ, ਗਲੀ ਦੇ ਚਿੱਕੜ ਤੋਂ ਪੈਰ ਤੇ ਸਾਇਕਲ ਬਚਾਉਂਦਾ ਲੰਘਦਾ ਹੋਵਾਂ ਕਿ ਸਾਹਮਣੇ ਵਾਲੇ ਘਰ ਦੇ ਉੱਚੀ ਹੱਸਣ ਵਾਲੀਆਂ ਵਿਚੋਂ ਇਕ ਕੁੜੀ ਆਪਣੇ ਬੂਹੇ ਖੜ੍ਹੀ ਹੋਵੇ। ਕੋਲੋਂ ਦੀ ਲੰਘਿਆ ਤੇ ਉਸ ਨਿਉਂ ਕੇ ਸਲਾਮ ਕੀਤਾ



ਤੇ ਮੈਂ ਵੀ ਚਿੱਕੜ ਤੋਂ ਸਾਇਕਲ ਬਚਾਉਂਦੇ ਸਿਰ ਮਾਰ ਦਿੱਤਾ। ਘਰ ਵਿਚ ਵੜਦੇ ਮੈਂ ਐਵੇਂ ਚੋਰ ਅੱਖੀਂ ਮੁੜ ਪਿਛਾਂਹ ਤੱਕਿਆ ਤੇ ਉਹ ਮੈਨੂੰ ਹੀ ਤੱਕਦੀ ਪਈ ਸੀ ਤੇ ਮੁੜ ਕੇ ਹੱਸ ਕੇ ਅੰਦਰ ਵੜ ਗਈ। ਇਹ ਚੋਰ ਅੱਖਾਂ ਹਮੇਸ਼ ਮਰਵਾਉਂਦੀਆਂ ਨੇ ਮੈਨੂੰ।

ਸਾਡੇ ਘਰ ਦੋ ਕਮਰੇ, ਇਕ ਰਸੋਈ ਤੇ ਨਹਾਉਣ ਧੋਣ ਲਈ ਇਕ ਨਿੱਕਾ ਕਮਰਾ ਤੇ ਵੱਡਾ ਜਿਹਾ ਵਿਹੜਾ ਸੀ। ਇਕ ਕਮਰਾ ਮੈਂ ਲਿਆ ਮੱਲ ਤੇ ਨਾਲ ਮੇਰੇ ਸੀ ਨਿੱਕਾ ਭਰਾ। ਉਹ ਸ਼ਹਿਰ ਦੇ ਇਕ ਪੰਜਾਂ ਤਾਰਿਆਂ ਵਾਲੇ ਹੋਟਲ ਵਿਚ ਨੌਕਰ ਸੀ ਤੇ ਅੱਧੀ ਅੱਧੀ ਰਾਤੀਂ ਪਿੱਛੋਂ ਪਰਤਦਾ। ਦਿਨ ਸਾਰਾ ਸੁੱਤਾ ਰਹਿੰਦਾ ਤੇ ਮੇਮਾਂ ਦੀਆਂ ਗੱਲਾਂ ਕਰਦਾ। ਉਂਜ ਸੀ ਉਹ ਬੁੱਲ੍ਹੇ ਲੁੱਟਣ ਵਾਲਾ। ਉਹਦੇ ਭਾਣੇ ਮੈਂ ਤਾਂ ਸਾਂ ਬੁੱਢਾ ਤੇ ਉਹ ਆਪ ਅਮਲੀ ਕਸਬੀ। ਜਿਥੇ ਹੱਥ ਰੱਖਦਾ ਉਹਨੂੰ ਮੇਵਾ ਮਿਲ ਜਾਂਦਾ। ਦਫਤਰੋਂ ਆ ਮੈਂ ਕਪੜੇ ਲਹੁੰਦਾ, ਰੋਟੀ ਟੁੱਕਰ ਖਾਵਣ ਲਗਦਾ ਤੇ ਉਹ ਹੋਟਲ ਜਾਵਣ ਦੀ ਤਿਆਰੀ ਵਿਚ ਹੁੰਦਾ। ਦਿਨ ਵਿਚ ਸਾਡਾ ਇਕ ਦੋ ਪਲ ਈ ਮੇਲ ਹੁੰਦਾ ਤੇ ਏਸ ਪਾਰੋਂ ਮੈਂ ਆਪਣੇ ਕਮਰੇ ਇਕੱਲਾ ਹੀ ਹੁੰਦਾ। ਮੈਂ ਦਫ਼ਤਰ ਵਿਚ ਕਲਰਕ ਸਾਂ ਤੇ ਨਾਲੋ-ਨਾਲ ਰਹਿੰਦੀ ਪੜ੍ਹਾਈ ਮੁਕਾਵਣ ਵਿਚ ਵੀ ਰੁੱਝਿਆ ਸਾਂ। ਪਿਉ ਦੇ ਨਾ ਹੋਵਣ ਤੇ ਵੱਡਾ ਭਰਾ ਹੋਵਣ ਪਾਰੋਂ ਪਿਉ ਤੇ ਵੱਡੇ ਭਰਾ ਵਿਚਕਾਰ ਕੋਈ ਥਾਂ ਮੈਨੂੰ ਬਦੋਬਦੀ ਮਿਲੀ ਹੋਈ ਸੀ ਤੇ ਕੁਝ ਮੈਂ ਆਪੋ ਸਾਂਭ ਲਈ। ਕੁੜੀਆਂ ਨਾਲ ਨਾ ਮੈਨੂੰ ਪਹਿਲ ਕਰਨੀ ਆਈ ਤੇ ਨਾ ਹਉਕੇ ਭਰ ਭਰ ਕੇ ਸ਼ੇਅਰ ਬੋਲਣੇ। ਕੁਝ ਦਿਨਾਂ ਮਗਰੋਂ ਟੱਲੀ ਵੱਜ ਗਈ ਪਈ ਮੇਰੇ ਨਿੱਕੇ ਭਰਾ ਨੇ ਘਰ ਸਾਹਮਣੇ ਰਹਿੰਦੀਆਂ ਉੱਚੀ ਹੱਸਣ ਵਾਲੀਆਂ ਕੁੜੀਆਂ ਵਿਚੋਂ ਇਕ ਨਾਲ ਸੀਟੀ ਰਲਾ ਲਈ ਏ। ਮਾਂ ਸਾਡੀ ਉਂਜ ਦਰਵੇਸ਼ਨੀ ਏ। ਨਾਲੇ ਮਾਂ ਕਦੇ ਕੁਝ ਆਖਦੀ ਕਹਿੰਦੀ ਵੀ ਨਹੀਂ।

ਪਰ ਏਸ ਨਵੇਂ ਘਰ ਵਿਚ ਆ ਮਾਂ ਕਦੇ ਕਦੇ ਆਖਣ ਲੱਗ ਪਵੰਦੀ, 'ਹੁਣ ਮੈਥੋਂ ਕੰਮ ਨਹੀਂ ਹੁੰਦਾ। ਨੂੰਹ ਲੈ ਆਉਣੀ ਏ ਮੈਂ।' ਮੈਂ ਹਮੇਸ਼ ਪੜ੍ਹਾਈ ਦਾ ਪੱਜ ਪਾ ਦੇਣਾ ਤੇ ਨਿੱਕੇ ਚੇਤਰ ਹਾਸਾ ਹੱਸ ਕੇ ਗਲ ਵਲਾ ਇਹ ਜਾ, ਅਹੁ ਜਾ। ਉਹਦੀ ਗੁੱਡੀ ਤਾਂ ਬੁੱਲ੍ਹੇ ਲੱਗੀ ਸੀ ਤੇ ਐਵੇਂ ਤਾਂ ਉਹ ਕਿਸੇ ਹੱਥ ਡੋਰ ਨਹੀਂ ਸੀ ਦੇਂਦਾ। ਸਾਡੇ ਗੁਆਂਢ ਵਿਚ ਸੁਨਿਆਰੇ ਸਨ ਤੇ ਉਹਨਾਂ ਦੀਆਂ ਵੀ ਇਕ ਦੋ ਕੁੜੀਆਂ ਸਨ। ਪਰ ਮਾਂ ਉਹਨਾਂ ਦੀ ਡਾਹਢੀ ਕਰੜੀ ਸੀ ਤੇ ਚੰਗਾ ਕੱਸ ਕੇ ਰੱਖਿਆ ਹੋਇਆ ਸੂ ਕੁੜੀਆਂ ਨੂੰ। ਸਾਹਮਣੇ ਵਾਲੇ ਘਰ ਦੀਆਂ ਕੁੜੀਆਂ ਹੁਣ ਸਾਡੇ ਘਰ ਆਵਣ ਲੱਗ ਪਈਆਂ ਸਨ। ਕਦੀ ਲੂਣ ਮੰਗਣ ਆਉਂਦੀਆਂ ਪਈਆਂ ਨੇ ਤੇ ਕਦੀ ਮਿੱਠੇ ਚੌਲ ਪਕਾ ਕੇ ਲਿਆਂਦੀਆਂ ਹੋਵਣ। ਮਿਲਣ ਵਿਚ ਮਾਂ ਵੀ ਘੱਟ ਨਹੀਂ। ਝੱਟ ਪਾ ਲੈਂਦੀ ਏ ਗੂੜ੍ਹ। ਆਉਂਦੀਆਂ ਉਹ ਮਾਂ ਕੋਲ ਹੀ ਸਨ। ਸਗੋਂ ਮੇਰੇ ਤੋਂ ਤਾਂ ਕੁਝ ਤ੍ਰਾਂਹਦੀਆਂ ਸਨ। ਆਪਣੇ ਕਮਰੇ ਬੈਠਾ ਮੈਂ ਪੜ੍ਹਦਾ ਰਹਿੰਦਾ ਤੇ ਸ਼ਾਮੀਂ ਯਾਰਾਂ ਬੇਲੀਆਂ ਵੱਲ ਤੁਰ ਜਾਂਦਾ। ਯਾਰਾਂ ਨਾਲ ਉਹਨਾਂ ਕੁੜੀਆਂ ਦੀ ਗੱਲ ਕੀਤੀ। ਉਹਨਾਂ ਮੇਰਾ ਗੁੱਡਾ ਬੰਨ੍ਹ ਦਿੱਤਾ। ਸਗੋਂ ਇਕ ਦੋ ਆਖਣ ਲੱਗ ਪਏ, 'ਜੇ ਤੂੰ ਆਪੋਂ ਕੁਝ ਨਹੀਂ ਕਰਨਾ ਤੇ ਫੇਰ ਸਾਨੂੰ ਰਾਹ ਦੇਹ।'

ਇਕ ਛੁੱਟੀ ਵਾਲੇ ਦਿਨ ਮਾਂ ਘਰ ਨਾ ਹੋਵੇ, ਨਿੱਕਾ ਸੁੱਤਾ ਪਿਆ ਸੀ ਤੇ ਉਹੋ ਕੁੜੀ ਪਲੇਟ ਵਿਚ ਹਲਵਾ ਪੂਰੀਆਂ ਲਿਆਈ, ਜਿਹਨੇ ਕਈ ਵਾਰੀ ਮੈਨੂੰ ਸਲਾਮ ਕੀਤਾ ਸੀ। ਮੈਂ ਰਸੋਈ ਵਿਚ ਚਾਹ ਬਣਾਉਣ ਦੇ ਆਹਰੇ ਲੱਗਾ ਸੀ। ਆਖਣ ਲੱਗੀ, 'ਪਰ੍ਹੇ ਹਟੋ, ਮੈਂ ਬਣਾ

ਦੇਣੀ ਆਂ।' ਮੈਂ ਬਰਾਂਡੇ ਆ ਕੇ ਬਹਿ ਗਿਆ। ਉਸ ਚਾਹ ਬਣਾ ਕੇ ਦਿੱਤੀ ਤੇ ਨਾਲੇ ਘਰੋਂ ਲਿਆਈ ਪਲੇਟ ਮੇਰੇ ਅੱਗੇ ਕਰ ਦਿੱਤੀ। 'ਮੈਨੂੰ ਪਤਾ ਸੀ ਤੁਸਾਂ ਅਜੇ ਨਾਸ਼ਤਾ ਕਰਨਾ ਏ। ਮਾਂ ਜੀ ਨੇ ਰਾਤੀਂ ਦੱਸਿਆ ਸੀ ਸਵੇਰੇ ਦਾਤਾ ਸਾਹਬ ਜਾਵਣ ਦਾ।' ਨਾਲ ਈ ਉਸ ਜਾਵਣ ਦੀ ਕੀਤੀ।

ਮੈਂ ਆਖਿਆ, 'ਬਹਿ ਜਾ ਤੂੰ ਵੀ ਚਾਹ ਪੀ ਲੈ।'

ਜੇ ਬਹਿਣਾ ਏ ਤਾਂ ਅੰਦਰ ਚੱਲ ਕਮਰੇ ਵਿਚ ਬਹਿਨੇ ਆਂ।' ਉਹ ਸੰਗਦਿਆਂ ਬੋਲੀ। ਸਾਹਮਣੇ ਉਹਨਾਂ ਦੇ ਘਰੋਂ ਝਾਤੀ ਪੈਂਦੀ ਸੀ ਤੇ ਉਹਨੂੰ ਕਿਸੇ ਦੇ ਵੇਖ ਲੈਣ ਦਾ ਡਰ ਸੀ। ਅੰਦਰ ਕਮਰੇ ਆ ਅਸੀਂ ਬਹਿ ਗਏ। ਉਹ ਆਮ ਜਿਹੇ ਮੁਹਾਂਦਰੇ ਦੀ ਛਮਕ ਜਿਹੀ ਕੁੜੀ ਸੀ। ਸਗੋਂ ਕੁਝ ਬਹੁਤੀ ਈ ਹੌਲੀ। ਪਰ ਸੀ ਚਿੱਟੀ ਗੋਰੀ। ਦੱਸਣ ਲੱਗੀ, 'ਮੇਰੀ ਇਕ ਪਸਲੀ ਪੀੜ ਜਿਹੀ ਰਹਿੰਦੀ ਏ ਤੇ ਵਲ ਨਹੀਂ ਆਂ ਮੈਂ।' ਉਹ ਪੰਜ ਭੈਣਾਂ ਤੇ ਚਾਰ ਭਰਾ ਸਨ। ਦੋ ਭੈਣਾਂ ਵਿਆਹੀਆਂ ਤੇ ਭਰਾ ਏਧਰ ਉਧਰ ਕੰਮ ਕਰਦੇ ਸਨ। ਭੈਣਾਂ ਤੇ ਖੁੱਲ੍ਹੇ ਸੁਭਾਅ ਦੀਆਂ ਪਰ ਇਕ ਦੋ ਭਰਾ ਦਾਹੜੀਆਂ ਵਾਲੇ ਤੇ ਦੋ ਇਕ ਉੱਕਾ ਹੀ ਨਸ਼ੇ ਬਾਜ਼। ਭੈਣਾਂ ਭਰਾਵਾਂ ਦੇ ਰੋਅਬ ਹੇਠ ਨਹੀਂ ਸਨ। ਸਗੋਂ ਵਿਆਹੀਆਂ ਦਫ਼ਤਰਾਂ ਵਿਚ ਕੰਮ ਕਰਦੀਆਂ ਸਨ। ਕਿਰਾਏਦਾਰ ਹੀ ਸਨ ਉਹ ਵੀ ਪਰ ਰਹਿੰਦਿਆਂ ਦੋ ਚਾਰ ਵਰ੍ਹੇ ਹੋ ਗਏ ਸਨ। ਉਸ ਦੱਸਿਆ ਜਦ ਏਸ ਥਾਂ ਉਹ ਆਏ, ਅਜੇ ਦੋ ਚਾਰ ਘਰ ਹੀ ਉਸਰੇ ਹੋਸਣ। ਫੇਰ ਉਹ ਸਾਡੇ ਗੁਆਂਢ ਵਿਚ ਰਹਿੰਦੇ ਸੁਨਿਆਰਿਆਂ ਨੂੰ ਪੁਣਨ ਲੱਗ ਪਈ। 'ਬੜੀ ਮੀਸਣੀ ਤੇ ਖਚਰੀ ਏ ਉਹਨਾਂ ਦੀ ਮਾਂ। ਸੜਦੀ ਰਹਿੰਦੀ ਏ ਸਾਥੋਂ। ਜਿਵੇਂ ਸਾਨੂੰ ਕਿਸੇ ਦੀ ਲਾਜ ਨਹੀਂ। ਅਸੀਂ ਕੋਈ ਐਵੇਂ ਹੀ ਤਾਂ ਹਰ ਇਕ ਦੇ ਘਰ ਨਹੀਂ ਨਾ ਜਾਂਦੀਆਂ। ਇਹ ਤਾਂ ਮਾਂ ਜੀ ਪਾਰੋਂ ਬਿਨਾਂ ਝਾਕੇ ਦੇ ਤੁਹਾਡੇ ਆ ਜਾਂਦੇ ਆਂ। ਨਾਲੇ ਜੇ ਕੋਈ ਮੁਹੱਲੇ ਵਿਚ ਕਿਸੇ ਦੇ ਕੰਮ ਆਉਂਦਾ ਏ ਤੇ ਲੋਕੀਂ ਐਵੇਂ ਸੜਨ ਲੱਗ ਪੈਂਦੇ ਨੇ।' ਮੁੜ ਆਖੇ, 'ਬੜੇ ਬੋਰ ਆਦਮੀ ਹੋ ਤੁਸੀਂ। ਨਾ ਕਿਸੇ ਨਾਲ ਮਿਲਦੇ ਓ, ਨਾ ਗੱਲ ਕਰਦੇ ਓ। ਅਸੀਂ ਤਾਂ ਤੁਹਾਡੇ ਕੋਲੋਂ ਬੜਾ ਡਰਦੇ ਆਂ।' ਮੈਂ ਚੁੱਪ ਕਰਕੇ ਸਵਾਦ ਨਾਲ ਉਹਦੀਆਂ ਗੱਲਾਂ ਸੁਣਦਾ ਰਿਹਾ। ਉਹ ਬੜੀ ਤ੍ਰਿਖੀ ਕੁੜੀ ਸੀ। ਭੱਜ ਭੱਜ ਕੇ ਕੰਮ ਕਰਦੀ ਤੇ ਹਰ ਵੇਲੇ ਏਧਰ ਉਧਰ ਨਜ਼ਰ ਆਉਂਦੀ ਰਹਿੰਦੀ। ਉਂਜ ਕੁਝ ਫੈਸ਼ਨੀ ਜਿਹੀ ਵੀ ਤੇ ਵਾਲ ਉਸ ਕਟਾਏ ਹੋਏ। ਲੱਗਾ ਨਾਲ ਦੇ ਕਮਰੇ ਸੁੱਤਾ ਭਰਾ ਜਾਗ ਪਿਆ ਸੀ ਤੇ ਐਵੇਂ ਉੱਠ ਕੇ ਉੱਚੀ ਉੱਚੀ ਖੰਘਣ ਲੱਗ ਪਿਆ।

ਉਹ ਉੱਠ ਖਲੋਤੀ ਤੇ ਆਖਣ ਲੱਗੀ, 'ਅੱਜ ਤਾਂ ਛੁੱਟੀ ਏ ਤੇ ਸਾਰੇ ਘਰੇ ਨੇ। ਮੈਂ ਸਵੇਰੇ ਵਿਹਲੀ ਹੁੰਨੀ ਆ।' ਸਵੇਰੇ ਮੈਂ ਦਫ਼ਤਰ ਜਾਣਾ ਹੁੰਦਾ ਸੀ। ਨਵੀਂ ਨਵੀਂ ਨੌਕਰੀ ਲੱਭੀ ਤੇ ਉਹ ਵੀ ਚੋਖੇ ਧੱਕੇ ਠੇਡੇ ਖਾਵਣ ਮਗਰੋਂ।

ਇਕ ਦਿਨ ਵਲ ਨਾ ਹੋਵਣ ਪਾਰੋਂ ਮੈਂ ਛੁੱਟੀ ਕਰ ਲਈ ਤੇ ਅਫ਼ਸਰ ਬਹੁਤਾ ਈ ਤਪ ਕੇ ਆਖਣ ਲੱਗਾ, 'ਤੇਰੀ ਨੌਕਰੀ ਕੱਚੀ ਏ, ਪੱਕੀ ਨਹੀਂ ਹੋਈ ਅਜੇ। ਕਿਸੇ ਵੇਲੇ ਵੀ ਤੈਨੂੰ ਕਾਗਜ਼ ਫੜਾ ਵਿਹਲਾ ਕਰ ਸਕਨਾਂ ਵਾਂ। ਜੇ ਬਿਮਾਰ ਏਂ ਤੇ ਸਰਕਾਰੀ ਹਸਪਤਾਲ ਤੋਂ ਡਾਕਟਰ ਦਾ ਸਬੂਤ ਨਾਲ ਦਿਉ। ਉਂਜ ਤੂੰ ਛੁਟੀ ਨਹੀਂ ਕਰ ਸਕਦਾ।' ਮੈਂ ਅਜੇ ਨਵਾਂ ਸਾਂ ਤੇ ਕੰਮ ਸਿਖਦਾ ਪਿਆ ਸਾਂ। ਰੋਜ਼ ਕੋਈ ਨਾ ਕੋਈ ਗੱਲ ਹੋ ਜਾਣੀ ਤੇ ਕਦੀ ਹੈੱਡ ਕਲਰਕ ਤੇ ਕਦੀ ਅਫ਼ਸਰ ਝਾੜ ਪਾ ਦੇਣੀ। ਰੂਹ ਈ ਮਾਰਿਆ ਜਾਣਾ।



ਮੇਰੇ ਸੋਚੀਂ ਪੈਣ ਤੇ ਭਰਾ ਦੇ ਮੁੜ ਮੁੜ ਖੰਘਣ ਉੱਤੇ ਉਸ ਜਾਵਣ ਦੀ ਕੀਤੀ। ਮੈਂ ਐਵੇਂ ਈ ਮਿਲਾਉਣ ਲਈ ਹੱਥ ਅਗਾਂਹ ਕੀਤਾ ਪਰ ਉਹ ਲੱਜ ਨਾਲ ਮਾਰੀ ਨੱਸ ਗਈ। ਪਰ ਉਸ ਦਿਨ ਪਿਛੋਂ ਉਹਦੇ ਨਾਲ ਮੇਲ ਹੋਵਣ ਲੱਗ ਪਿਆ। ਸ਼ਾਮੀਂ ਉਸ ਕਿਸੇ ਨਾ ਕਿਸੇ ਪੱਜੀਂ ਜ਼ਰੂਰ ਫੇਰਾ ਮਾਰਨਾ। ਕਦੀ ਕੋਈ ਸ਼ੈ ਲੈਣ, ਕਦੀ ਪਰਤਾਵਣ, ਕਦੀ ਗੱਲ ਹੋਣੀ, ਕਦੇ ਨਾ। ਆਉਣਾ ਉਸ ਮਾਂ ਨੂੰ ਹੀ ਮਿਲਣ। ਪਰ ਉੱਚੀ ਸਾਰੀ ਇੰਜ ਗੱਲ ਕਰਨੀ ਪਈ ਮੈਂ ਕਮਰੇ ਬੈਠਾ ਸੁਣ ਲਵਾਂ। ਉਂਜ ਉਹ ਸਿੱਧਾ ਮੇਰੇ ਕਮਰੇ ਆਉਣ ਤੋਂ ਝਕਦੀ। ਕਦੀ ਆਉਣਾ ਤੇ ਬੂਹੇ ਕੋਲ ਖਲੋ ਕੇ ਈ ਤੁਰ ਜਾਣਾ। ਉਹ ਇਕ ਦੋ ਵਰ੍ਹੇ ਕਾਲਜ ਵੀ ਪੜ੍ਹੀ ਸੀ ਤੇ ਮੈਥੋਂ ਪੜ੍ਹਨ ਲਈ ਕਿਤਾਬਾਂ ਵੀ ਮੰਗਣ ਲੱਗ ਪਈ। ਇਕ ਵਾਰ ਮੈਨੂੰ ਤਾਪ ਚੜ੍ਹ ਗਿਆ। ਦਫ਼ਤਰੋਂ ਛੁੱਟੀ ਨਾ ਕੀਤੀ ਤੇ ਤਾਪ ਨੇ ਮੰਜੀ ਨਾਲ ਲਾ ਦਿੱਤਾ। ਸ਼ਾਮੀਂ ਆਈ ਤਾਂ ਮਾਂ ਦੱਸਿਆ ਪਈ ਮੈਨੂੰ ਤਾਂ ਤਾਪ ਚੜ੍ਹਿਆ ਹੋਇਆ ਏ। ਉਹ ਆਈ ਤਾਂ ਮੰਜੀ ਕੋਲ ਆ ਪੁੱਛਣ ਲੱਗੀ, 'ਕੀ ਬੜਾ ਤੇਜ਼ ਬੁਖਾਰ ਏ ?' ਮੈਂ ਮੂੰਹੋਂ ਕੁਝ ਨਾ ਬੋਲਿਆ ਤੇ ਉਸ ਮੱਥੇ ਉੱਤੇ ਹੱਥ ਰੱਖ ਦਿੱਤਾ। ਮੈਂ ਉਹਦਾ ਹੱਥ ਫੜ ਆਪਣੇ ਵੱਲ ਖਿੱਚ ਲਿਆ। ਉਹ ਹੱਥ ਛੁਡਾ ਇਹ ਆਂਹਦੀ ਨੱਸ ਗਈ, 'ਮੈਨੂੰ ਵੀ ਬਿਮਾਰ ਕਰਨਾ ਈ ?'

ਸਾਨੂੰ ਉਥੇ ਰਹਿੰਦੇ ਤਿੰਨ ਚਾਰ ਮਹੀਨੇ ਹੋ ਗਏ ਸਨ। ਮਾਲਕ ਮਕਾਨ ਨਾਲ ਲੜ ਲੜ ਖਿਝ ਖਿਝ ਕੇ ਅਸੀਂ ਗੈਸ ਤੇ ਪਾਣੀ ਦੇ ਨਲਕੇ ਦੀਆਂ ਅਰਜ਼ੀਆਂ ਲੈ ਆਪੋ ਈ ਦਫ਼ਤਰਾਂ ਵਿਚ ਗੇੜੇ ਮਾਰਨੇ। ਜਦ ਗੈਸ ਤੇ ਪਾਣੀ ਲੱਗਣ ਦੀ ਆਸ ਹੋਈ ਤੇ ਮਾਲਕ ਮਕਾਨ ਕਿਰਾਏ ਵਧਾਉਣ ਦੀ ਗੱਲ ਕਰ ਦਿੱਤੀ। ਮੈਂ ਘਰ ਨਹੀਂ ਸਾਂ ਤੇ ਨਿੱਕਾ ਮਾਲਕ ਮਕਾਨ ਨਾਲ ਕਰਾਇਆ ਵਧਾਉਣ ਉੱਤੇ ਖਹਿ ਪਿਆ ਤੇ ਉਸ ਜਵਾਬ ਦੇ ਦਿੱਤਾ। 'ਅਸੀਂ ਕਿਰਾਇਆ ਨਹੀਂ ਵਧਾਉਣਾ, ਮਕਾਨ ਖਾਲੀ ਕਰ ਦਿਆਂਗੇ।' ਅਸਲੋਂ ਮਾਲਕ ਮਕਾਨ ਵੀ ਇਹੋ ਚਾਹੁੰਦਾ ਸੀ। ਖੌਰੇ ਏਸ ਵਿਚ ਪੁਲਿਸ ਇੰਸਪੈਕਟਰ ਦਾ ਵੀ ਹੱਥ ਹੋਵੇ। ਗਲੀਆਂ ਪੱਕੀਆਂ ਹੋਵਣ ਦੀ ਮਨਜ਼ੂਰੀ ਹੋ ਗਈ ਸੀ ਤੇ ਉਸ ਬੜੀ ਸੌਖਤ ਨਾਲ ਚੰਗੀ ਪੇਸ਼ਗੀ ਨਾਲ ਦੁਗਣੇ ਕਿਰਾਏ ਉੱਤੇ ਮਕਾਨ ਚਾੜ੍ਹ ਦੇਣਾ ਸੀ।

ਨਿੱਕਾ ਬੜਾ ਤ੍ਰਿਖਾ ਸੀ। ਉਸ ਕੋਲ ਪਤਾ ਨਹੀਂ ਕਿਹੜੇ ਮਾਡਲ ਦੀ ਤੇ ਕਿਹੜੇ ਵੇਲਿਆਂ ਦੀ ਮੋਟਰ ਸਾਇਕਲ ਸੀ, ਜਿਸ ਨੂੰ ਉਸ ਤੋਂ ਅੱਡ ਹੋਰ ਕੋਈ ਚਲਾ ਵੀ ਨਹੀਂ ਸਕਦਾ ਸੀ। ਨਾ ਉਹਦਾ ਤਾਲਾ ਸੀ ਤੇ ਨਾ ਚਾਬੀ। ਤੀਜੇ ਮੁਹੱਲਿਉਂ ਈ ਉਹਦੀ ਵਾਜ ਆ ਜਾਣੀ। ਪਰ ਉਹ ਏਸ ਮੋਟਰ ਸਾਇਕਲ ਨੂੰ ਇੰਜ ਭਜਾਈ ਫਿਰਦਾ ਸੀ ਜਿਵੇਂ ਇਹ ਉਸ ਦੇ ਅੰਗ ਦਾ ਕੋਈ ਟੋਟਾ ਏ। ਉਸ ਦੋ ਚਾਰ ਦਿਨਾਂ ਮਗਰੋਂ ਹੀ ਮੋਟਰ ਸਾਇਕਲ ਭਜਾ ਭਜਾ ਇਕ ਹੋਰ ਥਾਂ ਏਸ ਘਰ ਨਾਲੋਂ ਚੰਗਾ ਤੇ ਘੱਟ ਕਿਰਾਏ ਉੱਤੇ ਇਕ ਹੋਰ ਘਰ ਲੱਭ ਲਿਆ ਤੇ ਪੇਸ਼ਗੀ ਦੇ ਦਵਾ ਅਗਲੇ ਦਿਨ ਹੋਕਾ ਦੇ ਦਿੱਤਾ ਪਈ ਅਗਲੇ ਮਹੀਨੇ ਅਸੀਂ ਉਥੇ ਟੁਰ ਜਾਵਾਂਗੇ। 'ਉਹ ਥਾਂ ਵੀ ਚੰਗੀ ਏ, ਪੱਕੀਆਂ ਗੱਲੀਆਂ ਤੇ ਨਾਲ ਈ ਬਾਜ਼ਾਰ ਏ।' ਉਸ ਦੱਸਿਆ। ਉਂਜ ਉਹ ਸੀ ਸੱਚਾ ਕਿਉਂ ਜੇ ਘਰ ਦਾ ਕਿਰਾਇਆ ਉਹ ਦੇਂਦਾ ਸੀ ਤੇ ਖ਼ਰਚਾ ਮੈਂ ਕਰਦਾ ਸਾਂ।

ਈਦ ਨੇੜੇ ਸੀ। ਮਾਂ ਆਖਿਆ ਈਦ ਕਰਕੇ ਹੀ ਜਾਵਾਂਗੇ। ਮਾਲਕ ਮਕਾਨ ਵੀ ਸਾਨੂੰ ਇਕ ਮਹੀਨੇ ਦੀ ਹੋਰ ਮੋਹਲਤ ਦੇ ਦਿੱਤੀ। ਮਾਂ ਮੈਥੋਂ ਈਦ ਦੀ ਨਮਾਜ਼ ਜ਼ਰੂਰ

ਪੜ੍ਹਵਾਉਂਦੀ ਸੀ। ਪਤਾ ਨਹੀਂ ਕਿਹੜੇ ਬਕਸੇ ਵਿਚੋਂ ਕਪੜੇ ਦੀ ਚਿੱਟੀ ਟੋਪੀ ਤੇ ਨਵਾਂ ਰੁਮਾਲ ਕੱਢ ਕੇ ਈਦ ਪੜ੍ਹਨ ਜਾਣ ਤੋਂ ਪਹਿਲਾਂ ਜ਼ਰੂਰੀ ਦੇਂਦੀ। ਆਖਦੀ ਇਹ ਮੱਕੇ ਮਦੀਨੇ ਦੀ ਟੋਪੀ ਏ। ਈਦ ਪੜ੍ਹ ਮੈਂ ਘਰ ਆਉਂਦਾ ਤਾਂ ਘਰ ਅਗਰਬੱਤੀਆਂ ਦੀ ਮਹਿਕ ਨਾਲ ਭਰਿਆ ਹੁੰਦਾ। ਮਾਂ ਹਮੇਸ਼ ਸਿਰ ਉੱਤੇ ਪਿਆਰ ਦੇਂਦੀ, ਵਾਲਾਂ ਨੂੰ ਚੁੰਮਦੀ, ਅੱਖਾਂ ਵਿਚੋਂ ਇਕ ਦੋ ਹੰਝੂ ਕੇਰਦੀ ਕੋਈ ਮਿੱਠੀ ਸ਼ੈ ਲਿਆ ਕੇ ਅੱਗੇ ਧਰ ਦੇਂਦੀ। ਏਸ ਵਾਰੀ ਵੀ ਮੈਂ ਸੇਵੀਆਂ ਖਾ ਕੇ ਅੰਦਰ ਕਮਰੇ ਆ ਲੰਮਾ ਪੈ ਗਿਆ। ਉਹਦੀ ਉਡੀਕ ਸੀ ਮੈਨੂੰ। ਉਡੀਕ ਉੱਤੇ ਉਸ ਇਕ ਕਾਰਡ ਪਾਇਆ ਸੀ ਤੇ ਆਪਣੇ ਹੱਥ ਨਾਲ ਕੱਢਿਆ ਰੁਮਾਲ ਦਿੱਤਾ ਸੀ। ਮੈਨੂੰ ਪਤਾ ਸੀ ਉਹਦਾ ਆਉਣਾ ਔਖਾ ਏ। ਸਾਰੇ ਤਾਂ ਘਰੇ ਹੋਸਨ। ਫੇਰ ਵੀ ਦੁਪਹਿਰ ਵੇਲੇ ਉਸ ਫੇਰਾ ਪਾ ਈ ਲਿਆ। ਹੱਥ ਮਹਿੰਦੀ ਨਾਲ ਸ਼ਿੰਗਾਰੇ, ਨਵੀਆਂ ਵੰਙਾਂ, ਗਲ ਵਿਚ ਲਾਕਟ ਤੇ ਸੋਹਣੇ ਫੱਬਦੇ ਕਪੜੇ ਪਾਏ ਹੋਏ ਸੂ। ਅੱਗੇ ਤਾਂ ਉਸਦਾ ਮੂੰਹ ਹਮੇਸ਼ ਧਵਾਂਖਿਆ ਹੁੰਦਾ ਸੀ, ਖੌਰੇ ਉਹ ਘਰੇ ਲੱਕੜਾਂ ਬਾਲਦੇ ਸਨ, ਪਰ ਅੱਜ ਤਾਂ ਹੱਥ ਲਾਇਆਂ ਮੈਲੀ ਹੁੰਦੀ ਸੀ। ਮਾਂ ਨਾਲ ਈਦ ਮਿਲਣ ਪਿਛੋਂ ਉਹ ਝੱਟ ਕੁ ਲਈ ਹੀ ਕਮਰੇ ਵਿਚ ਆਈ ਤੇ ਘੁੱਟ ਕੇ ਈਦ ਮਿਲੀ। ਸ਼ਾਮੀਂ ਮਿਲਣ ਦਾ ਆਖ ਕੇ ਉਹ ਉਂਜ ਹੀ ਭੱਜ ਗਈ ਜਿਵੇਂ ਭਜਦੀ ਆਈ ਸੀ।

ਸ਼ਾਮੀਂ ਮਾਂ ਤੇ ਨਿੱਕਾ ਚਾਚਿਆਂ ਵੱਲ ਟੁਰ ਗਏ ਤੇ ਮੈਨੂੰ ਵੀ ਆਵਣ ਦਾ ਆਖ ਗਏ। ਮੈਂ ਘਰ ਇਕੱਲਾ ਰਹਿਣ ਦਾ ਪੱਜ ਪਾਇਆ ਸੀ। ਉਹ ਉਂਜੇ ਸ਼ਿੰਗਾਰੀ ਹੋਈ ਆਈ ਸਗੋਂ ਕੁਝ ਵੱਧ ਹੀ। ਉਂਜ ਅਸੀਂ ਉਦਾਸ ਵੀ ਸਾਂ। ਅਸਾਂ ਘਰ ਜੋ ਛੱਡ ਜਾਣਾ ਸੀ। ਗੱਲਾਂ ਕਰਦੀ ਵਿਚ ਵਿਚ ਉਹ ਆਖਦੀ, 'ਤੇਰੀ ਮਾਂ ਮੈਥੋਂ ਬਹੁਤੀ ਰਾਜ਼ੀ ਨਹੀਂ।' ਕਈ ਵਾਰ ਉਹਦੀਆਂ ਅੱਖਾਂ ਬੁਝ ਜਾਂਦੀਆਂ ਤੇ ਉਹ ਹੱਥ ਵੇਖ ਵੇਖ ਰੋਂਦੀ। 'ਖੌਰੇ ਤੂੰ ਮੇਰੇ ਲੇਖਾਂ ਵਿਚ ਹੈ ਵੀ ਕਿ ਨਾ ?' ਉਸ ਸ਼ਾਮ ਉਸ ਮੇਰੀਆਂ ਵੀ ਕਈ ਰੀਝਾਂ ਲਾਹੀਆਂ ਤੇ ਆਪਣੀਆਂ ਵੀ।

ਅਗਲੇ ਮਹੀਨੇ ਅਸਾਂ ਘਰ ਬਦਲਿਆ ਤੇ ਨਾਲ ਈ ਮਾਂ ਮੇਰੇ ਵਿਆਹ ਦੀ ਗੱਲ ਵੀ ਛੋਹ ਦਿੱਤੀ। ਸਾਕਾਂ ਵਿਚੋਂ ਵੀ ਕੁਝ ਬੰਦੇ ਤੇ ਬੁੱਢੀਆਂ ਘਰ ਆਉਣ ਜਾਣ ਲੱਗ ਪਏ। ਮਾਂ ਜੀ ਨੇ ਨਿੱਕੇ ਨਾਲ ਮੇਰੇ ਤੋਂ ਉਹਲੇ ਉਹਲੇ ਪਹਿਲੇ ਹੀ ਗੱਲ ਪਕਾਈ ਹੋਈ ਸੀ। ਬਸ ਮੈਨੂੰ ਹੀ ਖ਼ਬਰ ਨਹੀਂ ਸੀ। ਨਿੱਕਾ ਵੀ ਇਹੋ ਚਾਹੁੰਦਾ ਸੀ। ਆਪ ਤਾਂ ਉਹ ਹਰ ਥਾਂ ਮੂੰਹ ਮਾਰਦਾ ਪਰ ਮੈਨੂੰ ਪਿਉ ਦੀ ਥਾਂ ਦਈ ਰੱਖਦਾ। ਆਖਦਾ, 'ਤੈਥੋਂ ਹੁੰਦਾ ਵੀ ਕੁਝ ਨਹੀਂ ਤੇ ਤੂੰ ਐਵੇਂ ਈ ਮਗਰ ਲਾ ਲੈਨਾ ਏਂ।'

'ਇਹ ਤੇਰੇ ਵਰਗਿਆਂ ਦਾ ਕੰਮ ਨਹੀਂ।' ਅਸਲੋਂ ਉਹ ਇਹ ਚਾਹੁੰਦਾ ਸੀ ਪਈ ਮੈਂ ਵਿਆਹ ਕਰਾਂ ਤਾਂ ਜੋ ਘਰ ਦੀ ਕੋਈ ਸ਼ਕਲ ਬਣੇ ਤੇ ਉਹ ਲਾਂਭੇ ਹੋਵੇ। ਉਹ ਆਖਦਾ, 'ਅਖ਼ੀਰ ਮੈਂ ਪਰਦੇਸ ਟੁਰ ਜਾਣਾ ਏ। ਮੈਂ ਏਥੇ ਨਹੀਂ ਜੇ ਰਹਿਣਾ।' ਮਾਂ ਮੇਰੇ ਨਾਲ ਵਿਆਹ ਦੀ ਗੱਲ ਕੀਤੀ ਤੇ ਮੈਂ ਇਨਕਾਰੀ ਥੀ ਗਿਆ। ਅੱਜ ਤੀਕ ਮੈਂ ਮਾਂ ਨੂੰ ਕਦੇ ਨਾਂਹ ਨਹੀਂ ਸੀ ਕੀਤੀ। ਮਾਂ ਮਸੱਲਾ ਫੜ ਕੇ ਬਹਿ ਗਈ ਤੇ ਮੇਰੀ ਨਿੱਕੇ ਨਾਲ ਚੰਗੀ ਧੈਂ ਪਟਾਸ ਹੋਈ। ਉਹ ਮੁੜ ਮੁੜ ਆਖੇ, ਆਖ਼ਰ ਕੋਈ ਵਜ੍ਹਾ ਤਾਂ ਹੋਵੇ। ਐਨੀ ਸੋਹਣੀ ਤੇ ਪੜ੍ਹੀ ਹੋਈ ਕੁੜੀ ਏ। ਉਸ ਕੁੜੀ ਦੀ ਗੱਲ ਵਿਚ ਨਹੀਂ ਸੀ ਆਈ ਪਰ ਨਿੱਕੇ ਨੂੰ ਤੇ ਸਾਰੀ ਗੱਲ ਦਾ ਪਤਾ ਸੀ। ਕੁਝ ਦਿਨਾਂ ਦੀ ਖਿਝ ਮਗਰੋਂ ਮੈਂ ਮਾਂ ਨੂੰ ਜਾ ਕੇ ਮਸੱਲੇ ਤੋਂ ਉਠਾਇਆ। ਵਿਆਹ ਦੀ ਤਰੀਖ਼



ਪੱਕੀ ਹੋ ਗਈ। ਵਿਆਹ ਨੂੰ ਦੋ ਚਾਰ ਦਿਨ ਹੀ ਰਹਿੰਦੇ ਸਨ ਕਿ ਉਹ ਮਿਲਣ ਆ ਗਈ। ਪਤਾ ਨਹੀਂ ਉਸ ਕਿਵੇਂ ਇਹ ਨਵਾਂ ਘਰ ਲੱਭ ਲਿਆ ਸੀ। ਮੇਰੇ ਵਿਆਹ ਦੀ ਵੀ ਉਸ ਨੂੰ ਖ਼ਬਰ ਹੋ ਗਈ ਸੀ। ਇਹ ਵੀ ਖ਼ੌਰੇ ਕਿਵੇਂ ? ਅੰਦਰ ਕਮਰੇ ਵਿਚ ਉਸ ਚੰਗੀ ਲੜਾਈ ਕੀਤੀ। ਉਹ ਵਾਰ ਵਾਰ ਆਖਦੀ, 'ਤੂੰ ਮੇਰੇ ਨਾਲ ਇਕ ਵਾਰੀ ਤਾਂ ਗੱਲ ਕਰ ਲੈਂਦੋਂ।' ਮੈਂ ਉਸ ਨੂੰ ਆਖਿਆ, 'ਮੈਂ ਤਾਂ ਕੋਈ ਕੌਲ ਕਰਾਰ ਨਹੀਂ ਸੀ ਕੀਤਾ।' ਉਹ ਆਖਦੀ, 'ਫੇਰ ਤੂੰ ਕੀ ਸੀ ਕੀਤਾ ?' ਮੁੜ ਉਹ ਇਹ ਆਖ ਟੁਰ ਗਈ, ਪਈ ਉਸ ਜਾ ਕੇ ਫਾਹ ਲੈ ਲੈਣਾ ਏ। ਮੈਂ ਸਹਿਮ ਗਿਆ। ਉਹ ਫਾਹ ਲੈਣ ਦਾ ਆਖ ਕੇ ਗਈ ਤੇ ਨਿੱਕੇ ਮੇਰੇ ਨਾਲ ਗੱਲ ਕੀਤੀ। ਉਹ ਬਾਹਰ ਖਲੋਤਾ ਸਾਰੀਆਂ ਗੱਲਾਂ ਸੁਣਦਾ ਪਿਆ ਸੀ। ਉਸ ਮੈਨੂੰ ਹੱਸ ਕੇ ਆਖਿਆ, 'ਉਹ ਕੁਝ ਨਹੀਂ ਹੋਣਾ...ਇੰਜ ਦੀਆਂ ਹੁੰਦੀਆਂ ਨੇ ਇਹ ਕੁੜੀਆਂ। ਮਗਰੋਂ ਤੈਨੂੰ ਲਾਹਣੀਆਂ ਨਹੀਂ ਨਾ ਆਉਂਦੀਆਂ।'

ਮੇਰੇ ਵਿਆਹ ਤੋਂ ਇਕ ਦੋ ਦਿਨ ਅਗਦੋਂ ਹੀ ਉਹ ਆਪਣੀਆਂ ਭੈਣਾਂ ਤੇ ਮਾਂ ਨਾਲ ਸਾਡੇ ਘਰ ਆ ਗਈ। ਤਿੰਨ ਚਾਰ ਦਿਨ ਉਹ ਸਾਡੇ ਘਰ ਰਹੀਆਂ। ਉਸ ਕੁੜੀ ਮੇਰੇ ਵਿਆਹ ਉੱਤੇ ਸਭ ਤੋਂ ਵੱਧ ਟੱਪੇ ਗਾਏ, ਸਭ ਤੋਂ ਵੱਧ ਢੋਲਕੀ ਵਜਾਈ ਤੇ ਸਭ ਤੋਂ ਵੱਧ ਨੱਚੀ।

# ਪਾਰਕ ਦੀ ਸੈਰ

ਕਈ ਵਾਰ ਸ਼ਾਮ ਨੂੰ ਸੈਰ ਕਰਨ ਲਈ ਮੈਂ ਉਸ ਪਾਰਕ ਤੁਰ ਜਾਨਾ ਵਾਂ ਜਿਹੜਾ ਮੇਰੇ ਘਰ ਤੋਂ ਨੇੜੇ ਹੈ। ਦਸ ਪੰਦਰਾਂ ਮਿੰਟ ਦਾ ਰਾਹ ਹੋਣਾ ਏ। ਪਾਰਕ ਅੱਪੜ ਕੇ ਮੈਂ ਤ੍ਰਿਖੇ ਤ੍ਰਿਖੇ ਕਦਮੀਂ ਤੁਰਨਾ ਵਾਂ ਤੇ ਅੱਧਾ ਪੌਣਾ ਘੰਟਾ ਸੈਰ ਜ਼ਰੂਰ ਕਰਦਾ ਹਾਂ।

ਇਹ ਪਾਰਕ ਦਰਿਆ ਕੰਢੇ ਹੈ। ਆਮ ਪਬਲਿਕ ਲਈ ਟਿਕਟ ਏ ਤੇ ਸ਼ਾਮੀਂ ਸੱਤ ਵਜੇ ਇਹ ਬੰਦ ਹੋ ਜਾਂਦਾ ਏ। ਪਰ ਇਸ ਤੋਂ ਮਗਰੋਂ ਵੀ ਕੁਝ ਲੋਕ ਬੈਠੇ ਰਹਿੰਦੇ ਨੇ ਤੇ ਇਕ ਨਿੱਕਾ ਜਿਹਾ ਬੂਹਾ ਹਰ ਵੇਲੇ ਖੁੱਲ੍ਹਾ ਰਹਿੰਦਾ ਏ। ਸ਼ਾਮ ਮਗਰੋਂ ਪਾਰਕ ਵਿਚ ਚੋਖਾ ਹਨੇਰਾ ਹੋ ਜਾਂਦਾ ਏ ਕਿਉਂਕਿ ਚਾਨਣ ਲਈ ਕੋਈ ਉਚੇਚਾ ਪ੍ਰਬੰਧ ਨਹੀਂ। ਉਂਜ ਕੁਝ ਥਾਵਾਂ ਉੱਤੇ ਖੰਭਿਆਂ ਉੱਤੇ ਇਕ ਦੋ ਬਲਬ ਜਗਦੇ ਰਹਿੰਦੇ ਨੇ ਪਰ ਏਡੇ ਵੱਡੇ ਪਾਰਕ ਵਿਚ ਉਹ ਨਾ ਹੋਵਣ ਜੋਗੇ ਹੀ ਨੇ। ਫੇਰ ਦਰਿਆ ਲਾਗੇ ਹੋਵਣ ਕਰਕੇ ਸੱਪ ਜਾਂ ਹੋਰ ਕਿਸੇ ਸ਼ੈ ਦਾ ਡਰ ਵੀ ਰਹਿੰਦਾ ਹੈ। ਏਸ ਲਈ ਵੱਡੀ ਸੜਕ ਤੋਂ ਲਾਂਭੇ ਇਕ ਪਾਸੇ ਟਰੱਕ ਖੜ੍ਹੇ ਕਰਨ ਵਾਲੇ ਪਠਾਣਾਂ ਤੋਂ ਅੱਡ ਜਿਹੜੇ ਪਾਰਕ ਦੀ ਇਕ ਗੁੱਠੇ ਲੱਗ ਕੇ ਚਰਸ ਦੇ ਸੂਟੇ ਲਾਉਂਦੇ ਰਹਿੰਦੇ ਨੇ। ਪਾਰਕ ਵਿਚ ਰਾਤੀਂ ਲੋਕ ਘੱਟ ਈ ਹੁੰਦੇ ਨੇ। ਦਿਨੇ ਵੀ ਲੋਕ ਘੱਟ ਈ ਹੁੰਦੇ ਨੇ ਪਰ ਫੇਰ ਵੀ ਕਈ ਟੱਬਰ ਜੁੜ ਕੇ ਬਾਲਾਂ ਨਾਲ ਦਿਨੇ ਸੈਰ ਕਰਦੇ ਨਜ਼ਰੀਂ ਪੈ ਜਾਂਦੇ ਨੇ। ਪਰ ਦੁਪਹਿਰ ਲਥਦੇ ਨਾਲ ਹੀ ਲੋਕ ਵਧਣ ਲੱਗ ਪੈਂਦੇ ਨੇ। ਬਹੁਤੇ ਤਾਂ ਉਹੀ ਹੁੰਦੇ ਨੇ ਜਿਹੜੇ ਟੱਬਰਾਂ ਨਾਲ ਆਉਂਦੇ ਨੇ ਤੇ ਉਹਨਾਂ ਦੇ ਬਾਲ ਖੇਡੀਂ ਲੱਗੇ ਰਹਿੰਦੇ ਹਨ। ਪੀਂਘਾਂ ਝੂਟਦੇ ਹਨ। ਘੀਸੀ ਕਰਦੇ ਹਨ। ਇਕ ਬਿਜਲੀ ਨਾਲ ਚੱਲਣ ਵਾਲਾ ਝੂਲਾ ਵੀ ਹੈ।

ਪਾਰਕ ਵਿਚ ਸੈਰ ਲਈ ਆਉਣ ਵਾਲੇ ਇਨ੍ਹਾਂ ਲੋਕਾਂ ਵਿਚ ਕਈ ਵਾਰ ਅਜਿਹੇ ਜੋੜੇ ਵੀ ਹੁੰਦੇ ਨੇ ਜਿਨ੍ਹਾਂ ਦੀ ਮੈਨੂੰ ਸਮਝ ਨਹੀਂ ਆਉਂਦੀ। ਕਈ ਵਰ੍ਹਿਆਂ ਵਿਚ ਇਨ੍ਹਾਂ ਜੋੜਿਆਂ ਨੂੰ ਵੇਖ ਵੇਖ ਮੈਂ ਨਿਰੀ ਇਨ੍ਹਾਂ ਦੀ ਵੰਡ ਕਰਨ ਜੋਗਾ ਹੀ ਹੋਇਆ ਹਾਂ। ਨਵੇਂ ਵਿਆਹੇ ਤਾਂ ਦੂਰੋਂ ਹੀ ਸਿਹਾਣੇ ਜਾਂਦੇ ਨੇ। ਵਿਚ ਕੁਝ ਅਜਿਹੇ ਹੁੰਦੇ ਹਨ ਜਿਨ੍ਹਾਂ ਵਿਚ ਮੁੰਡਾ ਹੌਲੀ ਉਮਰ ਦਾ ਤੇ ਜ਼ਨਾਨੀ ਕੁਝ ਵਡੇਰੀ ਉਮਰ ਦੀ ਜਾਪਦੀ ਏ। ਕਈ ਵਾਰ ਨਾਲ ਇਕ ਬਾਲ ਵੀ ਹੁੰਦਾ ਏ, ਜਿਹੜਾ ਉਨ੍ਹਾਂ ਦਾ ਲਗਦਾ ਵੀ ਏ ਤੇ ਨਹੀਂ ਵੀ ਲਗਦਾ। ਦੂਜੀ ਵੰਡ ਵਿਚ ਜਵਾਨ ਕੁੜੀ ਤੇ ਵਡੇਰੀ ਉਮਰ ਦਾ ਬੰਦਾ ਹੁੰਦਾ ਏ ਤੇ ਕਈ ਵਾਰ ਨਾਲ ਵਡੇਰੀ ਉਮਰ ਦੀ ਇਕ ਜ਼ਨਾਨੀ ਵੀ ਹੁੰਦੀ ਏ, ਜਿਹੜੀ ਕੁੜੀ ਦੀ ਮਾਂ ਜਾਪਦੀ ਵੀ ਏ ਤੇ ਨਹੀਂ ਵੀ। ਤੀਜੀ ਵੰਡ ਵਿਚ ਜਵਾਨ ਮੁੰਡਾ ਤੇ ਕੁੜੀ ਹੁੰਦੇ ਨੇ, ਮੈਨੂੰ ਬਹੁਤੀ ਖਿੱਚ ਇਨ੍ਹਾਂ ਦੀ ਹੀ



ਹੁੰਦੀ ਏ। ਇਹ ਏਧਰ ਉਧਰ ਨੁੱਕਰਾਂ ਵਿਚ ਲੁਕਵੀਂ ਥਾਂ ਬੈਠੇ ਰਹਿੰਦੇ ਨੇ ਤੇ ਪਤਾ ਨਹੀਂ ਕਿੰਨਾ ਕਿੰਨਾ ਚਿਰ ਕੀ ਗੱਲਾਂ ਕਰਦੇ ਰਹਿੰਦੇ ਨੇ ? ਇਹ ਆਖਣ ਦੀ ਲੋੜ ਨਹੀਂ ਕਿ ਇਨ੍ਹਾਂ ਵਿਚ ਬਹੁਤ ਆਸ਼ਕ ਲੋਕ ਹੀ ਹੁੰਦੇ ਨੇ।

ਮੈਂ ਪਾਰਕ ਦੇ ਸਤ ਅੱਠ ਗੇੜੇ ਤਾਂ ਲਾਉਣੇ ਹੁੰਦੇ ਨੇ ਤੇ ਹਰ ਗੇੜਾ ਅੱਠ ਦਸ ਮਿੰਟ ਦਾ ਹੁੰਦਾ ਹੈ। ਪੂਰੇ ਪਾਰਕ ਦਾ ਗੇੜਾ ਲਾਉਣ ਲੱਗਿਆਂ ਪਾਰਕ ਦੀ ਕੋਈ ਥਾਂ ਲੁਕਵੀਂ ਨਹੀਂ ਰਹਿੰਦੀ। ਉਹ ਜੋੜੇ ਵੀ ਜਿਹੜੇ ਆਪਣੇ ਵਲੋਂ ਲਾਂਭੇ ਹੋ ਕੇ ਬੈਠੇ ਹੁੰਦੇ ਨੇ, ਨਜ਼ਰੀਂ ਪੈ ਜਾਂਦੇ ਨੇ। ਮੇਰੇ ਵਰਗੇ ਸੈਰ ਆਉਣ ਵਾਲੇ ਬਹੁਤੇ ਨਹੀਂ ਤਾਂ ਇਕ ਦੋ ਹੁੰਦੇ ਜ਼ਰੂਰ ਨੇ। ਹਰ ਗੇੜੇ ਵਿਚ ਉਹਨਾਂ ਜੋੜਿਆਂ ਸਾਹਮਣਿਓਂ ਲੰਘਣਾ ਤਾਂ ਪੈਂਦਾ ਏ ਤੇ ਮੈਂ ਚੋਰੀ ਅੱਖੀਂ ਇਕ ਵਾਰ ਉਹਨਾਂ ਨੂੰ ਅੱਖਾਂ ਦੀ ਪੜਚੋਲ ਵਿਚੋਂ ਜ਼ਰੂਰ ਲੰਘਾਉਨਾਂ। ਇਨ੍ਹਾਂ ਆਸ਼ਕ ਲੋਕਾਂ ਦਾ ਉਂਜ ਵੀ ਤਾਂ ਲੱਗ ਜਾਂਦਾ ਏ ਪਈ ਉਹ ਆਪਣੇ ਧਿਆਨੇ ਹੱਥ ਨਾਲ ਹੱਥ ਜੋੜ ਕੇ ਬੈਠੇ ਹੁੰਦੇ ਨੇ ਤੇ ਜਦ ਮੈਂ ਅਚਨਚੇਤ ਪਹਿਲੀ ਵਾਰ ਤ੍ਰਿਖਾ ਤੁਰਦਾ ਉਹਨਾਂ ਸਾਹਮਣਿਓਂ ਲੰਘਦਾ ਆਂ ਤਾਂ ਉਹ ਜਾਂ ਚੁੱਪ ਕਰ ਜਾਂਦੇ ਨੇ ਜਾਂ ਐਵੇਂ ਹਿੱਲਣ ਜੁਲਣ ਦੀ ਕਰਦੇ ਨੇ। ਪਰ ਉਹ ਆਪਣੇ ਆਪ ਨੂੰ ਵਲਾਂਦੇ ਨਹੀਂ। ਬਹੁਤੇ ਜੋੜੇ ਆਪਣੀ ਗੱਲ ਬਾਤ ਵਿਚ ਐਨੇ ਰੁੱਝੇ ਹੁੰਦੇ ਨੇ ਪਈ ਉਹ ਮੈਨੂੰ ਵੇਖਿਆ, ਅਣਵੇਖਿਆ ਕਰ ਦੇਂਦੇ ਨੇ ਜਿਵੇਂ ਮੈਂ ਵੀ ਉਹਨਾਂ ਨੂੰ ਵੇਖਿਆ ਅਣਵੇਖਿਆ ਕਰ ਦੇਂਦਾ ਆਂ।

ਪਾਰਕ ਵਿਚ ਕੰਟੀਨ ਵੀ ਹੈ। ਡਿੱਗੇ ਰੁੱਖਾਂ ਦੀਆਂ ਲੱਕੜਾਂ ਨਾਲ ਆਪ ਮੁਹਾਰੇ ਬਣਾਏ ਸਟੂਲ ਵੀ ਪਏ ਰਹਿੰਦੇ ਨੇ। ਦੋ ਚਾਰ ਸੀਮੇਂਟ ਦੀਆਂ ਬਣੀਆਂ ਕੁਰਸੀਆਂ ਤੇ ਮੇਜ਼ਾਂ ਵੀ ਨੇ ਪਰ ਹੁਣ ਟੁੱਟ ਭੱਜ ਕੇ ਐਨੀਆਂ ਪੁਰਾਣੀਆਂ ਹੋ ਗਈਆਂ ਨੇ ਪਈ ਇਹਨਾਂ ਉੱਤੇ ਕੋਈ ਨਹੀਂ ਬਹਿੰਦਾ। ਬਹੁਤੇ ਗਾਹਕ ਥੱਲੇ ਘਾਹ ਉੱਤੇ ਈ ਬੋਤਲ ਜਾਂ ਕੁਝ ਖਾ ਪੀ ਕੇ ਤੁਰ ਜਾਂਦੇ ਨੇ। ਜੇ ਤੁਸੀਂ ਕੰਟੀਨ ਦੇ ਪਿਛਲੇ ਪਾਸੇ ਬਹਿ ਜਾਉ ਤਾਂ ਲੋਕਾਂ ਸਾਹਮਣਿਓਂ ਉੱਕਾ ਉਹਲਾ ਹੋ ਜਾਂਦਾ ਏ। ਪਰ ਜੇ ਤੁਸੀਂ ਪਾਰਕ ਦਾ ਪੂਰਾ ਗੇੜਾ ਲਾਓ ਤਾਂ ਕੰਟੀਨ ਦੇ ਪਿਛਲੇ ਪਾਸਿਉਂ ਵੀ ਲੰਘਣਾ ਪੈਂਦਾ ਏ ਤੇ ਇਹ ਵੀ ਇਹਨਾਂ ਜੋੜਿਆਂ ਦੀ ਪਸੰਦੀ ਥਾਂ ਏ ਜਿਨ੍ਹਾਂ ਦੀ ਮੈਂ ਗੱਲ ਪਿਆ ਕਰਨਾ ਵਾਂ।

ਇਹ ਤਾਂ ਖਰੀ ਗੱਲ ਏ ਪਈ ਜਿਸ ਕੋਲ ਬੈਠਣ ਲਈ ਕੋਈ ਚੰਗੀ ਥਾਂ ਹੋਵੇ ਉਸ ਏਥੇ ਆ ਕੇ ਕੀ ਗੱਲਾਂ ਕਰਨੀਆਂ ਨੇ। ਜਿਸ ਕੋਲ ਚਾਰ ਛਿੱਲੜ ਹੋਵਣ ਉਹ ਕਿਸੇ ਚੰਗੀ ਥਾਂ ਖਾਣਾ ਖਾਸੀ ਜਾਂ ਫਿਲਮ ਵੇਖਸੀ। ਏਥੇ ਤਾਂ ਬਹੁਤੇ ਉਹੋ ਹੀ ਆਉਂਦੇ ਨੇ ਜਿਹੜੇ ਮਹਾਤੜ ਹੁੰਦੇ ਨੇ ਤੇ ਇਕ ਕੋਕਾ ਕੋਲਾ ਦੀ ਬੋਤਲ ਮੰਗਾ ਕੇ ਚਾਰ ਚਾਰ ਘੰਟੇ ਇਕ ਪਾਸੇ ਬਹਿ ਕੇ ਗੱਲਾਂ ਕਰਦੇ ਰਹਿੰਦੇ ਨੇ। ਅਸਲੋਂ ਪਾਰਕ ਦੇ ਆਲੇ ਦੁਆਲੇ ਵੀ ਅਜਿਹੀਆਂ ਬਸਤੀਆਂ ਨੇ ਜਿਥੇ ਸ਼ਹਿਰ ਦੇ ਆਮ ਲੋਕ ਰਹਿੰਦੇ ਨੇ। ਸਾਰਾ ਦਿਨ ਹੱਡ ਪੀਹਣ ਵਾਲੇ ਕੰਮਾਂ ਮਗਰੋਂ ਜਦ ਇਕ ਦੋ ਕਮਰਿਆਂ ਵਿਚ ਰਹਿ ਰਹਿ ਸੌੜੇ ਪੈਂਦੇ ਨੇ ਤੇ ਏਥੇ ਪਾਰਕ ਵਿਚ ਆ ਜਾਂਦੇ ਨੇ। ਆਲੇ ਦੁਆਲੇ ਦੀਆਂ ਬਸਤੀਆਂ ਵੀ ਅਜੇ ਕੱਚੀ ਤੇ ਪੱਕੀ ਆਬਾਦੀ ਵਿਚਕਾਰ ਖਲੋਤੀਆਂ ਹੋਈਆਂ ਨੇ। ਇਹ ਮੈਂ ਏਸ ਤੋਂ ਪਿਆ ਆਖਦਾ ਵਾਂ ਪਈ ਅੱਜ ਤਕ ਮੈਂ ਕਿਸੇ ਜੋੜੇ ਨੂੰ ਤੇ ਜ਼ਨਾਨੀ ਨੂੰ ਤਾਂ ਉਕਾ ਈ ਇੰਜ ਸੈਰ ਕਰਦਿਆਂ ਨਹੀਂ ਤੱਕਿਆ ਜਿਵੇਂ ਜੋੜੇ ਵਜ਼ਨ ਘਟਾਵਣ ਲਈ ਲਾਹੌਰ ਦੇ ਲਾਰੰਸ ਗਾਰਡਨ ਜਾਂ ਹੋਰ ਸੌਖੀਆਂ ਥਾਵਾਂ

ਦੇ ਪਾਰਕਾਂ ਵਿਚ ਨਜ਼ਰੀਂ ਪੈਂਦੇ ਹਨ।

ਪਿੱਛੇ ਜਿਹੇ ਸੈਰ ਕਰਦੇ ਮੈਨੂੰ ਅਜਿਹਾ ਜੋੜਾ ਨਹੀਂ ਨਜ਼ਰੀਂ ਪਿਆ ਜਿਹੜਾ ਮੈਨੂੰ ਆਪਣੇ ਪਹਿਲੇ ਗੇੜੇ ਵਿਚ ਉੱਕਾ ਚੁੱਪ ਜਿਹਾ ਬੈਠਾ ਦਿਸਿਆ। ਉਹਨਾਂ ਘੁੱਗੀਆਂ ਦੇ ਜੋੜੇ ਵਾਂਗ ਜਿਹੜਾ ਕਿਸੇ ਓਬੜ ਥਾਂ 'ਤੇ ਆ ਨਿਕਲਿਆ ਹੋਵੇ ਤੇ ਐਵੇਂ ਏਧਰ ਉਧਰ ਤੱਕਦਾ ਪਿਆ ਹੋਵੇ। ਉਹ ਜੋੜਾ ਕੰਟੀਨ ਦੇ ਪਿਛਲੇ ਪਾਸੇ ਹੀ ਬੈਠਾ ਸੀ। ਗਰਮੀਆਂ ਦੇ ਦਿਨ ਪਰ ਰਾਤੀਂ ਮੀਂਹ ਪੈਣ ਨਾਲ ਸ਼ਾਮ ਵਿਚ ਚੁੱਪ ਚੁਪੀਤਾ ਸਾਹ ਜਿਹਾ ਸੀ। ਸ਼ਾਮ ਵੀ ਚੁੱਪ ਚੁਪੀਤੀ ਸੀ ਤੇ ਦਰਿਆਓਂ ਪਾਰ ਪਰਤਦਾ ਸੂਰਜ ਮੇਰੇ ਹਰ ਗੇੜੇ ਨਾਲ ਕੁਝ ਹੋਰ ਹੀ ਹੇਠਾਂ ਹੋ ਜਾਂਦਾ ਸੀ। ਪੀਲੀ ਲਿਸ਼ਕਦੀ ਧੁੱਪ ਦੀ ਚਾਦਰ ਕੋਈ ਹੌਲੀ ਹੌਲੀ ਰੁੱਖਾਂ ਉਪਰੋਂ ਖਿੱਚ ਰਿਹਾ ਸੀ। ਇਹ ਚੁੱਪ ਚਾਪ ਬੈਠਾ ਜੋੜਾ ਵਿਚਕਾਰ ਚੋਖੀ ਵਿਥ ਰੱਖੀ ਬੈਠਾ ਸੀ। ਕੁੜੀ ਹੇਠਾਂ ਵੇਖਦੀ ਐਵੇਂ ਘਾਹ ਦੇ ਤੀਲੇ ਤੋੜਦੇ ਪਈ ਤੇ ਮੁੰਡਾ ਕਿਤੇ ਹੋਰ ਹੀ ਤੱਕੀ ਜਾਵੇ। ਦੋਵੇਂ ਖੌਰੇ ਉਦਾਸ ਸਨ ਜਾਂ ਰੁੱਸੇ ਰੁੱਸੇ ਜਿਹੇ।

ਪਹਿਲੇ ਗੇੜੇ ਚੁੱਪ ਜਿਹਾ ਜੋੜਾ ਦੂਜੇ ਗੇੜੇ ਆਪਣੇ ਵਿਚਕਾਰ ਕੁਝ ਵਿੱਥ ਘਟਾ ਕੇ ਗੱਲਾਂ ਕਰਨ ਲੱਗ ਪਿਆ। ਤੀਜੇ ਗੇੜੇ ਮੈਂ ਉਹਨਾਂ ਨੂੰ ਦੂਰੋਂ ਵੇਖ ਕੇ ਈ ਪੈਰ ਹੌਲੇ ਕਰ ਦਿੱਤੇ। ਮੈਨੂੰ ਮੁੜਕਾ ਆਉਣ ਲੱਗ ਪਿਆ ਤੇ ਸਾਹ ਵੀ ਚੜ੍ਹ ਗਿਆ ਸੀ। ਉਹ ਹੁਣ ਚੋਖੇ ਨੇੜੇ ਸਨ ਤੇ ਮੁੰਡਾ ਕੁੜੀ ਦੀ ਇਕ ਹੱਥ ਵਿਚ ਪਾਈ ਮੁੰਦਰੀ ਉੱਤੇ ਹੌਲੀ ਹੌਲੀ ਹੱਥ ਫੇਰ ਰਿਹਾ ਸੀ। ਦੋਵੇਂ ਮੂੰਹ ਹੇਠਾਂ ਸੁੱਟ ਕੇ ਗੱਲਾਂ ਕਰਦੇ ਪਏ ਸਨ। ਉਹ ਆਲੇ ਦੁਆਲੇ ਤੋਂ ਉੱਕਾ ਬੇਖ਼ਬਰੇ ਜਿਹੇ ਸਨ। ਮੇਰੇ ਅਗਲੇ ਇਕ ਦੋ ਗੇੜਿਆਂ ਵਿਚ ਉਹ ਦੋਵੇਂ ਹੱਸ ਹੱਸ ਗੱਲਾਂ ਕਰਨ ਲੱਗ ਪਏ ਤੇ ਮੁੰਡੇ ਕੁੜੀ ਦੀ ਮੁੰਦਰੀ ਲਾਹ ਕੇ ਹੱਥ ਵਿਚ ਫੜ ਲਈ। ਸ਼ਾਮ ਝਬਦੇ ਮੁੱਕ ਗਈ ਤੇ ਪਾਰਕ ਖਾਲੀ ਹੋਵਣ ਲੱਗ ਪਿਆ। ਕੁਝ ਬਾਲ ਪੀਂਘ ਨੂੰ ਚੰਬੜੇ ਸਨ ਤੇ ਇਕ ਦੋ ਜ਼ਨਾਨੀਆਂ ਤੇ ਇਕ ਅੱਧਾ ਮਰਦ ਉਹਨਾਂ ਤੋਂ ਇਕ ਪਾਸੇ ਖੜ੍ਹੇ ਬਾਲਾਂ ਦੇ ਪੀਂਘ ਤੋਂ ਵਿਹਲਿਆਂ ਹੋਵਣ ਦੀ ਉਡੀਕ ਵਿਚ ਸਨ। ਮੇਰਾ ਵੀ ਇਕ ਅੱਧਾ ਗੇੜਾ ਰਹਿ ਗਿਆ ਹੋਣਾ ਏਂ ਤੇ ਹਨੇਰਾ ਪੈਰ ਪਸਾਰਨ ਲੱਗਾ। ਮੁੜਦੇ ਸੂਰਜ ਦੀ ਜਾਂਦੀ ਲਾਲੀ ਉਤੇ ਕਿਸੇ ਹੌਲੀ ਨਾਲ ਕਾਲਖ ਸੁੱਟੀ ਤੇ ਰਾਤ ਲੱਥ ਪਈ।

ਮੈਨੂੰ ਅਖੀਰਲੇ ਗੇੜੇ ਚੋਖਾ ਮੁੜਕਾ ਆ ਜਾਂਦਾ ਏ ਤੇ ਸਾਹ ਵੀ ਵਾਹਵਾ ਚੜ੍ਹਿਆ ਹੁੰਦਾ ਏ। ਏਸ ਲਈ ਅਖੀਰਲੇ ਗੇੜੇ ਮੈਂ ਹੌਲੀ ਹੌਲੀ ਤੁਰਦਾ ਸਾਹ ਨੂੰ ਸਾਵਾਂ ਕਰਦਾ ਮੁੜ੍ਹਕਾ ਸੁਕਾਨਾ ਵਾਂ। ਸਾਹ ਹੌਲਾ ਹੋਵਣ ਮਗਰੋਂ ਨਕਲੇ ਤੋਂ ਪਾਣੀ ਪੀਨਾ ਵਾਂ ਤੇ ਮੁੜ ਆਰਾਮ ਨਾਲ ਬੈਂਚ ਉੱਤੇ ਬਹਿ ਜਾਨਾ ਵਾਂ। ਉਸ ਵੇਲੇ ਤਾਈਂ ਉੱਕਾ ਰਾਤ ਪੈ ਜਾਂਦੀ ਏ ਤੇ ਮਾਲੀਆਂ ਦੀ ਇਕ ਅੱਧੀ ਢਾਣੀ ਤੋਂ ਅੱਡ ਹੋਰ ਕੋਈ ਪਾਰਕ ਵਿਚ ਨਹੀਂ ਹੁੰਦਾ। ਪਾਰਕ ਦੀ ਇਕ ਨੁੱਕਰੇ ਦੋ ਚਾਰ ਸਰਕਾਰੀ ਕਵਾਟਰ ਵੀ ਬਣੇ ਹੋਏ ਨੇ ਜਿਨ੍ਹਾਂ ਵਿਚ ਪਾਰਕ ਦਾ ਅਮਲਾ ਰਹਿੰਦਾ ਏ। ਇਨ੍ਹਾਂ ਕਵਾਟਰਾਂ ਵਿਚ ਇਕ ਸਿਪਾਹੀ ਜਾਂ ਚੌਂਕੀਦਾਰ ਵੀ ਰਹਿੰਦਾ ਏ। ਸਿਪਾਹੀ ਏਸ ਗੱਲੋਂ ਪਈ ਉਹਨੇ ਸਿਪਾਹੀਆਂ ਵਾਲੀ ਹੀ ਵਰਦੀ ਪਾਈ ਹੁੰਦੀ ਏ। ਉਹ ਕਈ ਵਾਰ ਰਾਤ ਨੂੰ ਗੇੜਾ ਲਾਉਂਦਾ ਏ ਤੇ ਜੇ ਪਾਰਕ ਵਿਚ ਕੋਈ ਸੁੱਤਾ ਹੋਵੇ ਤੇ ਉਹਨੂੰ ਲੱਤਾਂ ਮਾਰ ਮਾਰ ਕੇ ਉਠਾਂਦਾ ਏ ਤੇ ਉਥੋਂ ਟੁਰ ਜਾਵਣ ਦਾ ਆਖਦਾ ਏ। ਉਂਜ ਸ਼ਹਿਰ ਵਿਚ ਦਿਨੇਂ ਤੁਸੀਂ ਭਾਵੇਂ ਕਿਥੇ ਵੀ ਸੁੱਤੇ ਰਹੋ ਪਰ ਰਾਤੀਂ ਕਿਸੇ ਵੀ ਥਾਂ ਸੌਣਾ ਕਿੰਨਾ ਔਖਾ



ਏ। ਇਹ ਸਿਪਾਹੀ ਮੇਰਾ ਚੰਗਾ ਜਾਣੂ ਹੋ ਗਿਆ ਹੈ ਤਾਂ ਜੋ ਸਾਡਾ ਕਈ ਵਾਰ ਟਾਕਰਾ ਹੁੰਦਾ ਏ। ਜਦ ਮੈਂ ਸੈਰ ਮਗਰੋਂ ਬੈਂਚ ਉੱਤੇ ਬੈਠਾ ਹੋਵਾਂ ਤਾਂ ਉਹ ਮੇਰੇ ਕੋਲ ਆ ਕੇ ਖਲੋ ਜਾਂਦਾ ਏ ਤੇ ਮੇਰੇ ਨਾਲ ਗੱਲਾਂ ਕਰਦਾ ਪਾਰਕ ਵਿਚ ਏਧਰ ਉਧਰ ਸਿਪਾਹੀਆਂ ਵਾਂਗਰ ਤਾੜਵੀਂ ਅੱਖ ਨਾਲ ਤੱਕਦਾ ਰਹਿੰਦਾ ਏ। ਕਈ ਵਾਰ ਉਹ ਮੈਨੂੰ ਸੜਕ ਉੱਤੇ ਵੀ ਟੱਕਰ ਜਾਂਦਾ ਏ। ਜਦ ਉਹ ਆਪਣੀ ਵਹੁਟੀ ਨੂੰ ਸਾਇਕਲ ਪਿੱਛੇ ਬਿਠਾ ਕੇ ਕਿਤੇ ਜਾਂਦਾ ਪਿਆ ਹੁੰਦਾ ਏ।

ਆਪਣੇ ਅਖੀਰਲੇ ਗੇੜੇ ਜਦ ਮੈਂ ਹੌਲੀ ਹੌਲੀ ਤੁਰਦਾ ਕੰਟੀਨ ਦੇ ਪਿਛਲੇ ਪਾਸਿਓਂ ਲੰਘਿਆ ਤਾਂ ਉਹ ਜੋੜਾ ਅਜੇ ਵੀ ਉਥੇ ਬੈਠਾ ਸੀ। ਉਸ ਵੇਲੇ ਚੋਖਾ ਹਨੇਰਾ ਹੋ ਗਿਆ ਸੀ ਤੇ ਆਮ ਪੱਖੋਂ ਏਸ ਵੇਲੇ ਅਜਿਹੇ ਜੋੜੇ ਤੁਰ ਜਾਂਦੇ ਹੁੰਦੇ ਹਨ। ਕੰਟੀਨ ਵੀ ਬੰਦ ਹੋ ਗਈ ਸੀ। ਮੈਨੂੰ ਅਚੰਭਾ ਵੀ ਹੋਇਆ ਤੇ ਨਾਲ ਫਿਕਰ ਵੀ ਲੱਗ ਗਈ। ਇਨ੍ਹਾਂ ਨੂੰ ਹੁਣ ਤੁਰ ਜਾਣਾ ਚਾਹੀਦਾ ਹੈ। ਪਾਰਕ ਦਾ ਵੇਲਾ ਤਾਂ ਮੁੱਕ ਗਿਆ ਹੋਇਆ ਏ। ਮੈਂ ਨਲਕੇ ਤੋਂ ਪਾਣੀ ਪੀ ਕੇ ਪਾਰਕ ਦੇ ਗੇਟ ਕੋਲ ਹੀ ਇਕ ਬੈਂਚ ਉੱਤੇ ਆ ਬਹਿੰਨਾ ਆਂ। ਇਨ੍ਹਾਂ ਨੂੰ ਹੁਣ ਤੁਰ ਜਾਣਾ ਚਾਹੀਦਾ ਏ। ਦੂਰੋਂ ਮੈਂ ਸਿਪਾਹੀ ਨੂੰ ਆਪਣੇ ਵੱਲ ਆਉਂਦਾ ਵੇਖਦਾ ਹਾਂ। ਮੇਰੇ ਵੱਲ ਆਉਂਦਾ ਉਹ ਪਾਰਕ ਖਾਲੀ ਕਰਨ ਦੀ ਸੀਟੀ ਅਖੀਰੀ ਵਾਰ ਮਾਰਦਾ ਏ ਤੇ ਮੈਨੂੰ ਹੋਰ ਚਿੰਤਾ ਲੱਗ ਜਾਂਦੀ ਹੈ।

ਬੇਲਿਹਾਜ਼ ਤੇ ਰੁੱਖਾ ਜਿਹਾ ਇਹ ਸਿਪਾਹੀ ਏ ਤੇ ਹਰ ਵੇਲੇ ਐਵੇਂ ਕਾਰਵਾਈ ਦੇ ਚੱਕਰ ਵਿਚ ਹੀ ਰਹਿੰਦਾ ਏ। ਉਹਨਾਂ ਲਈ ਕੋਈ ਵੀ ਰੱਫੜ ਬਣ ਸਕਦਾ ਏ। ਉਹ ਮੇਰੇ ਕੋਲ ਆ ਕੇ ਖਲੋ ਜਾਂਦਾ ਏ ਤੇ ਇਕ ਦੋ ਗੱਲਾਂ ਕਰਦਾ ਏਧਰ ਉਧਰ ਨਜ਼ਰਾਂ ਦੀ ਫੇਰੀ ਦੇਈ ਰੱਖਦਾ ਹੈ। ਅੱਜ ਉਹ ਮੈਨੂੰ ਖੁਸ਼ ਜਿਹਾ ਵੀ ਦਿਸਦਾ ਏ। ਇਕ ਵਾਰੀ ਮੈਨੂੰ ਲਗਦਾ ਏ ਪਈ ਏਸ ਨੂੰ ਸ਼ੱਕ ਏ ਪਈ ਕੰਟੀਨ ਪਿੱਛੇ ਅਜੇ ਵੀ ਇਕ ਜੋੜਾ ਬੈਠਾ ਹੋਇਆ ਏ ਤੇ ਇਹ ਤਾੜ ਵਿਚ ਹੈ। ਅਚਨਚੇਤ ਉਹ ਮੇਰੇ ਨਾਲ ਗੱਲ ਮੁਕਾ ਕੇ ਕੰਟੀਨ ਵੱਲ ਹੀ ਤੁਰ ਪੈਂਦਾ ਏ। ਇਹਦਾ ਆਪਣਾ ਕਵਾਟਰ ਤਾਂ ਦੂਜੇ ਪਾਸੇ ਹੈ। ਫੇਰ ਪਤਾ ਨਹੀਂ ਉਹਨੂੰ ਕੀ ਖਿਆਲ ਆਉਂਦਾ ਏ, ਕੰਟੀਨ ਵੱਲ ਜਾਂਦਾ ਜਾਂਦਾ ਉਹ ਆਪਣੇ ਕਵਾਟਰ ਵੱਲ ਮੁੜ ਜਾਂਦਾ ਏ।

ਮੈਨੂੰ ਸਾਹ ਪੈਂਦਾ ਹੈ। ਇਨ੍ਹਾਂ ਨੂੰ ਹੁਣ ਤੁਰ ਜਾਣਾ ਚਾਹੀਦਾ ਏ। ਮੈਂ ਕਿੰਨਾ ਚਿਰ ਬੈਠਾ ਰਹਿੰਦਾ ਹਾਂ। ਸੋਚਦਾ ਆਂ ਪਈ ਮੈਂ ਆਪੇ ਜਾ ਕੇ ਉਹਨਾਂ ਨੂੰ ਏਥੋਂ ਟੁਰ ਜਾਣ ਦੀ ਸਲਾਹ ਦੇਣਾ ਵਾਂ। ਪਤਾ ਨਹੀਂ ਕੀ ਸਮਝੀ ਬੈਠੇ ਨੇ। ਮੈਂ ਹੌਲੀ ਹੌਲੀ ਟੁਰਦਾ ਤੇ ਵਿਚੋਂ ਵਿਚ ਕੁਝ ਕੁਝ ਡਰਦਾ ਕੰਟੀਨ ਦੇ ਪਿਛਲੇ ਪਾਸੇ ਜਾ ਕੇ ਦੂਰੋਂ ਹੀ ਉਹਨਾਂ ਨੂੰ ਵੇਖਣ ਦੀ ਕਰਦਾ ਹਾਂ। ਅੰਤਾਂ ਦਾ ਹਨੇਰਾ ਏ ਤੇ ਟਿੱਡਿਆਂ ਦੀ ਤ੍ਰਿਖੀ ਵਾਜ ਹਰ ਪਾਸੇ ਖਿਲਰੀ ਹੋਈ ਏ। ਉਹ ਮੈਨੂੰ ਕਿਤੇ ਨਜ਼ਰੀਂ ਨਹੀਂ ਪੈਂਦੇ। ਪਤਾ ਨਹੀਂ ਕਿਥੇ ਗਾਇਬ ਹੋ ਗਏ ਨੇ। ਮੈਂ ਮੁੜ ਬੈਂਚ ਉੱਤੇ ਬਹਿ ਜਾਨਾਂ ਵਾਂ। ਕੁਝ ਚਿਰ ਬਹਿਨਾ ਵਾਂ ਤੇ ਅਖੀਰ ਉਠ ਖਲੋਨਾ ਵਾਂ। ਚੰਗਾ ਬਈ ਅੱਲ੍ਹਾ ਬੇਲੀ।

# ਚਾਹ ਦੀ ਲੋੜ ਤਾਂ ਨਹੀਂ ਸੀ

ਮੋਟਰ ਸਾਇਕਲ ਦੀ ਪਿਛਲੀ ਬੱਤੀ ਕਈ ਦਿਨਾਂ ਤੋਂ ਟੁੱਟੀ ਸੀ। ਰੋਜ਼ ਸੋਚਦਾ ਅੱਜ ਲਵਾ ਲੈਸਾਂ। ਰਾਤ ਵੇਲੇ ਤਾਂ ਟੁੱਟੀ ਬੱਤੀ ਠੀਕ ਨਹੀਂ। ਸ਼ਹਿਰ ਵਿਚੋਂ ਲੰਘਦੇ ਇਕ ਥਾਂ ਮੋਟਰ ਸਾਇਕਲਾਂ ਮੁਰੰਮਤ ਹੁੰਦੀਆਂ ਵੇਖ ਕੇ ਖਲੋ ਗਿਆ। ਇਕ ਨਿੱਕਾ ਮੁੰਡਾ ਨੱਸ ਕੇ ਕੋਲ ਆਇਆ ਤਾਂ ਪਿਛਲੀ ਟੁੱਟੀ ਬੱਤੀ ਵੱਲ ਮੈਂ ਸੈਨਤ ਕੀਤੀ। ਉਹ ਮੈਨੂੰ ਸਾਹਮਣੇ ਦੀ ਹੱਟੀ ਤੋਂ ਨਵੀਂ ਬੱਤੀ ਲੈਣ ਦਾ ਆਖ ਕੇ ਆਪ ਔਜ਼ਾਰਾਂ ਵਾਲੇ ਬਕਸੇ ਨੂੰ ਫਰੋਲਣ ਲੱਗ ਪਿਆ। ਨਾਲ ਈ ਇਕ ਸਪੇਅਰ ਪਾਰਟਸ ਦੀ ਹੱਟੀ ਜਿਹੀ ਸੀ। ਹੱਟੀ ਉੱਤੇ ਇਕ ਅੱਧਖੜ ਹਟਵਾਣੀਆਂ ਦੂਜੇ ਗਾਹਕਾਂ ਨੂੰ ਪੁਰਜ਼ੇ ਵਿਖਾਵੇ ਪਿਆ। ਜਦ ਗਾਹਕ ਕੋਈ ਸ਼ੈ ਮੰਗਦਾ ਉਹ ਝਟ ਹੱਟੀ ਅੰਦਰ ਵੜ ਪੁਰਜ਼ੇ ਲਿਆ ਗਾਹਕ ਅੱਗੇ ਧਰ ਦੇਂਦਾ। ਨਾਲ ਭਾ ਵੀ ਦੱਸਦਾ ਜਾਂਦਾ ਤੇ ਨਾਲੋ-ਨਾਲ ਪੁਰਜ਼ਿਆਂ ਦੇ ਅਸਲੀ ਜਾਂ ਇਕ ਨੰਬਰ ਤੇ ਦੋ ਨੰਬਰ ਹੋਵਣ ਦੀ ਵੀ ਦੱਸ ਪਾਉਂਦਾ ਜਾਂਦਾ। ਮੇਰੇ ਤੋਂ ਅਗਦੋਂ ਈ ਹੱਟੀ ਉੱਤੇ ਕੁਝ ਗਾਹਕ ਹੋਵਣ ਪਾਰੋਂ ਮੈਨੂੰ ਉਡੀਕਣਾ ਪਿਆ। ਚੋਖੇ ਰੁੱਝੇ ਹਟਵਾਣੀਏ ਨੇ ਮੇਰੇ ਉਥੇ ਹੋਵਣ ਦੀ ਹਾਜ਼ਰੀ ਆਪਣੀ ਇਕ ਖ਼ਾਸ ਸੈਨਤ ਰਾਹੀਂ ਪਾ ਦਿੱਤੀ। ਜਿਸ ਵਿਚ ਕੁਝ ਚਿਰ ਉਡੀਕਣ ਦਾ ਤਰਲਾ ਸੀ।

ਮੈਂ ਬੇਮਹਿਸੋਸਿਆ ਖਲੋਤਾ, ਉਡੀਕਦਾ ਆਪਣੀ ਬੇਧਿਆਨੀ ਵਿਚ ਉਹਨੂੰ ਗਾਹਕ ਭੁਗਤਾਂਦੇ ਨੂੰ ਤੱਕਦਾ ਰਿਹਾ। ਐਵੇਂ ਚੇਤੇ ਦੀਆਂ ਕੁਝ ਤਾਰਾਂ ਖੜਕੀਆਂ। 'ਕਾਲੀ ਮਿਰਚ', ਸਕੂਲ ਦਾ ਜਮਾਤੀ। ਪਰ ਮੈਥੋਂ ਪੱਕ ਨਾ ਹੋਵੇ, ਇਹ ਉਹੋ ਈ ਏ ਜਾਂ ਕੋਈ ਹੋਰ। ਉਂਜੇ ਈ ਉਸ ਦਾ ਕਾਲਾ ਸ਼ਾਹ ਰੰਗ ਤੇ ਉਂਜੇ ਈ ਉਸ ਦੇ ਸਾਰੇ ਸੁਭਾਅ ਦੀ ਇਕ ਖ਼ਾਸ ਤ੍ਰਿਖਆਈ। ਮੈਂ ਧਿਆਨ ਕੀਤਾ ਪਈ ਕੰਮ ਕਰਦੇ ਮੁੰਡੇ ਉਸ ਨੂੰ ਸ਼ਾਹ ਸਾਹਿਬ, ਸ਼ਾਹ ਸਾਹਿਬ ਆਖ ਕੇ ਸਦੀਂਦੇ ਪਏ ਹਨ। ਹੱਟੀ ਦਾ ਨਾਂ ਵੀ ਸ਼ਾਹ ਸਾਹਿਬ ਮਕੈਨਿਕ ਸ਼ਾਪ ਕਰਕੇ ਕੁਝ ਸੀ। ਹੁਣ ਮੈਂ ਬੱਤੀ ਲੈਣੀ ਭੁੱਲ ਕੇ ਇਹ ਉਡੀਕਾਂ ਪਈ ਗਾਹਕ ਕੁਝ ਘਟਣ ਤਾਂ ਆਪਣੇ ਭੁਲੇਖੇ ਜਾਂ ਪੱਕ ਕਿਸੇ ਇਕ ਗਲ ਉੱਤੇ ਅੱਪੜਾਂ।

ਹੁਣ ਇਕ ਦੋ ਵਾਰ ਉਹਨੂੰ ਉਚੇਚੀ ਅਪਣੱਤ ਨਾਲ ਮੂੰਹ ਉੱਤੇ ਮਾੜਾ ਜਿਹਾ ਹਾਸਾ ਖਿੰਡਾ ਕੇ ਆਖਦਾ ਆਂ, 'ਸ਼ਾਹ ਸਾਹਿਬ ਕੀ ਹਾਲ ਏ ?' ਆਪਣੇ ਕੰਮੀਂ ਰੁੱਝਾ ਉਹ ਧਿਆਨ ਨਹੀਂ ਦੇਂਦਾ। 'ਅੱਛਾ ਇਹ ਹੱਟੀ ਪਏ ਤੁਸੀਂ ਕਰਦੇ ਓ।' ਪਰ ਉਹ ਮੇਰੇ ਵੱਲ ਵੇਖਦਾ ਈ ਨਹੀਂ ਤੇ ਏਥੋਂ ਈ ਮੈਂ ਉਤਾਵਲਾ ਹੁੰਦਾ ਹਾਂ। ਮੈਂ ਉਹਨੂੰ ਉਹਦੇ ਅੱਲ ਤੋਂ ਨਹੀਂ ਸੱਦਣਾ ਚਾਹੁੰਦਾ। ਆਹਰ ਮੇਰਾ ਇਹ ਵੇ ਕਿ ਜਿਵੇਂ ਮੈਂ ਉਹਨੂੰ ਸਿਹਾਣਿਆ ਏ ਉਹ ਵੀ ਮੈਨੂੰ ਉਂਜ



ਈ ਮੁਹਾਂਦਰੇ ਤੋਂ ਸਿਹਾਣ ਲਵੇ। ਵੇਖਾਂ ਪਈ ਕਿਵੇਂ ਸਿਹਾਣਦਾ ਏ ਜਾਂ ਸਿਹਾਣਦਾ ਵੀ ਏ ਜਾਂ ਨਹੀਂ। ਮੇਰੇ ਵਾਰ ਵਾਰ ਪੁੱਛਣ ਉੱਤੇ ਉਹ ਖਿਝ ਕੇ ਆਖਦਾ ਏ ਪਈ ਤੁਸਾਂ ਕਿਹੜੀ ਸ਼ੈ ਲੈਣੀ ਏ ? ਮੈਨੂੰ ਲਗਦਾ ਏ ਉਹ ਏਧਰ ਆਉਣਾ ਈ ਨਹੀਂ ਚਾਹੁੰਦਾ ਜਾਂ ਖ਼ੌਰੇ ਉਸ ਲਈ ਇਹ ਉਂਜ ਦਾ ਨਹੀਂ ਏ ਜਿਵੇਂ ਦਾ ਮੇਰੇ ਲਈ ਹੋਵੇ। ਇਹ ਵੀ ਲਗਦਾ ਏ ਕਿਤੇ ਉਹਨੂੰ ਇਹ ਤਾਂ ਨਹੀਂ ਪਈ ਮੈਂ ਵਾਕਫੀ ਕੱਢ ਸ਼ੈ ਦਾ ਮੁੱਲ ਘੱਟ ਕਰਾਉਣਾ ਚਾਹੁੰਦਾ ਹਾਂ ਜਾਂ ਏਸ ਤਰ੍ਹਾਂ ਦੀ ਕੋਈ ਹੋਰ ਗੱਲ। ਪਰ ਜਾਪਦਾ ਇਵੇਂ ਹੀ ਏ ਕਿ ਉਹ ਸਿਹਾਨਣ ਜਾਂ ਸਿਹਾਣੇ ਜਾਵਣ ਦੇ ਭਾਰ ਹੇਠ ਆਉਣਾ ਨਹੀਂ ਚਾਹੁੰਦਾ ਤੇ ਵਰਤਾਰਾ ਉਸ ਦਾ ਇੰਜ ਏ ਪਈ ਮੈਂ ਸ਼ੈ ਲਵਾਂ ਤੇ ਖਿਸਕਾਂ। ਨਾਲੇ ਕਿਹੜੇ ਖਹਿੜੇ ਪੈ ਗਿਆ ਵਾਂ ? ਪਰ ਮੈਨੂੰ ਤਾਂ ਇਹੋ ਗੱਲ ਅੜੀ ਹੋਈ ਹੈ ਕਿ ਇਹ ਮੇਰਾ ਉਹੋ ਜਮਾਤੀ ਏ ਜਾਂ ਕੋਈ ਹੋਰ ?

ਉਹਦੇ ਸਿਹਾਨਣ ਜਾਂ ਅਸਿਹਾਨਣ ਨਾਲ ਮੇਰੇ ਚੇਤੇ ਦਾ ਵਗ ਰੁਕਿਆ ਨਹੀਂ ਤੇ ਉਥੇ ਖਲੋਤੇ ਖਲੋਤੇ ਮੈਨੂੰ ਕਈ ਗੱਲਾਂ ਚੇਤੇ ਆਈਆਂ ਹਨ। ਇਹਦੀ ਇਕ ਭੈਣ ਅੱਲ੍ਹਾ ਲੋਕ ਹੁੰਦੀ ਸੀ। ਪਿਉ ਬਿਮਾਰ ਰਹਿੰਦਾ ਸੀ। ਇਹਦੀ ਵੱਡੀ ਭੈਣ ਮੇਰੀ ਭੈਣ ਦੀ ਸਹੇਲੀ ਸੀ ਤੇ ਉਹ ਸਾਡੇ ਘਰ ਆਉਂਦੀ ਜਾਂਦੀ ਹੁੰਦੀ ਸੀ ਤੇ ਸ਼ਾਮ ਨੂੰ ਮੈਂ ਉਹਨੂੰ ਘਰ ਛੱਡਣ ਜਾਂਦਾ ਸਾਂ। ਪਰ ਅਸਲ ਗੱਲ ਇਹ ਸੀ ਪਈ ਇਹਨੇ ਆਪਣੇ ਘਰ ਦੇ ਕੋਠੇ ਉੱਤੇ ਕਬੂਤਰ ਪਾਲੇ ਹੋਏ ਸਨ। ਅੱਜ ਤੋਂ ਵੀਹ ਪੰਝੀ ਵਰ੍ਹੇ ਪਹਿਲਾਂ ਇਹ ਸ਼ੌਕ ਚੋਖਾ ਹੁੰਦਾ ਸੀ ਲਾਹੌਰ ਸ਼ਹਿਰ ਵਿਚ। ਹੁਣ ਕੁਝ ਘਟ ਗਿਆ ਏ। ਖ਼ੌਰੇ ਲੋਕਾਂ ਕੋਲ ਐਨੀ ਵਿਹਲ ਨਹੀਂ ਰਹੀ। ਅੱਧੀ ਛੁੱਟੀ ਨੂੰ ਇਹਨੇ ਸਕੂਲੋਂ ਨੱਸ ਸਿੱਧੇ ਘਰ ਦੇ ਕੋਠੇ ਉੱਤੇ ਚੜ੍ਹ ਕੇ ਕਬੂਤਰਾਂ ਨੂੰ ਦਾਣਾ ਪਾਉਣਾ। ਅੱਧੇ ਘੰਟੇ ਦੀ ਅੱਧੀ ਛੁੱਟੀ ਹੋਣੀ, ਪੰਜ ਦਸ ਮਿੰਟ ਘਰ ਅਪੜਦੇ ਲੱਗ ਜਾਣੇ ਤੇ ਏਨੇ ਈ ਪਰਤਦੇ। ਰਹਿੰਦੇ ਪੰਜ ਦਸ ਮਿੰਟ ਈ ਹੋਣੇ ਵਿਚ ਦਾਣਾ ਕਬੂਤਰਾਂ ਨੂੰ ਪਾਉਣ ਲਈ। ਕਈ ਵਾਰ ਇਹਨੇ ਮੈਨੂੰ ਵੀ ਨਾਲ ਈ ਕੁੰਜ ਲੈਣਾ। ਕਈ ਵਾਰ ਮੇਰਾ ਦਿਲ ਨਾ ਕਰਨਾ ਪਰ ਇਹਨੇ ਮੇਰੀ ਗੱਲ ਨਾ ਸੁਣਨੀ ਤੇ ਮੇਰਾ ਹੱਥ ਖਿੱਚ ਕੇ ਭੱਜਣ ਦੀ ਕਰਨੀ। ਕਈ ਲੋਭ ਦੇਣੇ। ਉਂਜ ਕਬੂਤਰਾਂ ਦਾ ਮੈਨੂੰ ਵੀ ਸ਼ੌਕ ਸੀ। ਬੱਸ ਅੱਧੀ ਛੁੱਟੀ ਦੀ ਏਸ ਖੇਚਲ ਤੋਂ ਤਰਾਂਹਦਾ ਸਾਂ ਮੈਂ। ਬਹੁਤ ਭੈੜਾ ਸ਼ੌਕ ਏ ਇਹ। ਸਕੂਲੋਂ ਆ, ਬਸਤਾ ਸੁੱਟ, ਭੱਜ ਸਿੱਧਾ ਕੋਠੇ ਉੱਤੇ। ਨਾ ਖਾਣ ਦਾ ਹੋਸ਼, ਨਾ ਪੀਣ ਦਾ। ਮਾਵਾਂ ਸਾਰੇ ਵੇਲੇ ਹੇਠੋਂ ਵਾਜਾਂ ਮਾਰਦੀਆਂ ਰਹਿਣਾ। ਸਿਖਰ ਦੁਪਹਿਰਾਂ ਨੂੰ ਜਦੋਂ ਪਖੇਰੂਆਂ ਤੇ ਜਨੌਰਾਂ ਦੀਆਂ ਜੀਭਾਂ ਬਾਹਰ ਨੂੰ ਨਿਕਲੀਆਂ ਹੁੰਦੀਆਂ, ਅਸੀਂ ਖੁੱਡੇ ਵਿਚ ਦੋ ਚਾਰ ਕਬੂਤਰ ਛੱਡ ਕੇ ਛੱਤਰੀ ਉੱਤੇ ਬਹਾ ਦੇਣੇ ਤੇ ਨਵਾਂ ਕਬੂਤਰ ਫੜ੍ਹਨ ਦੀ ਉਡੀਕ ਕਰਨੀ। ਜੇ ਤਾਂ ਮਰਜ਼ੀ ਮੂਜਬ ਹੋਇਆ ਜਿਵੇਂ ਜ਼ਾਨ, ਸੁਰਖ਼ਾ, ਚੀਨਾ ਜਾਂ ਕੋਈ ਹੋਰ ਤਾਂ ਰੱਖ ਲੈਸਾਂ ਨਹੀਂ ਤਾਂ ਵੇਚ ਕੇ ਕੁਝ ਪੈਸੇ ਪਾ ਕੇ ਦੂਜੀ ਕਿਸਮ ਦਾ ਲੈ ਆਵਸਾਂ। ਕਈ ਵਾਰੀ ਇਕ ਦੂਜੇ ਦੇ ਨਾਲ ਵਟਾਂਦਰਾ ਕਰ ਲੈਣਾ। ਕਈ ਕਈ ਦਿਨ ਗੱਲ ਬਾਤ ਚੱਲਦੀ ਰਹਿਣੀ ਤੇ ਅਖ਼ੀਰ ਲੰਮੀ ਗੱਲ ਬਾਤ ਕਰਨ ਮਗਰੋਂ ਕਿਤੇ ਜਾ ਇਹ ਵਟਾਂਦਰਾ ਹੋਣਾ।

ਕੋਠੇ ਦੀ ਕੰਧ ਉੱਤੇ ਲੱਥੇ ਨਵੇਂ ਕਬੂਤਰ ਨੂੰ ਚੁੱਪ ਕਰ ਕੇ ਪੋਲੇ ਪੈਰੀਂ ਜਾ ਕੇ ਫੜਨਾ ਖਾਸ ਜਾਚ ਦਾ ਕੰਮ ਏ। ਨਵਾਂ ਉਤਰਿਆ ਕਬੂਤਰ ਦਾਣਾ ਖਾਂਦੇ ਕਬੂਤਰਾਂ ਨਾਲ ਨਹੀਂ ਰਲਦਾ। ਪਹਿਲੇ ਉਹ ਉਪਰੋਂ ਉਪਰੋਂ ਉੱਡ ਫੇਰੀਆਂ ਲਾਉਂਦਾ ਰਹਿੰਦਾ। ਮੁੜ ਛਤਰੀ ਜਾਂ

ਨਾਲ ਦੇ ਕਿਸੇ ਹੋਰ ਕੋਠੇ ਦੀ ਕੰਧ ਉੱਤੇ ਬਹਿ ਵੇਖਦਾ ਰਹਿਸੀ। ਜੇ ਉਹ ਛੱਤਰੀ ਬਹਿ ਜਾਏ ਫੇਰ ਹੇਠਾਂ ਲੱਥਣ ਦੀ ਆਸ ਵੀ ਹੁੰਦੀ ਏ। ਫੇਰ ਭਾਵੇਂ ਕੋਠੇ ਦੀ ਕੰਧ ਉੱਤੇ ਆ ਬਹਵੇ ਜਾਂ ਫੇਰੇ ਉਥੋਂ ਈ ਇਕ ਦੋ ਘੰਟੇ ਬਹਿ ਕੇ ਉੱਡ ਜਾਏ। ਬਾਅਜ਼ੇ ਵੇਲੇ ਅੱਧਾ ਅੱਧਾ ਦਿਨ ਲੰਘ ਜਾਂਦਾ ਏ ਪਰ ਨਾ ਆਸ ਟੁੱਟਦੀ ਏ ਨਾ ਪੂਰੀ ਹੁੰਦੀ ਏ। ਫੇਰ ਜੇ ਨਵਾਂ ਕਬੂਤਰ ਉਤਰਿਆ ਹੋਵੇ ਤੇ ਤੁਹਾਨੂੰ ਕੋਠੇ ਉੱਤੇ ਲੁਕ ਕੇ ਬਹਿਣਾ ਪੈਂਦਾ ਏ। ਏਸ ਲਈ ਦਾਨਾ ਪਾਉਣ ਲੱਗੇ ਜੇ ਕਬੂਤਰ ਫੜਨ ਦਾ ਆਹਰ ਹੋਵੇ ਤਾਂ ਪੱਬਾਂ ਭਾਰ ਲੁਕਵੇਂ ਬਹਿ ਕੇ ਦਾਨਾ ਪਾਉਂਦੇ ਰਹੋ।

ਇਕ ਵਾਰੀ ਮੈਂ ਉਹਦੇ ਕੋਠਿਓਂ ਕਬੂਤਰ ਫੜਿਆ ਸੀ। ਅਜੇ ਅਸਾਂ ਖੁੱਡੇ ਦਾ ਬੂਹਾ ਖੋਲ੍ਹਿਆ ਤੇ ਦਾਨਾ ਸੁੱਟਿਆ ਈ ਹੋਣਾਂ ਏ ਪਈ ਇਕ ਭੁੱਲਿਆ ਕਬੂਤਰ ਸਿੱਧਾ ਕੰਧੀਂ ਆ ਬੈਠਾ। ਮੈਂ ਆਖਿਆ, ਮੈਨੂੰ ਕਰਨ ਦੇ ਆਹਰ। ਭਾਵੇਂ ਮੈਂ ਏਸ ਕੰਮ ਦਾ ਉੱਚਾ ਖਿਡਾਰੀ ਤਾਂ ਕਦੇ ਨਹੀਂ ਰਿਹਾ ਪਰ ਉਸ ਵੇਲੇ ਪੋਲੇ ਪੈਰੀਂ ਚੁੱਪ ਚੁਪੀਤੇ ਜਾ ਕੇ ਅਚਨਚੇਤ ਕੰਧ ਉੱਤੇ ਬੈਠੇ ਕਬੂਤਰ ਨੂੰ ਸਿੱਧਾ ਗਿੱਚੀ ਤੋਂ ਨੱਪ ਲਿਆ। ਮੇਰਾ ਇਹ ਜਮਾਤੀ ਜੇ ਇਹ ਉਹੋ ਈ ਏ ਜਿਹਦਾ ਹੁਣ ਨਾਂ ਵੀ ਚੇਤੇ ਨਹੀਂ ਸੀ ਆਉਂਦਾ ਪਿਆ, ਖ਼ੁਸ਼ੀ ਨਾਲ ਝੱਲਾ ਹੋ ਗਿਆ ਤੇ ਛਾਲਾਂ ਮਾਰਨ ਤੇ ਲੁੱਡੀ ਪਾਉਣ ਲੱਗ ਪਿਆ। ਉਸ ਧਾਗੇ ਨਾਲ ਕਬੂਤਰ ਦੇ ਕੁਝ ਪਰ ਬੰਨ੍ਹ ਦਿੱਤੇ। ਕਬੂਤਰਾਂ ਨੂੰ ਘਰੇ ਗਿਝਾਉਣ ਲਈ ਜਾਂ ਉਹਨਾਂ ਦੇ ਪਰ ਕਪ ਦੇਂਦੇ ਹਨ ਜਾਂ ਫੇਰ ਧਾਗੇ ਨਾਲ ਬੰਨ੍ਹ ਦੇਂਦੇ ਹਨ ਤੇ ਦੋ ਚਾਰ ਹਫਤਿਆਂ ਮਗਰੋਂ ਉਹ ਗਿੱਝ ਜਾਂਦਾ ਏ। ਉਸ ਦਿਨ ਸਾਨੂੰ ਖ਼ੌਰੇ ਸਕੂਲ ਪਰਤਦੇ ਵਾਹਵਾ ਚਿਰ ਹੋ ਗਿਆ। ਇਕ ਅੱਧਾ ਪੀਰੀਅਡ ਤਾਂ ਖੁੰਝਾ ਈ ਬੈਠੇ ਸਾਂ। ਪਰ ਸਾਨੂੰ ਮਾਰ ਦੀ ਪਰਵਾਹ ਨਹੀਂ ਸੀ। ਅਸੀਂ ਤਾਂ ਜਿਹੜਾ ਕਬੂਤਰ ਫੜਿਆ ਸੀ, ਉਹਦੀ ਲੋਰ ਵਿਚ ਸਾਂ।

ਮੇਰੇ ਵਾਰ ਵਾਰ ਪੁੱਛਣ ਉੱਤੇ ਉਹ ਚੰਗਾ ਭਲਾ ਖਿਝ ਜਾਂਦਾ ਏ ਤੇ ਸਿੱਧਾ ਆਖ ਦੇਂਦਾ ਏ ਉਸ ਨਹੀਂ ਪਛਾਨਿਆ। ਨਾਲੇ ਉਸ ਕੋਲ ਐਨਾ ਵੇਲਾ ਨਹੀਂ ਤੇ ਮੇਰੀ ਗੱਲ ਨੂੰ ਲਾਂਭੇ ਕਰਕੇ ਪੁੱਛਦਾ ਏ ਪਈ ਮੈਂ ਕਿਹੜੀ ਸ਼ੈ ਲੈਣੀ ਏ।

'ਮੋਟਰ ਸਾਇਕਲ ਦੀ ਪਿਛਲੀ ਬੱਤੀ'। ਉਹ ਕੰਪਨੀ ਦਾ ਨਾਂ ਤੇ ਮਾਡਲ ਪੁੱਛਦਾ ਏ ਤੇ ਬੱਤੀ ਲੱਭਣ ਲਈ ਪੁਰਜ਼ਿਆਂ ਨੂੰ ਭਾਲਣ ਲੱਗ ਪੈਂਦਾ ਹੈ। ਪਰ ਮੈਂ ਹਾਰ ਨਹੀਂ ਮੰਨਦਾ। ਉਹ ਬੱਤੀ ਲੈ ਕੇ ਆਉਂਦਾ ਏ ਤੇ ਮੈਂ ਸਿੱਧਾ ਸਕੂਲ ਦਾ ਨਾਂ ਤੇ ਨਾਲ ਈ ਮੁਹੱਲੇ ਦਾ ਨਾਂ ਵੀ ਲੈ ਦੇਨਾ ਵਾਂ ਤੇ ਕੁਝ ਪੁਰਾਣੀਆਂ ਨਿਸ਼ਾਨੀਆਂ ਚੇਤੇ ਕਰਾਉਂਦਾ ਹਾਂ। ਹੁਣ ਉਹਨੂੰ ਲਗਦਾ ਏ ਪਈ ਕੋਈ ਰਾਹ ਨਹੀਂ। ਪਹਿਲੀ ਵਾਰ ਉਹ ਮੈਨੂੰ ਕੁਝ ਚਿਰ ਧਿਆਨ ਨਾਲ ਵੇਖਦਾ ਅਚਨਚੇਤ ਉੱਚੀ ਆਂਹਦਾ ਏ।

'ਓਏ ਤੂੰ ਉਹ ਤਾਂ ਨਹੀਂ ਜਿਹਦਾ ਪਿਉ ਮਰ ਗਿਆ ਸੀ ਤੇ ਤੇਰੀ ਫੀਸ ਮਾਫ਼ ਹੁੰਦੀ ਸੀ।' ਉਹਦੇ ਇੰਜ ਉੱਚੀ ਬੋਲਣ ਉੱਤੇ ਕੋਲ ਖੜ੍ਹੇ ਇਕ ਦੋ ਗਾਹਕ ਤੇ ਵਰਕਸ਼ਾਪ ਦੇ ਮੁੰਡੇ ਸਾਡੇ ਵੱਲ ਤੱਕਣ ਲੱਗ ਪਵੰਦੇ ਨੇ। ਮੇਰਾ ਉਹਨੂੰ ਸਿਹਾਨਣ ਦਾ ਸਾਰਾ ਚਾਅ ਠੰਡਾ ਜਿਹਾ ਪੈ ਜਾਂਦਾ ਏ ਪਰ ਨਾਲੇ ਇਹ ਸੁਖ ਵੀ ਹੁੰਦਾ ਏ ਪਈ ਮੇਰਾ ਗਵੇਂੜ ਠੀਕ ਈ ਸੀ। ਪੰਝੀ ਸਤਾਈ ਵਰ੍ਹੇ ਪੁਰਾਣੀ ਗੱਲ ਸੀ। ਫੇਰ ਉਹ ਗਾਹਕ ਭੁਗਤਾਉਂਦਾ ਵਿਚ ਵਿਚ ਗੱਲਾਂ ਕਰਦਾ ਰਿਹਾ। ਨਾਂ ਸਾਨੂੰ ਦੋਵਾਂ ਨੂੰ ਯਾਦ ਨਹੀਂ। ਮੈਂ ਉਹਦਾ ਨਾਂ ਪੁੱਛਦਾ ਆਂ ਤੇ ਆਪਣਾ ਦਸਦਾ ਵਾਂ। ਗੱਲਾਂ ਕਰਦਾ ਇਕ ਦੋ ਵਾਰ ਉਹ ਮੁੜ ਮੁੜ ਆਖਦਾ ਏ, 'ਯਾਰ ਕਮਾਲ ਏ



ਐਨੇ ਅਰਸੇ ਬਾਅਦ ਵੀ ਤੂੰ ਮੈਨੂੰ ਪਛਾਣ ਲਿਆ।' ਫੇਰ ਮੇਰੇ ਕੰਮ ਬਾਰੇ ਪੁੱਛਦਾ ਏ। 'ਇਹ ਤੁਹਾਡੇ ਮਾਸਟਰਾਂ ਕੋਲ ਈ ਐਨਾ ਵੇਲਾ ਹੁੰਦਾ ਏ ਕਿ ਲੋਕਾਂ ਨੂੰ ਪਹਿਚਾਣਦੇ ਫਿਰੋ। ਮੈਂ ਤਾਂ ਤੈਨੂੰ ਪਤਾ ਏ ਸਕੂਲ ਵਿਚ ਈ ਛੱਡ ਦਿੱਤਾ ਸੀ। ਉਦੋਂ ਤੋਂ ਇਹੋ ਕੰਮ ਕਰਦਾ ਪਿਆ ਵਾਂ। ਇਹ ਤਿੰਨ ਚਾਰ ਹੱਟੀਆਂ ਮੇਰੀਆਂ ਈ ਹਨ।'

ਪਰ ਉਹ ਗੱਲ ਪੂਰੀ ਨਹੀਂ ਕਰਦਾ। ਕਿਤੇ ਵਿਚ ਈ ਡੱਕ ਲੈਂਦਾ ਏ। ਇਹ ਤਾਂ ਮੈਂ ਵੇਖ ਲਿਆ ਏ ਕਿ ਉਹਦਾ ਆਦਰ ਭਾ ਚੋਖਾ ਏ, ਹੱਟੀ ਮਾਲ ਨਾਲ ਭਰੀ ਏ ਤੇ ਦੋ ਚਾਰ ਮੁੰਡੇ ਵੀ ਉਹਨੇ ਰੱਖੇ ਹੋਏ ਨੇ। 'ਤੇਰੇ ਅੱਬਾ ਜੀ ਬਿਮਾਰ ਸਨ ?' ਅਖ਼ੀਰ ਮੈਂ ਸਵਾਲਾਂ ਰਾਹੀਂ ਪੂਰੀ ਗੱਲ ਜਾਨਣ ਦਾ ਆਹਰ ਕਰਨਾ ਵਾਂ।

'ਯਾਰ ਉਹ ਤਾਂ ਉਦੋਂ ਈ ਫੌਤ ਹੋ ਗਏ ਸਨ। ਤਾਹੀਓਂ ਤਾਂ ਸਕੂਲ ਛੱਡ ਦਿੱਤਾ। ਏਥੇ ਇਕ ਐਵੇਂ ਜਿਹੀ ਠਾਹਰ ਸੀ ਉਹਨਾਂ ਦੀ। ਉਥੋਂ ਈ ਕੰਮ ਟੋਰਿਆ।' ਸਾਡੀਆਂ ਇਕ ਦੋ ਪਲ ਦੀਆਂ ਗੱਲਾਂ ਵਿਚ ਈ ਕਈ ਗਾਹਕ ਇਕੱਠੇ ਹੋ ਗਏ ਸਨ।

'ਕਿੰਨੇ ਪੈਸੇ ?' ਮੈਂ ਨਵੀਂ ਬੱਤੀ ਨੂੰ ਚੁੱਕਦੇ ਆਖਿਆ। ਬਹੁਤਿਆਂ ਗਾਹਕਾਂ ਦਾ ਧਿਆਨ ਕਰਕੇ ਉਹਦੇ ਮੂੰਹ ਉੱਤੇ ਉਂਜ ਦੇ ਹਟਵਾਣੀਆਂ ਵਾਂਗਰ ਦਾ ਮੁਹਾਂਦਰਾ ਉਘੜਿਆ ਜਿਹੜਾ ਦਿਨ ਭਰ ਇਕ ਤ੍ਰਿਖੇ ਜਿਹੇ ਰੁਝੇਵੇਂ ਵਿਚ ਫਾਥੇ ਹੋਵਣ ਤੇ ਇਕੋ ਜਿਹੇ ਬੇਅੰਤ ਕੰਮ ਦੇ ਕਰਨ ਪਾਰੋਂ ਵਰ੍ਹਿਆਂ ਵਿਚ ਜੰਮਦਾ, ਪੁੰਗਰਦਾ, ਵਧਦਾ, ਨਾਲ ਈ ਬੁੱਢਾ ਹੋ ਜਾਂਦਾ ਏ। ਬੇਮਹਿਸੂਸਿਆ ਤੇ ਜੰਮਿਆ, ਵਿਜੋਗਿਆ ਜਿਹਾ ਮੁਹਾਂਦਰਾ।

'ਮੁੰਡਾ ਬੱਤੀ ਲਾਉਂਦਾ ਏ।' ਉਹ ਆਖਦਾ ਏ ਤੇ ਫੇਰ ਇਕਦਮ ਜਿਵੇਂ ਕਿਸੇ ਗੱਲ ਦੀ ਸਾਰ ਕਰਦਿਆਂ ਆਪਣੇ ਬੇਮਹਿਸੂਸੇ ਮੁਹਾਂਦਰੇ ਵਿਚੋਂ ਆਹਰ ਕਰਕੇ ਅਸਲ ਪੁਰਾਣਾ ਮੁਹਾਂਦਰਾ ਉਘੇੜਦਿਆਂ ਪੁੱਛਦਾ ਏ।

'ਯਾਰ ਚਾਹ ਤਾਂ ਪੀ। ਮੁੰਡਾ ਬੱਤੀ ਲਾਉਂਦਾ ਏ।'

'ਚਾਹ ਪੀ ਕੇ ਜਾਵੀਂ।'

ਇਕ ਪਲ ਨੂੰ ਸਕੂਲ ਦਾ, ਕਾਲੀ ਮਿਰਚ, ਉਂਜ ਦਾ ਉਂਜ ਈ ਮੈਨੂੰ ਸਾਹਮਣੇ ਖਲਾ ਨਜ਼ਰੀਂ ਆਉਂਦਾ ਏ। ਉਂਜ ਈ ਮੂੰਹ ਹੇਠਾਂ ਕਰਕੇ ਪੋਲੇ ਮੂੰਹ ਨਾਲ ਗੱਲ ਕਰਦਾ ਤੇ ਗਲ ਗਲ ਉੱਤੇ ਮੇਰੀ ਬਾਂਹ ਖਿਚਦਾ...ਮੈਂ ਚੁੱਪ ਕਰ ਜਾਨਾ ਵਾਂ।

ਉਹ ਕੰਮ ਕਰਦਿਆਂ ਮੁੰਡਿਆਂ ਵਿਚੋਂ ਇਕ ਨੂੰ ਚਾਹ ਲਿਆਵਣ ਦਾ ਆਖਦਾ ਏ ਤੇ ਇਕ ਹੋਰ ਨੂੰ ਮੇਰੀ ਮੋਟਰ ਸਾਇਕਲ ਨੂੰ ਪਿਛਲੀ ਬੱਤੀ ਲਾਵਣ ਦਾ ਕਹਿੰਦਾ ਏ। ਮੈਨੂੰ ਉਹ ਹੱਟੀ ਤੋਂ ਕੁਝ ਹਟਵੇਂ ਇਕ ਸਟੂਲ ਉੱਤੇ ਬਹਿਣ ਦਾ ਆਖ ਕੇ ਗਾਹਕ ਭੁਗਤਾਣ ਲੱਗ ਪੈਂਦਾ ਏ। ਮੈਨੂੰ ਬੈਠਿਆਂ ਈ ਜਾਪਦਾ ਏ ਮੈਂ ਐਵੇਂ ਈ ਚਾਹ ਪੀਣ ਬਹਿ ਗਿਆ ਹਾਂ। ਚਾਹ ਦੀ ਕੋਈ ਲੋੜ ਤਾਂ ਨਹੀਂ ਸੀ। ਮੁੰਡੇ ਕੋਲੋਂ ਪਿਛਲੀ ਬੱਤੀ ਦੇ ਪੇਚ ਨਹੀਂ ਖੁੱਲ੍ਹਦੇ ਪਏ ਸਨ। ਪਿਛਲੀ ਟੁੱਟੀ ਬੱਤੀ ਦੀ ਰਹਿੰਦ ਖੂੰਹਦ ਵੀ ਨਾਲ ਹੀ ਸੀ। ਮੁੰਡੇ ਮਸਾਂ ਪੇਚ ਖੋਲ੍ਹੇ ਤੇ ਝੱਟ ਨਵੀਂ ਬੱਤੀ ਲਾ ਦਿੱਤੀ। ਚਾਹ ਅਜੇ ਵੀ ਨਹੀਂ ਆਈ ਸੀ। ਉਹ ਗਾਹਕ ਭੁਗਤਾਉਂਦਾ ਰਿਹਾ। ਮੈਂ ਐਵੇਂ ਹੀ ਚਾਹ ਪੀਣ ਬਹਿ ਗਿਆ। ਅਖ਼ੀਰ ਚਾਹ ਆਈ, ਮੈਂ ਝੱਬਦੇ ਪੀਤੀ ਤੇ ਉਠ ਖਲਾ ਹੋਇਆ।

'ਕਿੰਨੇ ਪੈਸੇ ?'

'ਪੈਂਤੀ ਬਣਦੇ ਨੇ, ਤੂੰ ਤੀਹ ਦੇ ਦੇ। ਤੀਹ ਈ ਮੇਰੀ ਖਰੀਦ ਏ। ਬੱਤੀ ਲਾਵਣ ਦੀ ਮਜ਼ਦੂਰੀ ਵੀ ਮੈਂ ਛੱਡ ਦਿੱਤੀ ਏ।'

ਉਸ ਨੂੰ ਪੈਸੇ ਫੜਾਂਦੇ ਨੂੰ ਮੈਂ ਐਵੇਂ ਹੌਲੀ ਜਿਹੀ ਪੁੱਛਿਆ।

'ਤੇ ਕਬੂਤਰ ?'

'ਉਹ ਕਬੂਤਰ...ਹਾਂ...ਉਹ...ਉੱਡ ਗਏ।'

ਆਖ ਕੇ ਉਹ ਮੁੜ ਹੱਟੀ ਵਿਚ ਗਵਾਚ ਗਿਆ।



## ਨਿਆਂ ਅਨਿਆਂ

ਵਰ੍ਹੇ ਛਿਮਾਹੀ ਲਾਹੌਰੋਂ ਮੈਨੂੰ ਸ਼ੇਖ਼ੂਪੁਰੇ ਕਚਹਿਰੀ ਤਰੀਖ਼ ਭੁਗਤਣ ਜਾਣਾ ਪੈਂਦਾ ਏ। ਚੂਹੜਕਾਣੇ ਲਾਗੇ ਸਾਡੀ ਕੁਝ ਭੋਇੰ ਪਿਉ ਮਰਨ ਮਗਰੋਂ ਚਾਚਿਆਂ ਮਾਰ ਲਈ ਤੇ ਕਈ ਵਰ੍ਹਿਆਂ ਤੋਂ ਮੁਕੱਦਮਾ ਚਲਦਾ ਪਿਆ ਸੀ। ਵਕੀਲ ਪੱਕ ਕਰਾਇਆ ਸਾਝਰੇ ਕਚਹਿਰੀ ਅੱਪੜ ਜਾਣਾ ਮਤਾਂ ਵਿਚ ਈ ਆਵਾਜ਼ ਨਾ ਪੈ ਜਾਵੇ। ਇੰਜ ਹੋਣਾ ਤਾਂ ਨਹੀਂ ਸੀ ਪਰ ਇਕ ਬੱਝੀ ਆਸ ਨਾਲ ਭੱਜਿਆ ਮੈਂ ਲਾਹੌਰੋਂ ਸਵਖਤੇ ਹੀ ਕਚਹਿਰੀ ਅੱਪੜ ਗਿਆ। ਵਕੀਲ ਦੇ ਆਪਣੇ ਰੁਝੇਵੇਂ ਸਨ ਤੇ ਉਹ ਦੁਪਹਿਰਾਂ ਤੀਕ ਟਕਰਿਆ ਈ ਨਾ। ਦੁਪਹਿਰੇ ਕਿਤੇ ਉਹ ਬਹੁੜਿਆ ਤੇ ਉਸ ਨੱਸ ਅਦਾਲਤ ਅੰਦਰ ਜਾ ਕੇ ਰੀਡਰ ਕੋਲੋਂ ਅਗਲੀ ਤਰੀਖ਼ ਲੈ ਲਈ। ਮੈਨੂੰ ਕੌੜ ਤਾਂ ਡਾਢੀ ਸੀ ਪਰ ਚੁੱਪ ਕਰ ਰਿਹਾ। ਸਵੇਰੇ ਤੋਂ ਦੁਪਹਿਰਾਂ ਤੀਕ ਅਦਾਲਤ ਦੇ ਬਾਹਰ ਖਲੋਤੇ ਖਲੋਤੇ ਇਕ ਨਿਰਾਸੀ ਉਡੀਕ ਨੇ ਰੂਹ ਤੇ ਸਰੀਰ ਵਿਚ ਥਕੇਵਾਂ ਭਰ ਦਿੱਤਾ।

ਕਚਹਿਰੀਓਂ ਬਾਹਰ ਮੈਨੂੰ ਸੜਕ ਤੋਂ ਹੀ ਲਾਹੌਰ ਆਉਣ ਲਈ ਵੈਗਨ ਲੱਭ ਗਈ। ਭਾਦਰੋਂ ਦਾ ਵੱਟ, ਉੱਤੋਂ ਜਿਹੜੀ ਸੀਟ ਮਿਲੀ ਉਹ ਵੀ ਸੂਰਜ ਵੱਲ। ਵੈਗਨ ਚੱਲੀ ਤਾਂ ਕੁਝ ਸਾਹ ਪਿਆ। ਸ਼ੇਖ਼ੂਪੁਰੇ ਕਚਹਿਰੀ ਤੋਂ ਲਾਹੌਰ ਲਈ ਚੱਲਣ ਵਾਲੀ ਵੈਗਨ ਨੂੰ ਸ਼ਹਿਰ ਵਿਚੋਂ ਲੰਘਣਾ ਪੈਂਦਾ ਏ। ਸ਼ਹਿਰੋਂ ਦੋ ਚਿੱਟੇ ਲੀੜਿਆਂ ਵਾਲੇ ਬੰਦਿਆਂ ਵੈਗਨ ਵਿਚ ਚੜ੍ਹਦੇ ਸਾਰ ਈ ਕੰਡਕਟਰ ਨਾਲ ਅੱਗੇ ਬੈਠਣ ਦਾ ਝੇੜਾ ਪਾ ਦਿੱਤਾ। ਪਰ ਉਹ ਉਹਨਾਂ ਨੂੰ ਪਿਛਲੀਆਂ ਸੀਟਾਂ ਵੱਲ ਧੱਕੇ। ਜਦ ਉਹ ਅੱਗੇ ਬੈਠੇ ਤਾਂ ਡਰਾਈਵਰ ਨਾਲ ਖਹਿਬੜ ਪਏ ਕਿ ਵੈਗਨ ਤ੍ਰਿਖੀ ਚਲਾ ਕਿਉਂਕਿ ਉਹ ਲਾਹੌਰ ਅੱਪੜਣ ਦੀ ਕਾਹਲ ਵਿਚ ਸਨ। ਸਵਾਰੀਆਂ ਏਸ ਗੱਲੋਂ ਅਵਾਜ਼ਾਰ ਜਿਹੀਆਂ ਹੋ ਗਈਆਂ। ਪੀਰ ਬਹਾਰ ਸ਼ਾਹ ਚੌਂਕ ਟੱਪ ਕੇ ਵੈਗਨ ਸਪੀਡਾਂ ਫੜ ਲਈਆਂ।

ਮੈਥੋਂ ਅਗਲੀ ਸੀਟ ਉੱਤੇ ਬੈਠੀ ਬੁੱਢੀ ਮਾਈ ਖ਼ੈਰ ਮੰਗਦੇ ਆਖੇ, 'ਸੋਹਣਿਆ ਰੱਬਾ ਆਪਣਾ ਕਰਮ ਈ ਰੱਖੀਂ।' ਇਹ ਸੁਣ ਕੇ ਡਰਾਈਵਰ ਨਾਲ ਲੜਦੀਆਂ ਸਵਾਰੀਆਂ ਚੁੱਪ ਕਰ ਗਈਆਂ। ਅਜੇ ਵੈਗਨ ਸ਼ਹਿਰੋਂ ਮਸਾਂ ਨਿਕਲੀ ਈ ਹੋਣੀ ਏ ਕਿ ਅਚਾਨਕ ਮੱਠੀ ਹੋ ਗਈ। ਇਕ ਦੋ ਬੰਦਿਆਂ ਬਾਹਰ ਵੱਲ ਧਿਆਨ ਦਿਵਾਇਆ। ਸਵਾਰੀਆਂ ਉੱਚੀ ਉੱਚੀ ਬੋਲਣ ਲੱਗ ਪਈਆਂ। ਕਿਸੇ ਟੱਕਰ ਦੀ ਗੱਲ ਸੀ। ਵੈਗਨ ਹੌਲੀ ਹੌਲੀ ਸੜਕ ਤੋਂ ਇਕ ਪਾਸੇ ਹੋ ਕੇ ਇਕ ਪਲ ਖਲੋਣ ਮਗਰੋਂ ਮੁੜ ਨੱਸਣ ਲੱਗ ਪਈ। ਅਖ਼ੀਰਲੀਆਂ ਸੀਟਾਂ ਉੱਤੇ

ਬੈਠਣ ਵਜੋਂ ਮੈਨੂੰ ਸਾਹਮਣਿਓਂ ਕੁਝ ਨਜ਼ਰੀਂ ਨਾ ਪਿਆ। ਵੈਗਨ ਚੱਲੀ ਤਾਂ ਮੈਂ ਧੌਣ ਭਵਾਂ ਕੇ ਤੱਕਿਆ, ਸੜਕ ਵਿਚਕਾਰ ਇਕ ਬੰਦਾ ਮੂੰਹ ਪਰਨੇ ਬੇਸੁੱਧ ਡਿੱਗਾ ਹੋਇਆ ਸੀ ਤੇ ਦੂਰੋਂ ਦੋ ਚਾਰ ਬੰਦੇ ਨੱਸ ਕੇ ਉਸ ਦੁਆਲੇ ਇਕੱਠੇ ਹੁੰਦੇ ਪਏ ਸਨ। ਸੜਕ ਦੇ ਇਕ ਪਾਸੇ ਮੈਨੂੰ ਕਿਸੇ ਆਟੇ ਦੀ ਮਿੱਲ ਦਾ ਟਰੱਕ ਵੀ ਇਕ ਪਲ ਲਈ ਦਿਸਿਆ।

ਮਾਈ ਦੁਆਵਾਂ ਮੰਗਦੀ ਜਾਂਦੀ ਸੀ, 'ਰੱਬ ਸਾਰਿਆਂ ਉੱਤੇ ਮਿਹਰ ਕਰੇ, ਕੁੱਲ ਦਾ ਭਲਾ ਕੁੱਲ ਦੀ ਖ਼ੈਰ।' ਦੂਜੀਆਂ ਸਵਾਰੀਆਂ ਗੱਲਾਂ ਕਰਦੀਆਂ ਪਈਆਂ ਸਨ ਤੇ ਜਿਹੜੇ ਬਾਰੀਆਂ ਵੱਲ ਨਹੀਂ ਸਨ ਬੈਠੇ, ਦੂਜਿਆਂ ਕੋਲੋਂ ਕਾਹਲ ਵਿਚ ਪੁੱਛਦੇ ਪਏ ਸਨ, 'ਕੀ ਹੋਇਆ ਏ। ਕੁਝ ਦੱਸੋ ਵੀ ਤਾਂ।'

'ਬੰਦਾ ਤਾਂ ਲਗਾ ਗਿਆ ਲਗਦਾ ਏ।'

'ਬਚ ਈ ਜਾਏ ਖ਼ੌਰੇ।'

'ਗੱਡੀ ਭਜਾ ਗਿਆ ਹੋਣਾ ਏ ਡਰਾਈਵਰ।'

ਏਸ ਗੱਲ ਉੱਤੇ ਵੈਗਨ ਵਿਚ ਚੁੱਪ ਜਿਹੀ ਲੱਥ ਗਈ।

ਸੜਕ ਉੱਤੇ ਇਕ ਬੰਦੇ ਨੂੰ ਮੂੰਹ ਪਰਨੇ ਡਿੱਗਾ ਵੇਖ ਕੇ ਵੈਗਨ ਵਿਚ ਬੈਠੀਆਂ ਸਵਾਰੀਆਂ ਇਕ ਅਜੀਬ ਜਿਹੇ ਸਾਂਗੇ ਵਿਚ ਪਰੋਈਆਂ ਗਈਆਂ ਜਾਂ ਫੇਰ ਖ਼ੌਰੇ ਮੌਤ ਨੂੰ ਸਾਹਮਣੇ ਵੇਖ ਕੇ ਸਾਰੇ ਪੰਘਰ ਗਏ ਸਨ। ਕੁਝ ਚਿਰ ਲਈ ਵੈਗਨ ਵਿਚ ਚੁੱਪ ਪਸਰੀ ਰਹੀ ਪਰ ਏਸ ਪਲ ਦੋ ਪਲ ਦੀ ਚੁੱਪ ਨੇ ਉਹਨਾਂ ਨੂੰ ਇਕ ਦੂਜੇ ਦੇ ਨੇੜੇ ਕਰ ਦਿੱਤਾ। ਇਕ ਅਜਿਹੇ ਅਣਡਿੱਠੇ ਅਣਬੋਲੇ ਸਾਂਗੇ ਵਿਚ ਜਿਹੜਾ ਹਮੇਸ਼ ਬੰਦੇ ਨੂੰ ਬੰਦੇ ਨਾਲ ਜੋੜ ਦੇਂਦਾ ਏ ਤੇ ਫੇਰ ਗੱਲ ਕਰਨ ਲਈ ਇਕ ਦੂਜੇ ਦਾ ਜਾਣੂ ਹੋਵਣ ਦੀ ਲੋੜ ਨਹੀਂ ਰਹਿੰਦੀ।

ਅਖ਼ੀਰ ਮਾਈ ਲੰਮਾ ਸਾਹ ਭਰ ਕੇ ਆਖਿਆ, 'ਖੌਰੇ ਕਿਹੜੀ ਮਾਂ ਦਾ ਲਾਲ ਸੀ।'

ਮਾਈ ਦੀ ਏਸ ਗੱਲ ਨੇ ਚੁੱਪ ਦਾ ਪਹਿਰਾ ਤੋੜ ਦਿੱਤਾ ਤੇ ਮੁੜ ਗੱਲਾਂ ਹੋਵਣ ਲੱਗ ਪਈਆਂ। ਕਿਸੇ ਨੂੰ ਡਿੱਗੇ ਬੰਦੇ ਦਾ ਮਨਖ ਸੀ ਤੇ ਕਿਸੇ ਨੂੰ ਡਰਾਈਵਰ ਦੇ ਨੱਸ ਜਾਣ ਦਾ।

'ਇਹ ਡਰਾਈਵਰ ਔਂਤਰੇ ਇੰਜ ਚਲਾਂਦੇ ਹੀ ਕਿਉਂ ਨੇ ?' ਕੋਈ ਜ਼ਨਾਨੀ ਪੁੱਛ ਰਹੀ ਸੀ।

'ਮਾਰ ਕੇ ਨੱਸ ਗਿਆ ਮਾਰਨ ਆਲਾ।' ਮੇਰੇ ਨਾਲ ਬੈਠਾ ਬੰਦਾ ਬੋਲਿਆ।

'ਉਹ ਸਾਹਮਣੇ ਬੈਠਾ ਛੱਲੀ ਖਾ ਰਿਹਾ ਏ।' ਮੈਥੋਂ ਅੱਗੇ ਦੀਆਂ ਸੀਟਾਂ ਉੱਤੇ ਬੈਠੇ ਇਕ ਅੱਧਖੜ ਬੰਦੇ ਜਵਾਬ ਦਿੱਤਾ। ਉਹਨੇ ਆਪਣੇ ਨੰਗੇ ਵਾਲਾਂ ਨੂੰ ਮਹਿੰਦੀ ਨਾਲ ਰੱਤਾ ਕੀਤਾ ਹੋਇਆ ਸੀ ਤੇ ਹੁਣ ਤੀਕ ਚੁੱਪ ਵੱਟੀ ਬੈਠਾ ਸੀ।

ਸਾਡੇ ਸਾਹਮਣੇ ਡਰਾਈਵਰ ਤੋਂ ਪਿਛਲੀ ਸੀਟ ਉੱਤੇ ਜਿਥੇ ਆਮ ਕਰਕੇ ਕੰਡਕਟਰ ਬੈਠਦਾ ਏ ਤੇ ਜਿਹਨੂੰ ਸਵਾਰੀਆਂ ਦੀ ਬੋਲੀ ਵਿਚ 'ਫੱਟਾ' ਆਖਿਆ ਜਾਂਦਾ ਏ, ਕੰਡਕਟਰ ਦੇ ਨਾਲ ਇਕ ਬੰਦਾ ਬੈਠਾ ਛੱਲੀ ਪਿਆ ਖਾਂਦਾ ਸੀ। ਇਹ ਫੱਟਾ ਸ਼ਹਿਰੋਂ ਚੱਲਣ ਵਾਲੀਆਂ ਵੈਗਨਾਂ ਵਿਚ ਈ ਹੁੰਦਾ ਏ।

ਫੱਟੇ ਉੱਤੇ ਬੈਠਾ ਬੰਦਾ ਵੈਗਨ ਦੀਆਂ ਸਾਰੀਆਂ ਸਵਾਰੀਆਂ ਸਾਹਮਣੇ ਹੁੰਦਾ ਏ। ਉਹ ਮੁੜ੍ਹਕੇ ਵਿਚ ਭਿੱਜਿਆ, ਮੂੰਹ ਹੇਠ ਸੁੱਟੀ, ਛੱਲੀ ਖਾਣ ਵਿਚ ਜਿਵੇਂ ਆਪਾ ਲਕਾਉਣ ਦੇ ਆਹਰ ਵਿਚ ਸੀ। ਮੈਨੂੰ ਲੱਗਿਆ ਉਹ ਅੰਦਰੋਂ ਕੰਬਦਾ ਪਿਆ ਸੀ ਪਰ ਛੱਲੀ ਖਾਵਣ



ਵਿਚ ਉਸ ਇਕ ਓਹਲਾ ਭਾਲਿਆ ਹੋਇਆ ਸੀ।

ਹੁਣ ਸਾਰੇ ਉਹਨੂੰ ਈ ਤੱਕੀ ਜਾਂਦੇ ਪਏ ਸਨ ਤੇ ਵੈਗਨ ਵਿਚ ਮੁੜ ਚੁੱਪ ਲੱਥ ਗਈ ਸੀ। ਹਰ ਕੋਈ ਉਸ ਨੂੰ ਆਪਣੀ ਤੱਕਣੀ ਤੱਕਦਾ ਪਿਆ ਸੀ।

ਮੇਰੇ ਨਾਲ ਬੈਠਾ ਬੰਦਾ ਕੁਝ ਕੁਝ ਡਰ ਨਾਲ ਉਹਨੂੰ ਤੱਕ ਰਿਹਾ ਸੀ। ਉਹ ਸ਼ਹਿਰ ਦੇ ਹੇਠਲੇ ਮੇਲ ਦਾ ਅਧਖੜ ਉਮਰ ਦਾ ਬੰਦਾ ਸੀ। ਉਹਦੀ ਡਰਾਈਵਰ ਦੇ ਨੱਸਣ ਦੀ ਗੱਲ ਉੱਤੇ ਵੀ ਰੱਤੇ ਵਾਲਾਂ ਵਾਲੇ ਉਹਨੂੰ ਸਾਹਮਣੇ ਬੈਠੇ ਟੱਕਰ ਮਾਰਨ ਵਾਲੇ ਡਰਾਈਵਰ ਦੀ ਦੱਸ ਪਾਈ ਸੀ। ਮੈਂ ਅੱਖਾਂ ਅੱਖਾਂ ਵਿਚ ਉਸ ਨੂੰ ਤਸੱਲੀ ਦਿੱਤੀ ਤੇ ਉਸ ਕੁਝ ਸੌਖਾ ਪੈ ਕੇ ਸੀਟ ਨਾਲ ਢੋਅ ਲਾ ਲਈ।

ਇਕ ਦੋ ਬੰਦੇ ਸਾਰੀ ਗੱਲ ਤੋਂ ਲਾਂਭੇ ਹੋਏ ਬੈਠੇ ਸਨ ਜਿਵੇਂ ਉਹਨਾਂ ਨੂੰ ਉਸ ਨਾਲ ਕੀ ਜਿਹੜਾ ਮਰ ਗਿਆ ਏ ਜਾਂ ਏਸ ਟੱਕਰ ਵਾਲੇ ਡਰਾਈਵਰ ਨਾਲ। ਖ਼ੌਰੇ ਉਹਨਾਂ ਨੂੰ ਲਾਹੌਰ ਅੱਪੜਣ ਦੀ ਕਾਹਲ ਸੀ ਤੇ ਉਹ ਆਪਣੇ ਰੁਝੇਵੇਂ ਤੋਂ ਬਾਹਰ ਝਾਤ ਪਾਉਣ ਜੋਗ ਨਹੀਂ ਸਨ।

ਵੈਗਨ ਚਲਾਉਂਦੇ ਡਰਾਈਵਰ ਨਾਲ ਅਗਲੀਆਂ ਸੀਟਾਂ ਉੱਤੇ ਬੈਠੇ ਦੋ ਚਿੱਟੇ ਲੀੜਿਆਂ ਵਾਲੇ ਬੰਦੇ ਜਿਨ੍ਹਾਂ ਤ੍ਰਿਖੀ ਵੈਗਨ ਚਲਾਉਣ ਉੱਤੇ ਝੇੜਾ ਕੀਤਾ ਸੀ, ਹੌਲੀ ਹੌਲੀ ਕੋਈ ਗੱਲ ਡਰਾਈਵਰ ਦੇ ਕੰਨ ਨੇੜੇ ਕਰ ਲੈਂਦੇ। ਡਰਾਈਵਰ ਉਂਜ ਵੀ ਟੱਕਰ ਮਗਰੋਂ ਵੈਗਨ ਹੌਲੀ ਚਲਾਉਂਦਾ ਪਿਆ ਸੀ।

ਹੁਣ ਕੁਝ ਬੰਦੇ ਸ਼ੱਕ ਤੇ ਕੁਝ ਕੌੜ ਨਾਲ ਡਰਾਈਵਰ ਨੂੰ ਤੱਕਦੇ ਪਏ ਸਨ ਤੇ ਉਹਨੂੰ ਆਪਣੀਆਂ ਨਜ਼ਰਾਂ ਦੀ ਵਲਗਣ ਵਿਚ ਘੇਰੀ ਬੈਠੇ ਸਨ। ਪਰ ਬਹੁਤੇ ਉਸ ਨੂੰ ਅਚੰਭੇ ਨਾਲ ਵੇਖਦੇ ਰਹੇ ਕਿ ਇਹ ਟੱਕਰ ਵਾਲਾ ਡਰਾਈਵਰ ਵੈਗਨ ਵਿਚ ਆਇਆ ਕਿਵੇਂ ? ਪਰ ਉਸ ਕੋਲੋਂ ਮੂੰਹ ਸਾਹਮਣੇ ਸਿੱਧੀ ਗੱਲ ਪੁੱਛਣ ਤੋਂ ਸਾਰੇ ਝਕਦੇ ਪਏ ਸਨ। ਅਖ਼ੀਰ ਇਕ ਮੁੰਡੇ ਨੇ ਰੱਤੇ ਵਾਲਾਂ ਵਾਲੇ ਕੋਲੋਂ ਪੁੱਛਿਆ, 'ਇਹ ਓਹੋ ਏ ਜਿਹਨੇ ਟੱਕਰ ਮਾਰੀ ਸੀ ?'

'ਆਹੋ।' ਰੱਤੇ ਵਾਲਾਂ ਵਾਲਾ ਨਿਸ਼ਚਿੰਤ ਬੋਲਿਆ। 'ਓਹੋ ਏ' ਹੁਣ ਸਾਰੇ ਉਡੀਕ ਵਿਚ ਸਨ ਕਿ ਉਹ ਗੱਲ ਖੋਲ੍ਹੇ।

'ਟੱਕਰ ਹੁੰਦੀ ਤਾਂ ਮੈਂ ਨਹੀਂ ਵੇਖੀ', ਉਸ ਗੱਲ ਟੋਰੀ, 'ਪਰ ਇਕ ਬੰਦੇ ਨੂੰ ਸੜਕ ਉੱਤੇ ਡਿਗਦੇ ਤੇ ਇਕ ਪਾਸੇ ਟਰੱਕ ਨੂੰ ਖਲੋਂਦੇ ਮੈਂ ਜ਼ਰੂਰ ਤੱਕਿਆ ਏ। ਫੇਰ ਟਰੱਕ ਵਿਚੋਂ ਇਕ ਬੰਦਾ ਨੱਸ ਕੇ ਸੜਕ ਦੇ ਦੂਜੇ ਬੰਨੇ ਆਇਆ ਤੇ ਇਹਨੇ ਸਾਡੀ ਵੈਗਨ ਨੂੰ ਹੱਥ ਦਿੱਤਾ। ਪਿੱਛੋਂ ਸਾਡੀ ਵੈਗਨ ਹੌਲੀ ਹੋਈ, ਇਹ ਵਿਚ ਬਹਿ ਗਿਆ। ਇਹ ਸਾਰਾ ਕੁਝ ਅੱਖ ਦੇ ਝਲਕਾਰੇ ਵਿਚ ਹੋਇਆ ਹੋਣਾ ਏ। 'ਜੇ ਮੇਰੀ ਗੱਲ ਝੂਠੀ ਏ ਤਾਂ ਸਾਡੀ ਵੈਗਨ ਦੇ ਡਰਾਈਵਰ ਨੂੰ ਪੁੱਛ ਲਉ। ਉਹਨੂੰ ਵੀ ਸਾਰਾ ਪਤਾ ਏ। ਇਹ ਡਰਾਈਵਰ ਆਪਣੀ ਮਾਂ ਦੇ...ਇਹ ਭੇਤੀ ਹੁੰਦੇ ਨੇ ਇਕ ਦੂਜੇ ਦੇ। ਇਨ੍ਹਾਂ ਦੇ ਕਈ ਆਪਸੀ ਇਸ਼ਾਰੇ ਹੁੰਦੇ ਨੇ।' ਉਹ ਬੰਦੇ ਨੂੰ ਘੂਰੀ ਵੱਟ ਵੱਟ ਤੱਕਦਾ ਰਿਹਾ

ਉਸ ਬੰਦੇ ਵਿਚ ਕਿਸੇ ਨੂੰ ਅੱਗੇ ਵਧ ਕੇ ਨੱਪ ਲੈਣ ਦੀ ਬੇਧੜਕੀ ਤੇ ਅੰਦਰ ਦਾ ਰੱਜ ਜਿਹਾ ਸੀ। ਜਿਵੇਂ ਉਸ ਲਈ ਇਹ ਅਸਚਰਜ ਗੱਲ ਨਹੀਂ ਸੀ ਕੋਈ। ਅਜਿਹੀਆਂ ਵਾਪਰੀਆਂ ਉਹ ਨਜਿੱਠਦਾ ਰਹਿੰਦਾ ਸੀ। ਉਹਦੇ ਗਾਲ੍ਹ ਕੱਢਣ ਨਾਲ ਕਈਆਂ ਨੂੰ ਦਲੇਰੀ ਮਿਲੀ ਤੇ

ਉਹ ਆਪਣੀ ਕੌੜ ਕੱਢਣ ਲੱਗ ਪਿਆ।

'ਪਰ ਟੱਕਰ ਮਾਰਨ ਵਾਲੇ ਡਰਾਈਵਰ ਦਾ ਕੀਤਾ ਕੀ ਜਾਵੇ ?'

ਇਹ ਸਵਾਲ ਸਭ ਦੇ ਅੰਦਰ ਸੀ ਪਰ ਗੱਲ ਕੋਈ ਨਹੀਂ ਸੀ ਛੋਂਹਦਾ ਪਿਆ। ਅਖ਼ੀਰ ਰੱਤੇ ਵਾਲਾਂ ਵਾਲੇ ਵੈਗਨ ਦੇ ਡਰਾਈਵਰ ਨੂੰ ਕਿਸੇ ਝਾਕੇ ਤੋਂ ਬਿਨਾਂ ਆਖਿਆ।

'ਉਏ ਫੈਕਟਰੀ ਏਰੀਆ ਦੇ ਥਾਣੇ ਵੈਗਨ ਰੋਕਣੀ ਏ।'

ਹੁਣ ਬਹੁਤੇ ਬੰਦੇ ਉਹਦੀ ਗੱਲ ਵਿਚ ਗੱਲ ਰਲਾਉਣ ਲੱਗ ਪਏ।

'ਉਏ ਪੁਲਿਸ ਨੂੰ ਦਿਉ ਇਹਨੂੰ।'

'ਸਜ਼ਾ ਤਾਂ ਮਿਲੇ ਇਹਨੂੰ।'

'ਇੰਜ ਹਰ ਕੋਈ ਮਾਰ ਕੇ ਨੱਸ ਜਾਏ ਤੇ ਫੇਰ ਨਾ ਬਚਿਆ ਕੋਈ।'

'ਆਖ਼ਰ ਕਾਨੂੰਨ ਵੀ ਕੋਈ ਚੀਜ਼ ਹੋਈ ਕਿ ਨਾ।'

ਪਰ ਇਨ੍ਹਾਂ ਬੰਦਿਆਂ ਵਿਚੋਂ ਬਹੁਤੇ ਉਹੋ ਸਨ, ਜਿਨ੍ਹਾਂ ਪਹਿਲਾਂ ਵੀ ਬਿਨਾਂ ਸਾਰੀ ਗੱਲ ਸੁਣੇ ਰੱਤੇ ਵਾਲਾਂ ਵਾਲੇ ਦੀ ਗੱਲ ਉੱਤੇ ਯਕੀਨ ਕਰ ਲਿਆ ਸੀ।

'ਕਾਨੂੰਨ ਕੀ ਏ ? ਮਾੜੇ ਲਈ ਵੀ ਕੋਈ ਕਾਨੂੰਨ ਹੈ ਕਿ ਨਹੀਂ ?' ਇਕ ਪੱਗ ਵਾਲੇ ਵਡੇਰੀ ਉਮਰ ਦੇ ਬੰਦੇ ਸਵਾਲ ਪਾਇਆ। ਕਚਹਿਰੀਆਂ ਵਿਚ ਰੁਲਦੇ ਵਰ੍ਹੇ ਹੋ ਗਏ ਨੇ ਮੈਨੂੰ, ਪਰ ਮੈਂ ਤਾਂ ਨਿਆਂ ਨਹੀਂ ਤੱਕਿਆ। ਜਵਾਨ ਪੁੱਤਰ ਮੇਰਾ ਕਤਲ ਵਿਚ ਫਾਹੇ ਲੱਗਣ ਵਾਲਾ ਏ। ਬਸ ਏਸ ਲਈ ਕਿ ਪਿੰਡ ਦਾ ਚੌਧਰੀ ਪੁੱਠੇ ਸਿੱਧੇ ਕਾਗਜ਼ ਬਣਵਾ ਕੇ ਉਹਦੇ ਗਰੀਬ ਯਾਰ ਦੀ ਭੋਇੰ ਮਾਰੂ ਸੀ ਤੇ ਇਹਨੇ ਲਾ ਲਿਆ ਆਹਡਾ। ਚੌਧਰੀਆਂ ਮੇਰੇ ਪੁੱਤਰ ਦੇ ਯਾਰ ਨੂੰ ਮਾਰ ਕਤਲ ਇਹਦੇ ਤੇ ਯਾਰ ਦੀ ਸਵਾਣੀ ਉੱਤੇ ਪਾ ਦਿੱਤਾ। ਪਈ ਇਹ ਖ਼ੂਨ ਦੋਵਾਂ ਮਿਲ ਕੇ ਕੀਤਾ ਹੈ। ਦੋਵਾਂ ਦਾ ਆਪਸ ਵਿਚ ਕੋਈ ਤੁਅੱਲਕ ਜੋੜ ਦਿੱਤਾ। ਹੁਣ ਉਹ ਨਿਮਾਣੀ ਭੁਗਤਸੀ ਕੈਦ ਤੇ ਪੁੱਤਰ ਮੇਰਾ ਲਗਸੀ ਫਾਹੇ।'

ਉਸ ਪੱਗ ਵਾਲੇ ਬਾਬੇ ਦੀ ਗੱਲ ਤੋਂ ਗੱਲਾਂ ਹੋਰ ਪਾਸੇ ਟੁਰ ਪਈਆਂ। ਰੱਤੇ ਵਾਲਾਂ ਵਾਲੇ ਦੀ ਗੱਲ ਵਿਚ ਈ ਗੱਲ ਰਲਾਉਣ ਵਾਲਾ ਇਕ ਬੰਦਾ ਬੋਲਿਆ, "ਗੱਲ ਤਾਂ ਸੱਚੀ ਏ। ਕਿਹੜਾ ਕਾਨੂੰਨ ਤੇ ਕਿਹੜੀਆਂ ਕਚਹਿਰੀਆਂ ? ਇਹ ਕਾਨੂੰਨ ਨਿਮਾਣਿਆਂ ਤੇ ਮਾੜਿਆਂ ਲਈ ਤਾਂ ਨਹੀਂ ਨਾ। ਪੁਲਿਸ ਇਹਦੇ ਨਾਲ ਕੀ ਕਰਨਾ ਏ ਉਂ ? ਜੇ ਇਹਦੇ ਕੋਲ ਵੱਢੀ ਹੋਈ ਤਾਂ ਬਚ ਜਾਸੀ, ਨਹੀਂ ਤਾਂ ਪੁਲਿਸ ਪਿੰਜਸੀ ਰੱਜ ਕੇ।'

'ਉਹ ਬੰਦਾ ਤਾਂ ਲਗਾ ਗਿਆ। ਇਕ ਘਰ ਉੱਜੜ ਗਿਆ।' ਇਕ ਬੰਦਾ ਮੁੜ ਮੁੜ ਇਹੋ ਗੱਲ ਆਖੀ ਜਾਂਦਾ ਸੀ ਜਿਵੇਂ ਮੋਇਆ ਬੰਦਾ ਚੇਤੇ ਕਰਾਂਦਾ ਹੋਵੇ ਸਾਰਿਆਂ ਨੂੰ।'

'ਕਿਥੇ ਏ ਨਿਆਂ...ਸਾਡੇ ਨਾਲ ਨਿਆਂ ਕਦੇ ਹੋਣਾ ਵੀ ਏ ਕਿ ਨਹੀਂ ?' ਪੱਗ ਵਾਲੇ ਬਾਬੇ ਮੁੜ ਸਵਾਲ ਪਾਇਆ। ਜੇ ਮੈਂ ਬੋਲਦਾ ਤਾਂ ਮੈਂ ਵੀ ਇਹੋ ਗੱਲ ਪੁੱਛਦਾ।

'ਜਿਹਨੇ ਜੁਰਮ ਕੀਤਾ ਉਹਨੂੰ ਤਾਂ ਸਜ਼ਾ ਮਿਲ ਜਾਣੀ ਏ। ਪਰ ਮਰਨ ਵਾਲੇ ਦੇ ਬਾਲਾਂ ਦਾ ਵੀ ਤੇ ਕੁਝ ਹੋਣਾ ਚਾਹੀਦਾ ਏ।' ਕਿਸੇ ਬੰਦੇ ਆਪਣੀ ਸਿਆਣਪ ਰਲਾਈ।

'ਏਥੇ ਕੁਝ ਨਹੀਂ ਹੋਣਾ।' ਸਾਰੀ ਗੱਲ ਤੋਂ ਲਾਂਭੇ ਬੈਠੇ ਹੋਏ ਇਕ ਬੰਦੇ ਭੈੜਾ ਪੈ ਕੇ ਆਖਿਆ। ਉਹ ਸਾਰੇ ਮਾਮਲੇ ਤੋਂ ਹੀ ਅੱਕਿਆ ਬੈਠਾ ਜਾਪਦਾ ਸੀ।

'ਅਖੀਰ ਅਮਾਮ ਮਹਿਦੀ ਆਉਣਗੇ, ਨਿਆਂ ਕਰਨਗੇ।' ਇਕ ਬੰਦੇ ਉਹਨੂੰ ਆਪਣੇ



ਵਲੋਂ ਸਵਾਹਰਾ ਜਵਾਬ ਦਿੱਤਾ।

'ਜਾਂ ਫਿਰ ਇਹੋ ਜਿਹਾ ਆਵੇ ਅਮਾਮ ਖ਼ਮੀਨੀ ਵਰਗਾ। ਰੋਜ਼ ਜ਼ਾਲਮਾਂ ਨੂੰ ਫਾਹੇ ਲਾਵੇ।' ਕਿਸ ਹੋਰ ਉਹਦੇ ਨਾਲ ਸਾਂਝ ਰਲਾਂਦੇ ਆਖਿਆ।

'ਅਨਿਆਂ ਨਾਲ ਲੜਨਾ ਪਵਸੀ। ਨਿਆਂ ਲਈ ਖਲੋਣਾ ਪਵਸੀ। ਮਰਨਾ ਪਵਸੀ। ਐਵੇਂ ਤਾਂ ਕੁਝ ਨਾ ਹੋਸੀ। ਨਹੀਂ ਤਾਂ ਉਡੀਕੋ। ਕਚਹਿਰੀਆਂ ਦੀਆਂ ਪੌੜੀਆਂ 'ਤੇ...ਦਫ਼ਤਰਾਂ ਦੇ ਬਾਹਰ...ਉਡੀਕ...ਉਡੀਕ...ਇਕ ਨਿਰਾਸੀ...ਬੇਅੰਤ...ਬੇਮੁੱਲ ਉਡੀਕ...ਉਡੀਕ ਅਮਾਮ ਮਹਿਦੀ ਦੀ...ਜਗ ਮੁੱਕਣ ਦੀ...ਆਪਣੇ ਮਰਨ ਦੀ।'

ਮੇਰੇ ਅੰਦਰੋਂ ਵੀ ਕੋਈ ਬੋਲ ਰਿਹਾ ਸੀ। ਸਵਾਰੀਆਂ ਚੀਕਣ ਲੱਗ ਪਈਆਂ, ਜਿਵੇਂ ਵੈਗਨ ਵਿਚ ਅੱਗ ਲੱਗ ਗਈ ਸੀ। ਚਾਣਚੱਕ ਵੈਗਨ ਝਰਕ ਨਾਲ ਖਲੋ ਗਈ। ਖ਼ੌਰੇ ਵੈਗਨ ਅੱਗੇ ਕੁਝ ਆ ਗਿਆ ਸੀ। ਅੱਗ ਮੱਠੀ ਪੈ ਗਈ। ਮੁੜ ਚੁੱਪ ਲੱਥ ਗਈ। ਮੁੜ ਉਡੀਕ ਸ਼ੁਰੂ ਹੋ ਗਈ।

ਮੈਂ ਸੁਣਿਆ ਕੋਈ ਕਹਿ ਰਿਹਾ ਸੀ, 'ਉਹ ਬੰਦਾ ਤਾਂ ਐਵੇਂ ਵੀ ਮਾਰਿਆ ਗਿਆ।'

'ਵਿਚਾਰਾ।' ਮਾਈ ਹਉਕਾ ਭਰਿਆ।

ਹੁਣ ਪਤਾ ਨਾ ਲੱਗਾ ਮਾਈ ਟੱਕਰ ਵਾਲੇ ਡਰਾਈਵਰ ਨੂੰ ਵਿਚਾਰਾ ਆਖਿਆ ਏ ਜਾਂ ਮੋਏ ਬੰਦੇ ਨੂੰ। ਸਾਰਿਆਂ ਨੂੰ ਇੰਜ ਲੱਗਾ ਕਿ ਜਿਵੇਂ ਉਹ ਡਰਾਈਵਰ ਨੂੰ ਪੁਲਿਸ ਹੱਥੀਂ ਦੇ ਕੇ ਕੋਈ ਅਨਿਆਂ ਕਰਦੇ ਪਏ ਸਨ। ਕੋਈ ਗੁਨਾਹ। ਏਸ ਕਰਕ ਨੇ ਸਾਰਿਆਂ ਨੂੰ ਚਿੱਥ ਕੇ ਰੱਖ ਦਿੱਤਾ। ਅਖ਼ੀਰ ਗੱਲ ਏਸ ਉੱਤੇ ਮੁੱਕੀ ਕਿ ਡਰਾਈਵਰ ਨੂੰ ਇੰਜ ਪੁਲਿਸ ਨੂੰ ਦਿੱਤਾ ਜਾਵੇ ਕਿ ਮਾਮਲੇ ਨਾਲ ਨਿਆਂ ਹੋਵੇ। ਰੱਤੇ ਵਾਲਾਂ ਵਾਲੇ ਪੱਕ ਕਰਾਇਆ ਕਿ ਇੰਜ ਹੀ ਹੋਸੀ।

ਜਿਵੇਂ ਜਿਵੇਂ ਫੈਕਟਰੀ ਏਰੀਆ ਦਾ ਥਾਣਾ ਨੇੜੇ ਆਉਂਦਾ ਗਿਆ, ਲੋਕਾਂ ਦੇ ਅੰਦਰ ਵੱਲ ਇਕ ਚਿੰਤਾ ਵਧਦੀ ਗਈ।

'ਮੁੰਡਿਆ ਵੈਗਨ ਹੌਲੀ ਕਰਕੇ ਮੋੜ ਲੈ।' ਰੱਤੇ ਵਾਲਾਂ ਵਾਲੇ ਵੈਗਨ ਦੇ ਡਰਾਈਵਰ ਨੂੰ ਉੱਚੀ ਸਾਰੀ ਆਖਿਆ। ਅਚਨਚੇਤ ਇੰਜ ਲੱਗਾ ਜਿਵੇਂ ਇਹ ਮਿਥਿਆ ਸੀ ਕਿ ਇੰਜ ਹੀ ਹੋਣਾ ਸੀ। ਇੰਜ ਹੀ ਹੁੰਦਾ ਤੇ ਇੰਜ ਹੀ ਹੁੰਦਾ ਰਹਿਸੀ। ਪਰ ਲੋਕਾਂ ਦੇ ਸਾਹ ਖਲੋ ਗਏ ਤੇ ਸਾਰੀ ਗੱਲ ਤੋਂ ਲਾਂਭੇ ਬੈਠੇ ਵੀ ਚਿੰਤਾਵੰਦ ਜਾਪੇ।

ਵੈਗਨ ਹੌਲੀ ਜਿਹੀ ਮੁੜ ਕੇ ਫੈਕਟਰੀ ਏਰੀਆ ਦੇ ਥਾਣੇ ਸਾਹਮਣੇ ਜਾ ਖਲੋਤੀ। ਥਾਣੇ ਦੀ ਆਪਣੀ ਕੋਈ ਥਾਂ ਨਹੀਂ ਸੀ ਤੇ ਨਾਲ ਨਾਲ ਛੱਤੀਆਂ ਤਿੰਨ ਚਾਰ ਹੱਟੀਆਂ ਵਿਚ ਥਾਣੇ ਦਾ ਦਫ਼ਤਰ ਬਣਿਆ ਹੋਇਆ ਸੀ।

ਵੈਗਨ ਵਿਚੋਂ ਸਭ ਤੋਂ ਪਹਿਲਾਂ ਟੱਕਰ ਮਾਰਨ ਵਾਲਾ ਡਰਾਈਵਰ ਹੇਠਾਂ ਉਤਰਿਆ। ਮੈਨੂੰ ਇਵੇਂ ਲੱਗਾ ਕਿ ਉਹ ਉਤਰ ਕੇ ਭੱਜ ਜਾਵੇਗਾ ਪਰ ਉਹ ਸਿਰ ਸੁੱਟੀ ਖਲੋਤਾ ਰਿਹਾ। ਸਾਰਾ ਰਾਹ ਉਹ ਚੁੱਪ ਬੈਠਾ ਰਿਹਾ ਸੀ। ਉਹਦਾ ਮੂੰਹ ਲੱਥਾ ਹੋਇਆ ਸੀ। ਉਸ ਇਕ ਵਾਰੀ ਵੀ ਨਹੀਂ ਆਖਿਆ ਸੀ ਕਿ ਉਹ ਡਰਾਈਵਰ ਨਹੀਂ। ਨਾ ਉਸ ਮਾਫ਼ੀ ਮੰਗੀ ਨਾ ਪੁਲਿਸ ਨੂੰ ਨਾ ਫੜਾਉਣ ਦਾ ਤਰਲਾ ਕੀਤਾ। ਰੱਤੇ ਵਾਲਾਂ ਵਾਲਾ ਵੀ ਨਾਲ ਹੀ ਕਾਹਲ ਵਿਚ ਵੈਗਨ ਤੋਂ ਲਹਿ ਕੇ ਥਾਣੇ ਦੇ ਇਕ ਕਮਰੇ ਵਿਚ ਵੜ ਗਿਆ ਤੇ ਇਕ ਬੰਦੇ ਨਾਲ ਖੁਸਰ

ਫੁਸਰ ਕਰਨ ਪਿੱਛੋਂ ਇਕ ਪੁਲਿਸ ਵਾਲੇ ਨੂੰ ਨਾਲ ਲੈ ਆਇਆ। ਉਹਦੀ ਲੋੜ ਤੋਂ ਇੰਜ ਜਾਪਦਾ ਸੀ ਕਿ ਜਿਵੇਂ ਉਹ ਏਸ ਥਾਂ ਉੱਤੇ ਪਹਿਲੀ ਵਾਰ ਨਹੀਂ ਆਇਆ ਸੀ। ਪੁਲਿਸ ਦਾ ਜਾਣੂ ਲਗਦਾ ਸੀ। ਪੁਲਿਸ ਵਾਲੇ ਨੇ ਆਉਂਦੇ ਸਾਰ ਫੁਰਤੀ ਨਾਲ ਡਰਾਈਵਰ ਨੂੰ ਗਿੱਚੀ ਤੋਂ ਨੱਪਿਆ ਤੇ ਧਰੂੰਦਾ ਥਾਣੇ ਦੇ ਪਿਛਲੇ ਪਾਸੇ ਲੈ ਗਿਆ।

ਇਹ ਵੇਖਦਿਆਂ ਜਿਵੇਂ ਸਾਰੀ ਗੱਲ ਦਾ ਅਖ਼ੀਰ ਹੋਇਆ ਸੀ। ਸਾਰੇ ਚੁੱਪ ਵੱਟੀ ਬੈਠੇ ਰਹੇ। ਖ਼ੌਰੇ ਸਫ਼ਰ ਨੇ ਉਹਨਾਂ ਦਾ ਡਰਾਈਵਰ ਨਾਲ ਕੋਈ ਤੁਅੱਲਕ ਬਣਾ ਦਿੱਤਾ ਸੀ ਜਾਂ ਫੇਰ ਅੰਦਰੋਂ ਅੰਦਰੀਂ ਸਾਰੇ ਆਪਣੇ ਨਾਲ ਨਿਤਰਣ ਦੀ ਸੋਚ ਵਿਚ ਸਨ। ਵੈਗਨ ਮੁੜ ਚੱਲੀ ਤੇ ਬੁੱਢੀ ਮਾਈ ਉੱਚੀ ਸਾਰੀ ਆਖਿਆ, 'ਵੇ ਵੇਖਿਆ ਜੇ, ਉਹਦੇ ਖੀਸੇ ਕੋਈ ਪੈਸੇ ਵੀ ਸਨ ਕਿ ਨਾ, ਉਹਨਾਂ ਤਾਂ ਰੋਟੀ ਵੀ ਨਹੀਂ ਪੁੱਛਣੀ।'

ਪਰ ਕਿਸੇ ਸਵਾਰੀ ਉਹਨੂੰ ਵਲਦਾ ਨਾ ਦਿੱਤਾ।



## ਮੈਂ ਉਹ ਨਹੀਂ

ਨੌਕਰੀ ਲਈ ਮੈਨੂੰ ਰੋਜ਼ ਦਿਹਾੜੇ ਸ਼ਹਿਰ ਤੋਂ ਬਾਹਰ ਇਕ ਦੂਜੇ ਸ਼ਹਿਰ ਗੁਜਰਾਂਵਾਲੇ ਜਾਣਾ ਪੈਂਦਾ ਏ। ਵੈਗਨਾਂ ਬੱਸਾਂ ਵਿਚ ਸਫ਼ਰ ਕਰਦੇ ਵਰ੍ਹੇ ਹੋ ਗਏ ਨੇ ਪਰ ਇੰਜ ਕਦੇ ਨਹੀਂ ਸੀ ਹੋਇਆ। ਲਾਹੌਰ ਆਉਣ ਲਈ ਜਦ ਵੈਗਨ ਵਿਚ ਬੈਠਾ ਤਾਂ ਕਾਲੇ ਬੁਰਕੇ ਵਿਚ ਇਕ ਜ਼ਨਾਨੀ, ਮਾਈ ਤੇ ਬਾਰਾਂ ਤੇਰਾਂ ਵਰ੍ਹਿਆਂ ਦੀ ਇਕ ਕੁੜੀ ਸਭ ਤੋਂ ਪਿਛਲੀਆਂ ਸੀਟਾਂ ਉੱਤੇ ਬੈਠੀਆਂ ਸਨ। ਅਜੇ ਰਹਿੰਦੀ ਵੈਗਨ ਖ਼ਾਲੀ ਸੀ। ਵੈਗਨ ਵਿਚ ਵੜਦਿਆਂ ਐਵੇਂ ਇਕ ਨਿਗਾਹ ਉਹਨਾਂ ਜ਼ਨਾਨੀਆਂ ਉੱਤੇ ਪਾ, ਇਕ ਸੀਟ ਛੱਡ ਕੇ ਬਹਿ ਗਿਆ। ਕੁਝ ਚਿਰ ਪਿੱਛੋਂ ਵੈਗਨ ਭਰੀਵਣ ਲੱਗੀ ਤੇ ਹੋਰ ਸਵਾਰੀਆਂ ਵੀ ਆ ਗਈਆਂ ਤੇ ਕੰਡਕਟਰ ਮੈਨੂੰ ਉਹਨਾਂ ਜ਼ਨਾਨੀਆਂ ਦੀ ਨਾਲ ਦੀ ਸੀਟ ਵੱਲ ਧੱਕ ਦਿੱਤਾ। ਉਹਨਾਂ ਜ਼ਨਾਨੀਆਂ ਤੋਂ ਅੱਗੇ ਵਾਲੀ ਸੀਟ ਉੱਤੇ ਬੈਠਣ ਲਈ ਜਦ ਮੈਂ ਪਿਛਾਂਹ ਹੋਇਆ ਤੇ ਇਕ ਵਾਰੀ ਫੇਰ ਮੇਰੀ ਨਿਗਾਹ ਉਹਨਾਂ ਉੱਤੇ ਪਈ ਤੇ ਕੁਝ ਦੇਰ ਲਈ ਕਾਲੇ ਬੁਰਕੇ ਵਾਲੀ ਜ਼ਨਾਨੀ ਉੱਤੇ ਅਟਕ ਜਿਹੀ ਗਈ। ਮੈਂ ਸਿੱਧਾ ਹੋ ਕੇ ਬਹਿ ਗਿਆ। ਬੁਰਕੇ ਵਾਲੀ ਜ਼ਨਾਨੀ ਨਕਾਬ ਲਿਆ ਹੋਇਆ ਸੀ ਤੇ ਐਨਾ ਥਹੁ ਲੱਗਾ ਕਿ ਉਹਦੀਆਂ ਅੱਖਾਂ ਰੱਜ ਕੇ ਕਾਲੀਆਂ ਤੇ ਰੰਗ ਗੋਰਾ ਸੀ। ਕੁਝ ਚਿਰ ਪਿੱਛੋਂ ਵੈਗਨ ਟੁਰੀ ਤੇ ਜਦ ਸ਼ਹਿਰੋਂ ਬਾਹਰ ਨਿਕਲੀ ਤਾਂ ਕੰਡਕਟਰ ਕਰਾਇਆ ਲੈਣਾ ਛੋਹਿਆ। ਮੈਨੂੰ ਲੱਗਾ ਮੇਰਾ ਮੋਢਾ ਕਿਸੇ ਹਿਲਾਇਆ ਏ। ਮੈਂ ਪਿਛਾਹ ਪਰਤ ਕੇ ਵੇਖਿਆ ਤੇ ਉਸ ਕਾਲੇ ਬੁਰਕੇ ਵਾਲੀ ਕਿਰਾਇਆ ਫੜਾਇਆ ਕਿ ਅੱਗੇ ਕੰਡਕਟਰ ਨੂੰ ਦੇ ਦਿਉ। ਕਿਰਾਇਆ ਫੜਾਉਣ ਲੱਗਿਆਂ ਉਹਦੇ ਵਰਤਾਰੇ ਵਿਚ ਉਪਰੇਵਾਂ ਘੱਟ ਸੀ। ਕਿਰਾਇਆ ਫੜਦਿਆਂ ਪਤਾ ਨਹੀਂ ਕਿੰਜ ਮੇਰਾ ਹੱਥ ਉਹਦੇ ਹੱਥ ਨਾਲ ਜਾ ਵੱਜਾ। ਖ਼ੌਰੇ ਵੈਗਨ ਨੂੰ ਧੱਕਾ ਲੱਗਾ ਸੀ। ਮੈਂ ਮਹਿਸੂਸਿਆ ਉਹਦੇ ਹੱਥ ਵਿਚ ਨਿੱਘ ਸੀ।

ਵੈਗਨ ਅੰਤਾਂ ਦੀ ਸਪੀਡ ਉੱਤੇ ਸੀ। ਪਵੰਦ ਸਿਆਲ ਦੇ ਦਿਨ ਤੇ ਹਵਾ ਵਿਚ ਮਿੱਠੀ ਜਿਹੀ ਠੰਡ ਦਾ ਸਵਾਦ ਸੀ। ਐਵੇਂ ਬੇਖ਼ਿਆਲੀ ਵਿਚ ਮੈਂ ਆਪਣੀ ਬਾਂਹ ਨਾਲ ਬੈਠੀ ਸਵਾਰੀ ਦੀ ਕੰਡ ਉੱਤੇ ਰੱਖ ਦਿੱਤੀ। ਸੀਟਾਂ ਸੌੜੀਆਂ ਹੋਵਣ ਪਾਰੋਂ ਮੈਂ ਆਪਣੇ ਨੂੰ ਸਿੱਧਾ ਕਰਨ ਦਾ ਆਹਰ ਕੀਤਾ ਸੀ। ਕੁਝ ਚਿਰ ਮਗਰੋਂ ਮੈਨੂੰ ਲੱਗਾ ਮੇਰੇ ਹੱਥ ਉੱਤੇ ਕਿਸੇ ਹੋਰ ਦਾ ਹੱਥ ਏ। ਮੈਂ ਆਲੇ-ਦੁਆਲੇ ਵੇਖਿਆ, ਮੇਰੇ ਨਾਲ ਦੀ ਸਵਾਰੀ ਸੁੱਤੀ ਪਈ ਸੀ ਤੇ ਉਹ ਵੀ ਮੇਰੇ ਮੋਢਿਆਂ ਉੱਤੇ। ਮੈਂ ਅੱਖਾਂ ਨੂੰ ਜ਼ਰਾ ਟੇਢਾ ਕਰਕੇ ਪਿਛਾਂਹ ਵੇਖਿਆ ਤੇ ਕਾਲੇ ਬੁਰਕੇ ਵਾਲੀ ਜ਼ਨਾਨੀ ਨੇ ਆਪਣਾ ਹੱਥ ਮੇਰੇ ਹੱਥ ਉੱਤੋਂ ਚੁੱਕ ਲਿਆ। ਕਿਸੇ ਦਾ ਧਿਆਨ ਸਾਡੇ

ਵੱਲ ਨਹੀਂ ਸੀ। ਫੇਰ ਵੀ ਡਰ ਨਾਲ ਮੇਰਾ ਦਿਲ ਕੁਝ ਕੰਬਿਆ। ਹੁਣ ਮੈਨੂੰ ਪਤਾ ਲੱਗਾ ਕਿ ਮੇਰੀ ਬਾਂਹ ਉਹਦੇ ਸਾਹਮਣੇ ਸੀ ਤੇ ਨਾਲ ਵਾਲੀ ਸਵਾਰੀ ਦੇ ਮੇਰੇ ਮੋਢਿਆਂ ਉੱਤੇ ਸੌਣ ਨਾਲ ਕੁਝ ਓਹਲਾ ਜਿਹਾ ਹੋ ਗਿਆ ਸੀ। ਮੈਂ ਦਿਲ ਕੱਢ ਕੇ ਉਸ ਜ਼ਨਾਨੀ ਵੱਲ ਤੱਕਿਆ ਤੇ ਉਹਦੀਆਂ ਕਾਲੀਆਂ ਡੂੰਘੀਆਂ ਅੱਖਾਂ ਮੈਨੂੰ ਕਲਾਵੇ ਵਿਚ ਲੈ ਲਿਆ। ਮੈਂ ਫੇਰ ਸਿੱਧਾ ਹੋ ਕੇ ਬਹਿ ਗਿਆ ਪਰ ਸਾਰੇ ਰਾਹ ਉਸ ਮੇਰਾ ਹੱਥ ਫੜੀ ਰੱਖਿਆ। ਕਦੇ ਚੂੰਢੀਆਂ ਵੱਢਦੀ ਤੇ ਕਦੀ ਕਫ਼ ਦੇ ਬਟਨ ਖੋਲ੍ਹ ਕੇ ਬਾਂਹ ਉੱਤੇ ਆਪਣਾ ਗਰਮ ਹੱਥ ਫੇਰਦੀ। ਡਰ ਦੀ ਥਾਂ ਹੁਣ ਮੇਰੇ ਅੰਦਰ ਕਾਮਨਾ ਦੀ ਅੱਗ ਭਖ਼ ਪਈ। ਸ਼ਾਹਦਰੇ ਕੋਲ ਆ ਕੇ ਪਿੱਛੇ ਬੈਠੀ ਚੌਥੀ ਸਵਾਣੀ ਜਿਹਦੇ ਨਾਲ ਇਕ ਬਾਲ ਵੀ ਸੀ, ਉਤਰ ਗਈ। ਹੁਣ ਪਿੱਛੇ ਉਹ ਤਿੰਨ ਸਵਾਰੀਆਂ ਹੀ ਸਨ। ਉਹ ਕਾਲੇ ਬੁਰਕੇ ਵਾਲੀ ਜ਼ਨਾਨੀ, ਮਾਈ ਤੇ ਕੁੜੀ। ਮਾਈ ਤੇ ਕੁੜੀ ਮੂੰਹ ਮੁਹਾਂਦਰੇ ਤੋਂ ਵੱਡੇ ਸ਼ਹਿਰ ਦੀਆਂ ਰਹਿਣ ਵਾਲੀਆਂ ਨਹੀਂ ਲਗਦੀਆਂ ਸਨ, ਸਗੋਂ ਕੁਝ ਪੇਂਡੂ ਵਸੇਬੇ ਦੀਆਂ ਜਾਪਦੀਆਂ ਸਨ। ਮੈਂ ਪਿਛਾਂਹ ਹੋਇਆ ਤੇ ਸੈਨਤ ਰਾਹੀਂ ਉਸ ਕੋਲੋਂ ਪੁੱਛਿਆ ਕਿ ਦੂਜੀਆਂ ਦੋਵੇਂ ਜ਼ਨਾਨੀਆਂ ਉਹਦੇ ਨਾਲ ਨੇ। ਉਸ ਸੈਨਤ ਰਾਹੀਂ ਹਾਂ ਵਿਚ ਜਵਾਬ ਦਿੱਤਾ। ਮੈਂ ਇਹ ਭੁੱਲ ਗਿਆ ਸਾਂ ਕਿ ਉਹਨੇ ਮੈਨੂੰ ਤਿੰਨ ਸਵਾਰੀਆਂ ਦਾ ਕਿਰਾਇਆ ਫੜਾਇਆ ਸੀ।

ਮੈਂ ਗੱਲ ਤੋਰਨ ਦਾ ਆਹਰ ਕੀਤਾ।

'ਕਿਥੇ ਜਾਣਾ ਏ ?'

'ਮਾਡਲ ਹਾਊਸ। ਆਰ ਬਲਾਕ, ਗੋਲ ਚੱਕਰ। ਤੁਸੀਂ ਫਾਰਗ ਓ ?'

'ਹਾਂ'

'ਸਾਡੇ ਨਾਲ ਈ ਉਤਰੋਗੇ ?'

'ਹਾਂ।' ਮੈਂ ਕਿਤੇ ਹੋਰ ਜਾਣਾ ਸੀ ਪਰ ਪਤਾ ਨਹੀਂ ਕਿਉਂ ਹਾਂ ਵਿਚ ਜਵਾਬ ਦਿੱਤਾ। ਮੈਂ ਉਹਦੇ ਨਾਲ ਦੀਆਂ ਸਵਾਣੀਆਂ ਵੱਲ ਮੁੜ ਸੈਨਤ ਕੀਤੀ।

'ਕੋਈ ਗੱਲ ਨਹੀਂ। ਮੇਰੀਆਂ ਜਾਨਣ ਵਾਲੀਆਂ ਨੇ। ਅਸੀਂ ਰਿਸ਼ਤਾ ਵੇਖਣ ਆਏ ਸਾਂ ਗੁਜਰਾਂਵਾਲੇ।' ਉਸ ਮਾਈ ਵੱਲ ਸੈਨਤ ਕਰਦਿਆਂ ਆਖਿਆ। 'ਇਹਨਾਂ ਦੇ ਮੁੰਡੇ ਲਈ। ਉਸਤਾਨੀ ਸੀ, ਉਮਰ ਦੀ ਕੁਝ ਬਹੁਤੀ, ਨਾਲੇ ਸੁੱਕੀ ਸੜੀ, ਮੈਨੂੰ ਪਸੰਦ ਨਹੀਂ ਆਈ। ਤੁਹਾਡੀ ਨਜ਼ਰ ਵਿਚ ਕੋਈ ਕੁੜੀ ਹੈ ?'

ਮੈਨੂੰ ਲੱਗਿਆ ਅਜਿਹੀਆਂ ਗੱਲਾਂ ਕਰਕੇ ਉਹ ਓਪਰੀਅਤ ਦਾ ਪਾੜ ਮੁਕਾਉਣ ਦੇ ਆਹਰ ਵਿਚ ਏ। ਯਾਦਗਾਰ ਅਸੀਂ ਉਤਰ ਗਏ। ਮਾਈ ਤੇ ਕੁੜੀ ਵੀ ਨਾਲ ਸਨ। ਉਹ ਦੋਵੇਂ ਉੱਕਾ ਚੁੱਪ ਚੁਪੀਤੀਆਂ ਸਨ ਤੇ ਨਾ ਹੀ ਸਾਡੀਆਂ ਗੱਲਾਂ ਵੱਲ ਕੋਈ ਧਿਆਨ ਸੀ ਉਹਨਾਂ ਦਾ।

'ਮੈਂ ਚਾਹਨੀ ਆਂ ਕੋਈ ਅਜਿਹੀ ਕੁੜੀ ਹੋਵੇ ਜਿਹੜੀ ਮੇਰੇ ਵਰਗੀ ਭਰੀ ਭਰੀ ਹੋਵੇ।' ਮੈਂ ਪਹਿਲੀ ਵਾਰ ਉਹਦੇ ਸਰੀਰ ਵੱਲ ਨੀਝ ਨਾਲ ਵੇਖਿਆ। ਮੂੰਹ ਉੱਤੇ ਉਹਨੇ ਜਿਹੜਾ ਨਕਾਬ ਪਾਇਆ ਹੋਇਆ ਸੀ, ਉਹ ਥੋੜ੍ਹਾ ਜਿਹਾ ਢਿੱਲਾ ਹੋ ਗਿਆ ਸੀ। ਉਹ ਮੁਟਿਆਰ ਤੀਹਾਂ ਦੇ ਨੇੜੇ ਤੇੜੇ ਸੀ। ਭਰਿਆ ਭਰਿਆ ਪਿੰਡਾ, ਗੋਰਾ ਚਿੱਟਾ ਰੰਗ, ਜਚਵਾਂ ਕੱਦ ਬੁੱਤ, ਕਾਲੀਆਂ ਸ਼ਾਹ ਅੱਖਾਂ, ਪਤਲੇ ਜਿਹੇ ਨੱਕ ਵਿਚ ਲੌਂਗ ਦੇ ਰੱਤੇ ਜੋੜੇ ਵਿਚ ਉਹਦਾ ਰੰਗ



ਕੁਝ ਹੋਰ ਵੀ ਚਿੱਟਾ ਨਜ਼ਰੀਂ ਆਉਂਦਾ ਸੀ।

ਉਸ ਆਖਿਆ, 'ਅਸਾਂ ਦਰਬਾਰ ਜਾਣਾ ਏ। ਇਹਨਾਂ ਸਲਾਮ ਕਰਨਾ ਏ, ਮੁੜ ਅਸੀਂ ਫਾਰਗ ਆਂ।'

ਇਕ ਸਾਲਮ ਟਾਂਗਾ ਲੈ ਕੇ ਅਸੀਂ ਉਹਦੇ ਵਿਚ ਬਹਿ ਗਏ। ਮਾਈ ਤੇ ਕੁੜੀ ਅੱਗੇ, ਮੈਂ ਤੇ ਉਹ ਜ਼ਨਾਨੀ ਪਿੱਛੇ। ਗੱਲਾਂ ਛਿੜ ਪਈਆਂ।

'ਕੀ ਪ੍ਰੋਗਰਾਮ ਏ ?'

'ਫਿਲਮ ਵੇਖਨੇ ਆਂ।' ਉਥੇ ਗੱਲਾਂ ਕਰਾਂਗੇ। ਨਾਲੇ ਇਕ ਦੂਜੇ ਨਾਲ ਵਾਕਫੀਅਤ ਹੋ ਜਾਵੇਗੀ। ਕੋਈ ਜ਼ੋਰ ਜਬਰਦਸਤੀ ਤੇ ਨਹੀਂ ਨਾ। ਤੁਸਾਂ ਕਿਤੇ ਜਾਣਾ ਤਾਂ ਨਹੀਂ ? ਮੈਂ ਤੁਹਾਡਾ ਵੇਲਾ ਤੇ ਖ਼ਰਾਬ ਨਹੀਂ ਕਰ ਰਹੀ ? ਹੁਣ ਯਾਰੀ ਪਾਈ ਏ ਤੇ ਪੱਕੀ ਪਾਉਣਾ, ਛੱਡ ਨਾ ਜਾਣਾ।'

'ਤੂੰ ਕਿਉਂ ਯਾਰੀ ਪਾਈ ਏ ?'

'ਤੁਸੀਂ ਬੜੇ ਚੰਗੇ ਲੱਗੇ ਓ। ਵੈਗਨ ਵਿਚ ਵੜਦਿਆਂ ਤੁਸਾਂ ਐਸੀਆਂ ਨਜ਼ਰਾਂ ਨਾਲ ਜੋ ਵੇਖਿਆ ਸੀ।'

'ਤੁਸੀਂ ਵਿਆਹੇ ਹੋਏ ਓ ?' ਮੇਰੇ ਜਵਾਬ ਤੋਂ ਪਹਿਲਾਂ ਈ ਉਹ ਬੋਲੀ, 'ਮੈਂ ਵਿਆਹੀ ਆਂ। ਤਿੰਨ ਬਾਲ ਨੇ। ਕੱਲ੍ਹ ਨਿੱਕੀ ਨੂੰ ਲੈ ਕੇ ਆਵਾਂਗੀ। ਛੇ ਮਹੀਨੇ ਦੀ ਏ।'

'ਤੇਰਾ ਖਾਵੰਦ ?'

'ਬਾਹਰ ਏ। ਸਾਲ ਪਿੱਛੋਂ ਆਉਂਦਾ ਏ। ਇਕੱਲੀ ਰਹਿੰਦੀ ਹਾਂ। ਇਕ ਆਯਾ ਏ ਨਾਲ। ਤੁਹਾਨੂੰ ਘਰ ਬਲਾਵਾਂਗੀ। ਪਰ ਅਜੇ ਨਹੀਂ, ਬਾਅਦ ਵਿਚ। ਪਹਿਲੇ ਜ਼ਰਾ ਯਾਰੀ ਪੱਕੀ ਹੋ ਜਾਵੇ। ਮੈਂ ਕੱਲ੍ਹ ਵੀ ਮਿਲਾਂਗੀ।'

'ਕਿਥੇ ?' ਮੈਨੂੰ ਵੇਲਾ ਮਿਥਣ ਦੀ ਖ਼ੌਰੇ ਕਿਉਂ ਕਾਹਲ਼ ਸੀ।

'ਦੱਸਨੀ ਆਂ।'

ਉਹ ਤ੍ਰਿਖਾ ਤ੍ਰਿਖਾ ਬੋਲ ਰਹੀ ਸੀ। ਉਸ ਵੇਲੇ ਉਹ ਪਤਾ ਨਹੀਂ ਕਿਉਂ ਸ਼ਹਿਰ ਦੇ ਅੰਦਰ ਰਹਿਣ ਵਾਲੀਆਂ ਲੱਖਾਂ ਜ਼ਨਾਨੀਆਂ ਵਾਂਗ ਆਮ ਜਿਹੀ ਲੱਗੀ। ਮੈਂ ਸੋਚਿਆ ਐਵੇਂ ਇਹਦੇ ਨਾਲ ਆ ਗਿਆ ਹਾਂ। ਦਰਬਾਰ ਕੋਲ ਅਸੀਂ ਟਾਂਗੇ ਤੋਂ ਲੱਥੇ। ਮੈਂ ਅੱਗੇ ਵਧ ਕੇ ਆਖਿਆ; 'ਪੈਸੇ ਮੈਂ ਦੇਨਾ ਵਾਂ।' ਭਾਵੇਂ ਮਹੀਨੇ ਦੀਆਂ ਅਖ਼ੀਰਲੀਆਂ ਤਰੀਕਾਂ ਸਨ ਪਰ ਕੁਝ ਪੈਸੇ ਮੇਰੇ ਕੋਲ ਸਨ। ਮੇਰਾ ਵਿਚਾਰ ਸੀ ਉਹ ਆਖੇਗੀ, ਮੈਂ ਦੇਨੀ ਆਂ। ਪਰ ਉਹ ਕੁਝ ਨਾ ਬੋਲੀ। ਜਿਵੇਂ ਇਹ ਤਹਿ ਸੀ ਕਿ ਪੈਸੇ ਮੈਂ ਹੀ ਦੇਣੇ ਨੇ।

'ਪਹਿਲੇ ਅਸੀਂ ਏਥੇ ਬਹੁਤੀ ਦੇਰ ਰਹਿਣਾ ਸੀ ਪਰ ਹੁਣ ਨਹੀਂ। ਤੁਸੀਂ ਜੋ ਮਿਲ ਗਏ ਹੋ। ਛੇਤੀ ਵਿਹਲੇ ਹੋ ਕੇ ਫਿਲਮ ਵੇਖਣ ਚਲਦੇ ਆਂ। ਮੈਂ ਅੰਦਰ ਸਲਾਮ ਕਰਨ ਨਹੀਂ ਜਾਵਾਂਗੀ। ਤੁਹਾਡੇ ਨਾਲ ਰਵ੍ਹਾਂਗੀ। ਮੇਰਾ ਤੁਹਾਡੇ ਕੋਲੋਂ ਵੱਖ ਹੋਵਣ ਨੂੰ ਦਿਲ ਨਹੀਂ ਕਰਦਾ। ਤੁਸੀਂ ਬਹੁਤ ਚੰਗੇ ਲੱਗੇ ਹੋ। ਮੇਰੇ ਉੱਤੇ ਜਾਦੂ ਕਰ ਦਿੱਤਾ ਹੈ। ਮੈਂ ਤੁਹਾਨੂੰ ਪਹਿਲੇ ਕਿਉਂ ਨਾ ਮਿਲੀ ? ਤੁਸੀਂ ਕੀ ਕਰਦੇ ਹੋ ? ਕਿੰਨੀ ਤਨਖਾਹ ਏ ?' ਉਹ ਬੋਲੀ ਜਾ ਰਹੀ ਸੀ।

ਮੇਰੀ ਤਨਖਾਹ ਬਹੁਤੀ ਨਹੀਂ ਸੀ ਪਰ ਉਹਨੂੰ ਬਹੁਤੀ ਲੱਗੀ ਸੀ। ਦਰਬਾਰ ਜਾਂਦੇ ਅਸੀਂ ਰਾਹ ਵਿਚ ਠੰਡੀਆਂ ਬੋਤਲਾਂ ਵੀ ਪੀਤੀਆਂ, ਜਿਨ੍ਹਾਂ ਦੇ ਪੈਸੇ ਵੀ ਮੈਂ ਦਿੱਤੇ। ਉਹਦਾ

ਖ਼ਿਆਲ ਸੀ ਸਫ਼ਰ ਨਾਲ ਥਕੇਵਾਂ ਹੋ ਗਿਆ ਹੈ।

ਹੁਣ ਫਿਲਮ ਵੇਖਣ ਦਾ ਪ੍ਰੋਗਰਾਮ ਬਣ ਗਿਆ ਸੀ।

ਮੈਂ ਪੁੱਛਿਆ, 'ਫਿਲਮ ਕੌਣ ਵਿਖਾਏਗਾ ?'

'ਤੁਸੀਂ!'

ਮੈਨੂੰ ਚੇਤੇ ਆਇਆ ਮੇਰੇ ਕੋਲ ਬਹੁਤੇ ਪੈਸੇ ਨਹੀਂ। ਨਾਲ ਇਹ ਦੋ ਜ਼ਨਾਨੀਆਂ ਵੀ ਨੇ। ਮੈਂ ਬੋਝੇ ਵਿਚੋਂ ਪੈਸੇ ਕੱਢ ਕੇ ਗਿਣੇ।

'ਫਿਲਮ ਤੂੰ ਵਿਖਾ।'

'ਅੱਜ ਤੁਸੀਂ ਵਿਖਾਓ। ਕਿਸੇ ਦਿਨ ਮੈਂ ਤੁਹਾਨੂੰ ਖਾਣਾ ਵੀ ਖਵਾਵਾਂਗੀ ਤੇ ਫਿਲਮ ਵੀ ਵਿਖਾਵਾਂਗੀ।'

'ਪਰ ਮੇਰੇ ਪੱਲੇ ਪੈਸੇ ਬਹੁਤੇ ਨਹੀਂ। ਬਸ ਟਿਕਟਾਂ ਹੀ ਆਉਣਗੀਆਂ।'

ਉਸ ਇਕਦਮ ਆਖਿਆ, 'ਚਲੋ ਰਹਿਣ ਦਿਉ। ਕੱਲ੍ਹ ਵੇਖ ਲਵਾਂਗੇ। ਨਾਲੇ ਕੁਝ ਖਾਣਾ ਪੀਣਾ ਵੀ ਹੁੰਦਾ ਏ।'

ਐਨੇ ਚਿਰ ਨੂੰ ਦੂਜੀਆਂ ਜ਼ਨਾਨੀਆਂ ਸਲਾਮ ਕਰਕੇ ਪਰਤ ਆਈਆਂ ਸਨ। 'ਤੁਸੀਂ ਮੈਨੂੰ ਕੱਲ੍ਹ ਦੇ ਰਿਕਸ਼ੇ ਦਾ ਕਿਰਾਇਆ ਦੇ ਦਿਉ। ਮੈਂ ਆ ਜਾਵਾਂਗੀ।' ਉਹਨੇ ਓਨਾ ਹੀ ਕਿਰਾਇਆ ਮੰਗਿਆ ਜਿੰਨੇ ਪੈਸੇ ਮੇਰੇ ਕੋਲ ਸਨ। ਮੈਂ ਮੁੜ ਪਤਾ ਪੁੱਛਿਆ।

'ਮਾਡਲ ਟਾਊਨ, ਆਰ ਬਲਾਕ, ਗੋਲ ਚੱਕਰ।'

ਹੁਣ ਉਹਨੂੰ ਖੌਰੇ ਕਿਉਂ ਜਾਣ ਦੀ ਕਾਹਲ ਸੀ ?

'ਕੋਈ ਫ਼ੋਨ ਨੰਬਰ ?'

'ਕੱਲ੍ਹ ਦੱਸਾਂਗੀ ?'

ਮੈਂ ਚੁੱਪ ਸਾਂ। ਮੈਨੂੰ ਲੱਗਾ ਐਵੇਂ ਵੇਲਾ ਖੁੰਝਾਇਆ ਏ। ਮੈਂ ਕੁਝ ਪੈਸੇ ਉਹਨੂੰ ਦੇ ਦਿੱਤੇ। ਇਕ ਹਾਰ ਵੇਚਣ ਆਈ ਜ਼ਨਾਨੀ ਉਹਦੇ ਗਲ ਵਿਚ ਹਾਰ ਪਾ ਦਿੱਤਾ, ਦੁਆਈਂ ਦੇਂਦੀ ਬੋਲੀ;

'ਸ਼ਾਲਾ ਸਿਰ ਦਾ ਸਾਈਂ ਜੀਵੇ।'

ਉਸ ਗੁੱਸੇ ਨਾਲ ਹਾਰ ਲਾਹਿਆ ਤੇ ਆਖਿਆ, 'ਇਹ ਮੇਰਾ ਸਿਰ ਦਾ ਸਾਈਂ ਨਹੀਂ।'

ਹਾਰ ਵੇਚਣ ਵਾਲੀ ਸਾਨੂੰ ਹੈਰਾਨੀ ਨਾਲ ਤੱਕਦੀ ਤੁਰ ਗਈ।

'ਕੱਲ੍ਹ ਗਿਆਰਾਂ ਵਜੇ।' ਉਹਨੇ ਮਿਊ ਹਸਪਤਾਲ ਦਾ ਵਾਰਡ ਦੱਸਿਆ।

'ਗਿਆਰਾਂ ਵਜੇ ਨਹੀਂ ਆ ਸਕਦਾ।' ਮੈਂ ਜਿਹੜਾ ਹੁਣ ਤੀਕ ਉਹਦੀਆਂ ਸਾਰੀਆਂ ਗੱਲਾਂ ਵਿਚ ਹਾਂ ਮਿਲਾਂਦਾ ਆ ਰਿਹਾ ਸਾਂ, ਇਕਦਮ ਇਨਕਾਰੀ ਹੋ ਗਿਆ। 'ਦਫ਼ਤਰ ਜਾਣਾ ਏ।'

'ਦਫ਼ਤਰੋਂ ਛੁੱਟੀ ਕਰ ਲੈਣਾ।' ਉਹਨੇ ਹੁਕਮ ਦੇਂਦੇ ਆਖਿਆ।

'ਛੁੱਟੀ ਨਹੀਂ ਕਰ ਸਕਦਾ।'

'ਫੇਰ ਦੂਜੇ ਬਾਲ ਸਕੂਲੋਂ ਆ ਜਾਵਣਗੇ, ਨਾਲੇ ਨਿੱਕੀ ਕੁੜੀ ਨੂੰ ਵੀ ਡਾਕਟਰ ਨੂੰ ਵਿਖਾਉਣਾ ਏ।'

'ਚੰਗਾ ਫੇਰ।' ਉਹ ਇਕਦਮ ਦੂਜੀਆਂ ਸਵਾਣੀਆਂ ਨਾਲ ਉਥੋਂ ਟੁਰ ਗਈ। ਮੈਨੂੰ



ਉਹਦੇ ਜਾਣ ਲੱਗਿਆਂ ਪੱਕ ਸੀ ਕਿ ਇਹ ਹੁਣ ਨਾ ਮਿਲਸੀ। ਮੇਰਾ ਦਿਲ ਕੀਤਾ ਉਹਨਾਂ ਦਾ ਪਿੱਛਾ ਕਰਾਂ। ਮੈਨੂੰ ਆਪਣੇ ਉੱਤੇ ਬਹੁਤ ਕੌੜ ਚੜ੍ਹ ਰਹੀ ਸੀ। ਕੁਝ ਚਿਰ ਮੈਂ ਉਹਨਾਂ ਨੂੰ ਜਾਂਦਿਆਂ ਵੇਖਦਾ ਰਿਹਾ। ਕੁਝ ਚਿਰ ਮੈਨੂੰ ਖਿਝ ਚੜ੍ਹੀ ਰਹੀ ਪਰ ਘਰ ਆਉਂਦੇ ਮੈਂ ਕੁਝ ਹੌਲਾ ਹੋ ਗਿਆ ਸਾਂ। ਘਰ ਵਿਚ ਚੁੱਪ ਚਾਪ ਬੈਠਾ ਰਿਹਾ ਤੇ ਉਸ ਜ਼ਨਾਨੀ ਬਾਰੇ ਸੋਚਦਾ ਰਿਹਾ। ਰਾਤੀਂ ਟੀ.ਵੀ. ਉੱਤੇ ਖ਼ਬਰਾਂ ਵੇਖਣ ਤੀਕ ਮੈਂ ਉਹਨੂੰ ਭੁੱਲ ਗਿਆ ਸਾਂ। ਸਵੇਰੇ ਦਫ਼ਤਰ ਨੂੰ ਜਾਂਦਿਆਂ ਪਵੰਦ ਸਿਆਲ ਦੀ ਹਵਾ ਜੁੱਸੇ ਨੂੰ ਲੱਗੀ ਤਾਂ ਉਹਨੂੰ ਮਿਲਣ ਦਾ ਖ਼ਿਆਲ ਆਇਆ। ਮੇਰਾ ਦਿਲ ਕੀਤਾ, ਛੁੱਟੀ ਕਰਦਾ ਪਰ ਇਹ ਵੀ ਪੱਕ ਸੀ ਕਿ ਉਹ ਨਾ ਆਸੀ। ਦਫ਼ਤਰ ਵੀ ਦਿਲ ਨਾ ਲੱਗਾ ਤੇ ਮੈਂ ਛੇਤੀ ਉਥੋਂ ਉਠ ਆਇਆ। ਇਕ ਜਾਨਣ ਵਾਲੇ ਤੋਂ ਕੁਝ ਪੈਸੇ ਉਧਾਰ ਫੜੇ। 'ਕੀ ਪਤਾ ਆ ਈ ਜਾਵੇ।' ਤੇ ਫੇਰ ਕੁਝ ਪੈਸੇ ਮੈਂ ਲਕੋ ਕੇ ਇਕ ਪਾਸੇ ਰੱਖ ਲਏ ਤੇ ਰਹਿੰਦੇ ਇਕ ਖੀਸੇ ਵਿਚ। ਮਤਾਂ ਪੈਸੇ ਕੱਢਣ ਲੱਗਿਆਂ ਉਹ ਮੁੜ ਸਾਰੇ ਨਾ ਮੰਗ ਲਵੇ। ਮੈਂ ਘੰਟਾ ਪਹਿਲਾਂ ਈ ਮਿਥੀ ਥਾਂ ਉੱਤੇ ਅੱਪੜ ਗਿਆ। ਮੈਨੂੰ ਪੱਕ ਸੀ ਉਹਨੇ ਨਹੀਂ ਆਉਣਾ ਤੇ ਉਹ ਨਾ ਆਈ।

ਗੱਲ ਏਥੇ ਮੁੱਕ ਜਾਣੀ ਚਾਹੀਦੀ ਸੀ। ਪਰ ਏਸ ਵਕੂਏ ਮਗਰੋਂ ਇਕ ਹੋਰ ਗੱਲ ਹੋਈ। ਇਕ ਦਿਨ ਫੇਰ ਉਹ ਵੈਗਨਾਂ ਦੇ ਅੱਡੇ ਨਜ਼ਰੀਂ ਆਈ ਜਾਂ ਮੈਨੂੰ ਜਾਪਿਆ ਉਹੀ ਏ। ਮੈਂ ਉਹਨੂੰ ਤੱਕੀ ਗਿਆ ਤੇ ਹੌਲੀ ਹੌਲੀ ਪੱਕ ਹੋਵਣ ਲੱਗ ਪਿਆ ਕਿ ਉਹੋ ਏ। ਅੱਜ ਉਹਨੇ ਹੋਰ ਤਰ੍ਹਾਂ ਦੇ ਕੱਪੜੇ ਪਾਏ ਸਨ ਤੇ ਬਹੁਤ ਬਣੀ ਠਣੀ ਸੀ। ਉਂਜ ਦਾ ਈ ਬੁਰਕਾ ਜਿਹਦੇ ਗਲੇ ਦੇ ਦੋ ਤਿੰਨ ਬਟਨ ਖੁੱਲ੍ਹੇ ਸਨ ਤੇ ਉਂਜ ਦਾ ਹੀ ਨਕਾਬ, ਪਰ ਉਹਦੀਆਂ ਕਾਲੀਆਂ ਅੱਖਾਂ ਕੁਝ ਥੱਕੀਆਂ ਨਜ਼ਰੀਂ ਆਈਆਂ। ਸਲੇਟੀ ਕੱਪੜਿਆਂ ਪਾਰੋਂ ਉਹਦਾ ਰੰਗ ਵੀ ਬਹੁਤਾ ਚਿੱਟਾ ਨਜ਼ਰੀਂ ਨਹੀਂ ਆ ਰਿਹਾ ਸੀ ਸਗੋਂ ਕੁਝ ਮੈਲਾ ਜਿਹਾ ਜਾਪਦਾ ਸੀ। ਕਦੀ ਲਗਦਾ ਕਿ ਇਹ ਉਹ ਨਹੀਂ।

ਮੈਂ ਵੇਖਦਾ ਰਿਹਾ ਕਿ ਉਹ ਕਿਥੇ ਬੈਠਦੀ ਏ ਤੇ ਕਿਸੇ ਤਰ੍ਹਾਂ ਚੱਕਰ ਚਲਾ ਕੇ ਫੇਰ ਉਹਦੇ ਤੋਂ ਅਗਲੀ ਸੀਟ ਉੱਤੇ ਬਹਿ ਗਿਆ। ਮੈਂ ਉਹਦੇ ਵੱਲ ਤੱਕੀ ਜਾ ਰਿਹਾ ਸਾਂ ਤੇ ਉਹਨੂੰ ਸਿਆਨਣ ਦੇ ਆਹਰ ਵਿਚ ਸਾਂ। ਫੇਰ ਮੈਂ ਉਹਨੂੰ ਪੁੱਛ ਹੀ ਲਿਆ।

'ਕੀ ਹਾਲ ਏ ?'

'ਮੈਂ ਤੁਹਾਨੂੰ ਪਛਾਣਿਆ ਨਹੀਂ।'

'ਤੁਹਾਡੇ ਨਾਲ ਮੁਲਾਕਾਤ ਹੋਈ ਸੀ ਵੈਗਨ ਵਿਚ। ਅਸੀਂ ਦਰਬਾਰ ਵੀ ਗਏ ਸਾਂ।'

'ਤੁਹਾਨੂੰ ਭੁਲੇਖਾ ਲੱਗਾ ਏ, ਮੈਂ ਉਹ ਨਹੀਂ।'

## ਨਵੀਂ ਪੁਰਾਣੀ ਰੁੱਤ

ਮੈਂ ਕੰਮ ਤੋਂ ਘਰੇ ਆਇਆ ਤੇ ਮੁਹੱਲੇ ਨੁਛੀ ਦੇ ਬੂਹੇ ਦੇਗਾਂ ਚੜ੍ਹੀਆਂ ਪਈਆਂ ਸਨ। ਮੈਂ ਆਪਣੀ ਵਹੁਟੀ ਨੂੰ ਪੁੱਛਿਆ, 'ਨੁਛੀ ਦੇ ਘਰ ਦੇਗਾਂ ? ਹੈ ਨਾ ਹੈਰਾਨੀ ਵਾਲੀ ਗੱਲ!' ਅਸਲੋਂ ਗੱਲ ਵੀ ਇੰਜ ਹੀ ਸੀ। ਮੁਹੱਲੇ ਵਿਚ ਨੁਛੀ ਦਾ ਘਰ ਸਭ ਤੋਂ ਮਾੜਾ ਸੀ। ਖੌਰੇ ਮਾੜਾ ਵੀ ਨਹੀਂ ਸੀ ਆਖਿਆ ਜਾ ਸਕਦਾ। ਉਹ ਉਂਜ ਦਾ ਘਰ ਈ ਨਹੀਂ ਸੀ ਜਿਵੇਂ ਦੇ ਵਸਦੇ ਰਸਦੇ ਘਰ ਹੁੰਦੇ ਨੇ। ਨਾ ਵਸਦੇ ਘਰਾਂ ਜਿਹੇ ਜੀਅ ਤੇ ਨਾ ਅਜਿਹੇ ਘਰਾਂ ਜਿਹਾ ਸੁਭਾਅ।

ਨੁਛੀ ਦਾ ਪਿਉ ਚਿਰੋਕਣਾ ਏਸ ਜੱਗ ਤੋਂ ਗੁਜ਼ਰ ਗਿਆ ਹੋਇਆ ਸੀ। ਪਿੱਛੇ ਉਹ ਛੱਡ ਗਿਆ ਬਾਲਾਂ ਦੀ ਹੇੜ ਤੇ ਰੰਡੇਪਾ ਕੱਟਣ ਵਾਲੀ ਨੁਛੀ ਦੀ ਮਾਂ। ਪਰ ਉਹ ਰੰਡੇਪਾ ਕੱਟਣ ਤਾਂ ਨਹੀਂ ਸੀ ਆਈ। ਫੇਰ ਉਹਦੀਆਂ ਗੱਲਾਂ ਹੋਵਣ ਦਾ ਅੰਤ ਨਾ ਸ਼ੁਮਾਰ।

ਆਖਦੇ ਸਨ ਜਦੋਂ ਨੁਛੀ ਦੇ ਪਿਉ ਦੀ ਪਹਿਲੀ ਸਵਾਣੀ ਗੁਜ਼ਰੀ ਤਾਂ ਉਹ ਨੁਛੀ ਦੀ ਮਾਂ ਨੂੰ ਲੈ ਆਇਆ ਕਿਤੋਂ ਚੁੱਕ ਕੇ। ਗਲੀਆਂ ਵਿਚ ਜਿਹੜੀਆਂ ਹੁੰਦੀਆਂ ਨੇ ਨਾ, ਕਾਗ਼ਤ ਇਕੱਠੀਆਂ ਕਰਨ ਵਾਲੀਆਂ, ਚੰਗੜੀਆਂ! ਹਾਂ ਉਹੋ! ਪਹਿਲੀ ਮਾਂ ਤੋਂ ਚਾਰ ਪੰਜ ਬਾਲ ਸਨ, ਤਿੰਨ ਚਾਰ ਹੋਰ ਜੰਮ ਪਏ। ਜਦ ਨੁਛੀ ਦਾ ਪਿਉ ਮੋਇਆ ਤੇ ਗੱਲ ਖੁੱਲ੍ਹੀ, ਖ਼ੌਰੇ ਨਿਕਾਹ ਵੀ ਨਹੀਂ ਪੜ੍ਹਾਇਆ ਸੀ। ਕਿਉਂ ਜੇ ਮਕਾਨ ਦੀ ਮਾਲਕੀ ਦੀ ਗੱਲ ਹੋਈ ਤਾਂ ਨੁਛੀ ਦੀ ਮਾਂ ਕੋਲ ਕੋਈ ਕਾਗ਼ਤ ਪੱਤਰ ਨਹੀਂ ਸੀ। ਉਹਦੀ ਜ਼ਨਾਨੀ ਹੋਵਣ ਪਾਰੋਂ ਮਕਾਨ ਦਾ ਹੱਕ ਤਾਂ ਉਹਦਾ ਈ ਸੀ। ਮਗਰੋਂ ਝੂਠੇ ਸੱਚੇ ਕਾਗਤ ਬਣਵਾ ਕੇ ਇਹ ਗੱਲ ਮਸਾਂ ਮੁੱਕੀ। ਸਿਰ ਦਾ ਸਾਈਂ ਜਾਵਣ ਮਗਰੋਂ ਨੁਛੀ ਦੀ ਮਾਂ ਇਕ ਵਾਰ ਪੈਰ ਬਾਹਰ ਕੱਢੇ ਤੇ ਮੁੜ ਇੰਜ ਪਰਤ ਕੇ ਨਾ ਆਈ। ਘਰੇ ਭੁੱਖੇ ਭਾਣੇ ਬਾਲ ਸਨ ਤੇ ਉਹ ਵੀ ਕੀ ਕਰਦੀ। ਜਾਂ ਫੇਰ ਉਹਨੂੰ ਇੰਜ ਆਉਣ ਜੋਗ ਰਹਿਣ ਨਾ ਦਿੱਤਾ ਗਿਆ।

ਪਹਿਲਾਂ ਪਹਿਲਾਂ ਗੁਆਂਢਣ ਹਨੀਫਾਂ ਦੇ ਪੁੱਤਰ ਨਾਲ ਉਹਦੀ ਗੱਲ ਕੰਨੀਂ ਪਈ ਕਿ ਰਾਤੀਂ ਬਾਲ ਸਵਾਉਣ ਮਗਰੋਂ ਮੁੰਡੇ ਨੂੰ ਘਰ ਵਾੜ ਲੈਂਦੀ ਏ। ਉਹਦੀ ਅਜੇ ਮਸਾਂ ਮੁੱਛ ਦਾਹੜੀ ਆਈ ਹੋਣੀ ਏ ਇਹ ਚਾਲੀ ਟੱਪੀ ਬੈਠੀ ਸੀ। ਫੇਰ ਹਾਜੀ ਨੂੰ ਮਗਰ ਲਾ ਲਿਆ। ਉਹਦੇ ਤੋਂ ਅੱਗੇ ਪਤਾ ਨਹੀਂ ਮੁੜ ਕਿਥੇ ਕਿਥੇ। ਅਖ਼ੀਰ ਇਕ ਸਰਕਾਰੀ ਹਸਪਤਾਲ ਵਿਚ ਆਯਾ ਹੋ ਗਈ। ਆਖਦੇ ਸਨ ਇਹ ਵੀ ਹਾਜੀ ਕਰਾਇਆ ਸੂ। ਨੌਕਰੀ ਕਰਨ ਬਾਝੋਂ ਉਹਨੂੰ ਖੁੱਲ੍ਹ ਸੀ। ਹੁਣ ਇੰਜ ਉਹ ਰੋਜ਼ ਸਵੇਰੇ ਹਸਪਤਾਲ ਹੀ ਜਾਂਦੀ ਪਰ ਆਉਂਦੀ ਕਿਸ



ਵੇਲੇ ਸੀ, ਕਿਸੇ ਨੂੰ ਖ਼ਬਰ ਨਹੀਂ ਸੀ।

ਪਰ ਨਿੱਕੇ ਬਾਲਾਂ ਦਾ ਕੋਈ ਹਾਲ ਨਹੀਂ ਸੀ। ਨੁਛੀ ਜਿਹੜੀ ਮਸਾਂ ਸੱਤਾਂ ਅੱਠਾਂ ਵਰ੍ਹਿਆਂ ਦੀ ਸੀ, ਦੋ ਹੋਰ ਨਿੱਕੀਆਂ ਬਾਲੜੀਆਂ ਨਾਲ ਘਰੋ ਘਰੀ ਝਾਕਦੀ ਫਿਰਿਆ ਕਰੇ। ਇਕ ਨੂੰ ਉਹਨੇ ਕੁੱਛੜ ਚੁੱਕਿਆ ਹੁੰਦਾ, ਦੂਜੀ ਨਾਲ ਨਾਲ ਰਿੜਦੀ ਆਉਂਦੀ। ਗਰਮੀਆਂ ਵਿਚ ਸਿਖ਼ਰ ਦੁਪਹਿਰਾਂ ਵੇਲੇ ਸਾਡੇ ਘਰ ਦਾ ਬੂਹਾ ਖੜਕਦਾ। ਅੱਗੇ ਨੁਛੀ ਖਲੋਤੀ ਲੂਣ ਮੰਗ ਰਹੀ ਹੁੰਦੀ, ਨਾਲ ਦੋ ਬਾਲੜੀਆਂ, ਪੈਰੋਂ ਨੰਗੀਆਂ, ਮਿੱਟੋ ਮਿੱਟੀ ਵਾਲ਼। ਮੇਰੀ ਵਹੁਟੀ ਨਾਲੇ ਲੂਣ ਦੇਂਦੀ, ਨਾਲੇ ਨੁਛੀ ਨੂੰ ਝਿੜਕਦੀ, 'ਇਹਨਾਂ ਨੂੰ ਮਾਰਨਾ ਈ, ਐਨੀ ਗਰਮੀ ਵਿਚ ਨੰਗੇ ਪੈਰੀਂ ?'

ਫੇਰ ਮੁਹੱਲੇ ਦੀਆਂ ਜ਼ਨਾਨੀਆਂ ਨੁਛੀ ਨੂੰ ਘਰ ਸੱਦ ਲੈਂਦੀਆਂ। ਉਹ ਸਫਾਈ ਸੁਥਰਾਈ ਕਰਦੀ, ਭਾਂਡੇ ਲੀੜੇ ਧੋਂਦੀ ਤੇ ਮੁੜ ਉਹ ਉਸ ਨੂੰ ਇਕ ਵੇਲੇ ਖਾਣ ਦੀ ਰੋਟੀ ਦੇ ਦੇਂਦੀਆਂ। ਅਗਲਾ ਡੰਗ ਟਪਾਉਣ ਲਈ ਉਹਨੂੰ ਦੂਜੇ ਘਰ ਜਾਣਾ ਪੈਂਦਾ ਤੇ ਸਾਰੇ ਕੰਮ ਕਰਨੇ ਪੈਂਦੇ।

ਮੁੰਡਿਆਂ ਦਾ ਹਾਲ ਏਸ ਤੋਂ ਵੀ ਭੈੜਾ ਸੀ। ਸਾਰਾ ਸਾਰਾ ਦਿਨ ਉਹ ਮਿੱਟੀ ਵਿਚ ਖੇਡਦੇ। ਕਿਸੇ ਘਰ ਦੀ ਬਾਰੀ ਦਾ ਜੇ ਸ਼ੀਸ਼ਾ ਟੁੱਟਿਆ ਏ ਉਹ ਨੁੱਛੀ ਦੇ ਭਰਾ ਤੋੜਿਆ ਏ। ਜੇ ਕਿਸੇ ਘਰ ਲੱਗੇ ਅਮਰੂਦਾਂ ਨੂੰ ਕੰਧ ਉੱਤੇ ਚੜ੍ਹ ਕੋਈ ਤੋੜਦਾ ਫੜਿਆ ਗਿਆ ਏ ਤਾਂ ਉਹ ਨੁਛੀ ਦਾ ਭਰਾ ਹੀ ਹੋਣਾ ਏ ਤੇ ਜੇ ਕਿਸੇ ਘਰੋਂ ਨਿੱਕੀ ਮੋਟੀ ਚੋਰੀ ਹੋ ਗਈ ਏ ਤੇ ਉਹ ਬਿਨਾਂ ਸ਼ੱਕ ਨੁਛੀ ਦੇ ਭਰਾਵਾਂ ਕੀਤੀ ਹੋਣੀ ਏ। ਰੋਜ਼ ਉਹਨਾਂ ਲੋਕਾਂ ਕੋਲੋਂ ਕੁੱਟ ਖਾਣੀ ਤੇ ਕੁਝ ਚਿਰ ਰੋਣ ਪਿੱਛੋਂ ਉਵੇਂ ਦੇ ਉਵੇਂ ਹੋ ਜਾਣਾ। ਗੱਲ੍ਹਾਂ ਉੱਤੇ ਮੁੜ ਮੁੜ ਅੱਥਰੂ ਸੁੱਕਣ ਤੇ ਮਿੱਟੀ ਰਲਣ ਦੇ ਨਿਸ਼ਾਨ ਇੰਜ ਨਜ਼ਰੀਂ ਆਉਣੇ ਕਿ ਜਿਵੇਂ ਇਹ ਨਿਸ਼ਾਨ ਵੀ ਉਹਨਾਂ ਦੇ ਮੂੰਹ ਮੁਹਾਂਦਰੇ ਦੇ ਕੋਈ ਜਮਾਂਦਰੂ ਨਕਸ਼ ਹੋਣ। ਐਵੇਂ ਉਹ ਕਿਸੇ ਦੇ ਹੱਥ ਵੀ ਨਹੀਂ ਸਨ ਆਉਂਦੇ। ਜੇ ਫੜੇ ਵੀ ਜਾਣਾ ਤੇ ਕਈ ਵਾਰ ਹੰਭਲਾ ਮਾਰ ਛੁਡਾ ਜਾਣਾ। ਉਹਨਾਂ ਦੇ ਹਾਣ ਦੇ ਮੁੰਡੇ ਤਾਂ ਉਂਜ ਈ ਉਹਨਾਂ ਦੇ ਨੇੜੇ ਨਹੀਂ ਸਨ ਢੁਕਦੇ। ਨਾਲੇ ਹੋਰ ਉਹ ਕਰਦੇ ਵੀ ਕੀ।

ਈਦ ਸ਼ਬਰਾਤੇ ਜਿਸ ਕਿਸੇ ਨੇ ਮੁਹੱਲਿਓਂ ਉਹਨਾਂ ਦੇ ਘਰੀਂ ਜਾਣਾ ਤੇ ਬੂਹੇ ਮਾਰ ਮਾਰ ਭੰਨ ਦੇਣੇ ਪਰ ਅੰਦਰੋਂ ਕਿਸੇ ਦੀ ਵਾਜ ਨਾ ਆਉਣੀ। ਜਾਂ ਤਾਂ ਸਾਰੇ ਬਾਹਰ ਹੋਣੇ ਜਾਂ ਅੰਦਰ ਉਹਨਾਂ ਦੀ ਮਾਂ ਬੂਹੇ ਲਾ ਸੁੱਤੀ ਹੋਣਾ, ਜਿਹੜੀ ਪਤਾ ਨਹੀਂ ਰਾਤ ਨੂੰ ਕਿਹੜੇ ਵੇਲੇ ਆਉਂਦੀ ਸੀ।

ਉਹਨਾਂ ਦਾ ਘਰ, ਘਰ ਨਹੀਂ ਇਕ ਉਜੜੀ ਸਰਾਂ ਸੀ ਜਿਥੇ ਰਾਤੀਂ ਕੁਝ ਜੀਅ ਬਸ ਸੌਣ ਆਉਂਦੇ ਸਨ। ਮੈਂ ਉਹਨਾਂ ਦੇ ਵਿਹੜੇ ਨਾ ਕਦੀ ਭਾਂਡੇ ਵੇਖੇ ਨਾ ਕੰਧਾਂ ਉੱਤੇ ਸੁਕਣੇ ਪਾਏ ਲੀੜੇ। ਜਿਹੜੀ ਘਰਾਂ ਦੀ ਹੁੰਦੀ ਏ ਨਾ ਇਕ ਵਾਸ਼ਨਾ ਉਹ ਨਹੀਂ ਸੀ।

ਸਾਰੇ ਮੁਹੱਲੇ ਉਹਨਾਂ ਦੀ ਮਾਂ ਨੂੰ ਮੰਦਾ ਆਖਣਾ। ਚੰਗੜਣੀ ਹੈ ਨਾ ਚੰਗੜਣੀ ਏਸ ਲਈ। ਉਹਨੂੰ ਕੀ ? ਉਹਨੇ ਜੰਮੇ ਨਾ ਜੰਮੇ। ਆਪਣੇ ਵਲੋਂ ਤੇ ਉਹ ਸੁਖਾਲੀ ਹੋਣੀ ਏ। ਉਹਨਾਂ ਦੀ ਮਾਂ ਨੂੰ ਮੈਂ ਕਈ ਵਰ੍ਹਿਆਂ ਵਿਚ ਦੋ ਚਾਰ ਵਾਰ ਈ ਤੱਕਿਆ ਹੋਣਾ ਏ। ਉਹ ਅਧਖੜ ਉਮਰ ਦੀ, ਮਧਰੇ ਕੱਦ ਦੀ ਸਵਾਣੀ ਸੀ। ਪਤਲੇ ਪਤਲੇ ਨੈਣ ਨਕਸ਼ ਤੇ

ਕੱਜਿਆ ਹੋਇਆ ਪਿੰਡਾ। ਉਹਦੇ ਸਰੀਰ ਵਿਚ ਕੁਝ ਸੀ ਕਿ ਆਮ ਜਿਹਾ ਮੁਹਾਂਦਰਾ ਹੁੰਦਿਆਂ ਵੀ ਉਹ ਬੰਦੇ ਨੂੰ ਭੁਲੇਖੇ ਪਾ ਲੈਂਦੀ ਸੀ ਜਾਂ ਬੰਦਾ ਆਪੇ ਭੁਲੇਖੇ ਪੈ ਜਾਂਦਾ ਸੀ।

ਫੇਰ ਬਾਲ ਵੱਡੇ ਹੋਣ ਲੱਗ ਪਏ। ਵੱਡਾ ਸਕੂਲੋਂ ਨੱਸ ਮੋਟਰ ਸਾਇਕਲਾਂ ਦੀ ਵਰਕਸ਼ਾਪੇ ਜਾ ਬੈਠਾ। ਹੁਣ ਉਹ ਆਪ 'ਨਿੱਕੇ' ਤੋਂ ਉਸਤਾਦ ਹੋਵਣ ਦੇ ਤਰਲੇ ਪਿਆ ਕਰਦਾ ਸੀ ਤੇ ਨਵੀਂ ਹੱਟੀ ਭਾਲਦਾ ਫਿਰਦਾ ਸੀ। ਅੱਜ ਜਦੋਂ ਮੈਂ ਨੁਛੀ ਦੇ ਬੂਹੇ ਅੱਗੇ ਦੇਗਾਂ ਚੜ੍ਹਦੀਆਂ ਵੇਖੀਆਂ ਤਾਂ ਮੈਨੂੰ ਹੈਰਾਨੀ ਤਾਂ ਹੋਣੀ ਸੀ। ਪਤਾ ਲੱਗਾ ਨੁਛੀ ਦੇ ਵੱਡੇ ਭਰਾ ਦਾ ਵਿਆਹ ਏ। ਵਿਆਹ ਕੀ, ਕੁੜੀ ਤਾਂ ਲਿਆਏ ਉਹਨੂੰ ਮਹੀਨਾ ਦੋ ਮਹੀਨੇ ਹੋ ਗਏ ਸਨ ਪਰ ਉਹਨਾਂ ਖੁਸ਼ੀ ਅੱਜ ਕੀਤੀ ਸੀ।

ਜਦੋਂ ਨੁਛੀ ਮੁਹੱਲੇ ਵਿਚ ਚੌਲ ਵੰਡੇ ਤਾਂ ਲੋਕਾਂ ਨੂੰ ਬੜਾ ਅਚੰਭਾ ਹੋਇਆ। ਅੱਜ ਤੀਕ ਨੁਛੀ ਈ ਲੋਕਾਂ ਦੇ ਘਰੋਂ ਮੰਗਣ ਜਾਂਦੀ ਸੀ। ਅੱਜ ਇਹ ਚੌਲ ਵੰਡਦੀ ਫਿਰਦੀ ਏ। ਪਰ ਗੱਲ ਚੌਲ ਵੰਡਣ ਤੀਕ ਈ ਨਾ ਰਹੀ। ਨੁਛੀ ਦੇ ਵੱਡੇ ਭਰਾ ਦੀ ਵਹੁਟੀ ਆਉਂਦੇ ਸਾਰ ਹੀ ਘਰ ਨੂੰ ਬਦਲ ਦਿੱਤਾ। ਨੁਛੀ ਜਿਹੜੀ ਆਪਣੀ ਦੂਜੀ ਮਾਂ ਵਿਚੋਂ ਸਭ ਤੋਂ ਵੱਡੀ ਸੀ, ਦੋਹਾਂ ਨਿੱਕੀਆਂ ਭੈਣਾਂ ਨਾਲ ਸਕੂਲੇ ਜਾਣ ਲੱਗ ਪਈ। ਅਜੇ ਉਹ ਸੱਤਾਂ ਅੱਠਾਂ ਵਰ੍ਹਿਆਂ ਦੀ ਨਿੱਕੀ ਬਾਲੜੀ ਸੀ ਪਰ ਕਿਸੇ ਨੂੰ ਕਦੀ ਵੀ ਉਹਨੂੰ ਸਕੂਲੇ ਪਾਉਣ ਦਾ ਖ਼ਿਆਲ ਨਹੀਂ ਸੀ ਆਇਆ। ਵੱਡਾ ਭਰਾ ਜਿਹਦਾ ਨਵਾਂ ਨਵਾਂ ਵਿਆਹ ਹੋਇਆ ਸੀ, ਰੋਜ਼ ਬੋਦੇ ਵਾਹ ਆਪਣੀ ਨਵੀਂ ਵਰਕਸ਼ਾਪ ਜਾਂਦਾ। ਨਾਲ ਉਹਨੇ ਦੋ ਨਿੱਕੇ ਭਰਾ ਵੀ ਲਾ ਲਏ, ਜਿਨ੍ਹਾਂ ਦੀਆਂ ਉਮਰਾਂ ਹੁਣ ਨਾ ਸਕੂਲੇ ਜਾਣ ਜੋਗੀਆਂ ਸਨ ਤੇ ਨਾ ਉਹ ਕੋਈ ਦੂਜਾ ਕੰਮ ਕਰਦੇ ਸਨ। ਉਹਨਾਂ ਰੱਜ ਮਿਹਨਤ ਕਰਨੀ ਤੇ ਚੰਗੇ ਢੰਗ ਨਾਲ ਘਰ ਚਲਾਵਣ ਲੱਗ ਪਏ। ਦੂਜੇ ਭਰਾਵਾਂ ਵੀ ਹੋਰ ਕੰਮ ਛੋਹ ਲਏ ਤੇ ਕੁਝ ਸਕੂਲੇ ਪੈ ਗਏ। ਲੋਕਾਂ ਵੀ ਸੁਖ ਦਾ ਸਾਹ ਲਿਆ। ਨੁਛੀ ਦੇ ਭਰਾਵਾਂ ਨੂੰ ਲੋਕਾਂ ਦੇ ਮਿਹਣੇ ਮੁੱਕ ਗਏ।

ਹੁਣ ਤਾਂ ਉਹ ਬਾਹਰ ਨਜ਼ਰੀਂ ਵੀ ਨਾ ਆਉਂਦੇ। ਜੇ ਆਉਂਦੇ ਤਾਂ ਉਹਨਾਂ ਸੁਥਰੇ ਲੀੜੇ ਪਾਏ ਹੁੰਦੇ ਤੇ ਵਾਲ ਵਾਹੇ ਹੁੰਦੇ। ਨਿੱਕੀਆਂ ਕੁੜੀਆਂ ਜਿਨ੍ਹਾਂ ਦੀਆਂ ਕਦੀ ਸ਼ਕਲਾਂ ਈ ਨਹੀਂ ਉਘੜੀਆਂ ਸਨ, ਸਾਫ਼ ਲੀੜੇ ਪਾ, ਗੁੱਤਾਂ ਬਣਵਾ ਕੇ ਸਕੂਲੇ ਜਾਂਦੀਆਂ ਦਿਸਦੀਆਂ। ਪਰ ਲੋਕਾਂ ਨੂੰ ਖ਼ੌਰੇ ਯਕੀਨ ਨਹੀਂ ਸੀ ਤੇ ਲੋਕ ਅੰਦਰੋਂ ਅੰਦਰੀਂ ਏਸ ਡਰ ਵਿਚ ਸਨ ਖ਼ੌਰੇ ਇਹ ਤਬਦੀਲੀ ਸਦਾ ਰਹਿਣੀ ਏ ਕਿ ਨਹੀਂ।

ਇਕ ਪਾਸੇ ਜ਼ਨਾਨੀਆਂ ਨਵੀਂ ਆਈ ਵਹੁਟੀ ਦੇ ਸੁਘੜ ਹੋਣ ਦੀ ਸਲਾਹਣਾ ਕਰਨੀ, ਦੂਜੇ ਬੰਨੇ ਟੋਹ ਲੈਣੀ ਕਿ ਉਹ ਕਿਥੋਂ ਆਈ। ਨਵੀਂ ਵਹੁਟੀ ਨੁਛੀ ਨੂੰ ਵੀ ਲੋਕਾਂ ਦੇ ਘਰੀਂ ਜਾਣ ਤੋਂ ਮਨਾਹੀ ਕਰ ਦਿੱਤੀ ਜਿਸ ਨਾਲ ਉਸ ਕੋਲੋਂ ਕੰਮ ਕਰਾਉਣ ਵਾਲੀਆਂ ਬਹੁਤ ਭੈੜੀਆਂ ਪਈਆਂ ਤੇ ਏਸ ਉਡੀਕ ਵਿਚ ਸਨ, ਵੇਖੋ ਨਵੀਂ ਆਈ ਕਿੰਨਾ ਚਿਰ ਘਰ ਨੂੰ ਸੰਭਾਲਦੀ ਏ ਜਾਂ ਤਾਂ ਉਹ ਮੁੰਡੇ ਨੂੰ ਲੈ ਕੇ ਵੱਖ ਹੋ ਜਾਏਗੀ ਜਾਂ ਫੇਰ ਮੁੰਡਾ ਆਪੇ ਉਹਨੂੰ ਲੈ ਕੇ ਘਰ ਛੱਡ ਜਾਏਗਾ। ਆਖ਼ਰ ਸਾਰੇ ਟੱਬਰ ਦੀ ਜ਼ੁੰਮੇਵਾਰੀ ਉਹਨਾਂ ਤੇ ਨਹੀਂ ਸੀ ਨਾ ਹੋਈ ? ਨਾਲੇ ਐਨੇ ਬਾਲਾਂ ਨੂੰ ਸਾਂਭਣਾ, ਰੋਟੀ ਖਵਾਉਣੀ, ਲੀੜੇ ਧੋਣੇ ਤੇ ਰੋਜ਼ ਸਵੇਰੇ ਤਿਆਰ ਕਰਵਾ ਕੇ ਸਕੂਲੇ ਘੱਲਣਾ ਕੋਈ ਸੌਖਾ ਕੰਮ ਤੇ ਨਹੀਂ ਸੀ। ਉਹ ਉਹਨਾਂ ਦੀ ਮਾਂ ਨਹੀਂ ਸੀ। ਅਜੇ ਉਹਦੇ ਆਪਣੇ ਬਾਲ ਵੀ ਹੋਣੇ ਸਨ। ਲੋਕਾਂ ਦੇ ਦਿਲਾਂ ਵਿਚ ਆਦਰ



ਜੰਮਣ ਲੱਗ ਪਿਆ। ਮੁਹੱਲੇ ਦੀਆਂ ਸਵਾਣੀਆਂ ਵੀ ਉਹਦੀ ਸਲਾਹਣਾ ਕਰਨੀ। ਇਹ ਇਹਦਾ ਹੀ ਕੰਮ ਏ, ਜਿਹਨੇ ਇੰਜ ਉਜੜੇ ਘਰ ਨੂੰ ਮੁੜ ਵਸਾਇਆ ਏ। ਹੋਰ ਕੋਈ ਹੁੰਦੀ ਤੇ ਇਕ ਦਿਨ ਵੀ ਨਾ ਕੱਢਦੀ ਤੇ ਮੁੰਡੇ ਨੂੰ ਲੈ ਕੇ ਨਿਕਲ ਜਾਂਦੀ।

ਏਸ ਲਈ ਜ਼ਨਾਨੀਆਂ ਏਸ ਕੈੜ ਵਿਚ ਸਨ ਕਿ ਨਵੀਂ ਵਿਆਹੀ ਹੈ ਕੌਣ ? ਉਹ ਆਪ ਵੀ ਮੁਹੱਲੇ ਦੇ ਘਰਾਂ ਵਿਚ ਘੱਟ ਜਾਂਦੀ ਸੀ। ਬਸ ਸਾਰਾ ਦਿਨ ਆਪਣੇ ਕੰਮਾਂ ਵਿਚ ਰੁੱਝੀ ਰਹਿੰਦੀ। ਇੰਜ ਉਹਦੇ ਦੁਆਲੇ ਭੇਤ ਦਾ ਇਕ ਪਰਦਾ ਜਿਹਾ ਵਲੀਂਦਾ ਗਿਆ ਕਿਉਂਕਿ ਉਹ ਬਹੁਤਾ ਜ਼ਨਾਨੀਆਂ ਨਾਲ ਘੁਲਦੀ ਮਿਲਦੀ ਨਹੀਂ ਸੀ। ਏਸ ਲਈ ਜ਼ਨਾਨੀਆਂ ਵਿਚ ਉਹਦੇ ਬਾਰੇ ਜਾਨਣ ਦੀ ਚਿੰਤਾ ਵਧਦੀ ਗਈ। ਅਖ਼ੀਰ ਗੱਲ ਖੁੱਲ੍ਹ ਗਈ। ਨੁਛੀ ਨੂੰ ਸਕੂਲੇ ਜਾਂਦੇ ਰਾਹ ਵਿਚ ਇਕ ਮੁਹੱਲੇ ਦੀ ਜ਼ਨਾਨੀ ਪੁੱਛਿਆ, 'ਨੀ ਭਰਜਾਈ ਭਲਾ ਕਿਥੋਂ ਲੈ ਆਂਦੀ ਏ ਤੁਸਾਂ ?' ਪਤਾ ਲੱਗਾ ਮਾਂ ਦੇ ਸਾਕਾਂ ਵਿਚੋਂ ਏ। ਚੰਗੜਣੀ ਹੋਣੀ ਨਾ। ਪਰ ਬਹੁਤੇ ਲੋਕਾਂ ਦੇ ਮੂੰਹ ਉੱਤੇ ਇਹ ਗੱਲ ਆਈ ਨਾ। ਅੰਦਰੋਂ ਅੰਦਰੀਂ ਉਂਜ ਇਹ ਗੱਲ ਸਾਰੇ ਮੁਹੱਲੇ ਫਿਰ ਗਈ ਤੇ ਕਈਆਂ ਨੁਛੀ ਦੀ ਮਾਂ ਨਾਲ ਉਹਦਾ ਟਾਕਰਾ ਵੀ ਕੀਤਾ। ਪਰ ਜਿਹੜਾ ਆਦਰ ਉਹਦੇ ਲਈ ਜੰਮਿਆ ਸੀ ਉਹ ਘਟਿਆ ਨਾ। ਕਈਆਂ ਆਖਣਾ ਜਦੋਂ ਨੁਛੀ ਦੀ ਮਾਂ ਆਈ ਸੀ, ਉਹ ਵੀ ਬਹੁਤ ਸੁਘੜ ਸੀ ਤੇ ਮੂੰਹ ਵਿਚੋਂ ਗੱਲ ਨਹੀਂ ਨਿਕਲਦੀ ਸੀ। ਮੁੜ ਉਹਨੇ ਕੀ ਚੰਨ੍ਹ ਚਾੜ੍ਹੇ ?

ਬਸ ਇਕ ਵਾਰੀ ਮੈਂ ਉਹਨੂੰ ਤੱਕਿਆ ਸੀ ਤੇ ਉਹ ਵੀ ਰਾਤ ਵੇਲੇ। ਮੁਹੱਲੇ ਦੇ ਲਾਗੇ ਦੀ ਵੱਡੀ ਸੜਕ ਉੱਤੇ। ਅਜੇ ਉਹਦੇ ਵਿਆਹ ਨੂੰ ਬਹੁਤਾ ਚਿਰ ਨਹੀਂ ਸੀ ਹੋਇਆ। ਉਹ ਨੁਛੀ ਦੇ ਵੱਡੇ ਭਰਾ ਨਾਲ ਲੱਗੀ ਸੜਕ ਉੱਤੇ ਸੈਰ ਪਈ ਕਰਦੀ ਸੀ। ਮੈਨੂੰ ਉਹ ਨੁਛੀ ਦੇ ਭਰਾ ਤੋਂ ਕੁਝ ਵਡੇਰੀ ਉਮਰ ਦੀ ਲੱਗੀ। ਭਰਿਆ ਭਰਿਆ ਸਰੀਰ ਤੇ ਮਿੱਟੀ ਰੰਗ ਵਿਚ ਨਿੰਮ੍ਹੀ ਨਿੰਮ੍ਹੀ ਜਵਾਨੀ ਦੀ ਲਾਲੀ ਸੀ ਜਾਂ ਫਿਰ ਨਵੇਂ ਹੋਏ ਵਿਆਹ ਦੀ। ਮੁਹੱਲੇ ਦੀਆਂ ਜ਼ਨਾਨੀਆਂ ਪਵੰਦ ਉਹਦੇ ਨਾਲ ਗਲ ਕਰਨੋਂ ਝਕਦੀਆਂ ਪਰ ਹੌਲੀ ਹੌਲੀ ਆਂਢ ਗੁਆਂਢ ਤੋਂ ਜ਼ਨਾਨੀਆਂ ਉਹਨੂੰ ਮਿਲਣ ਲੱਗ ਪਈਆਂ। ਜਿਹਨੇ ਉਹਨੂੰ ਮਿਲਣਾ, ਉਹਦੇ ਚੰਗੇ ਸੁਭਾਅ ਦੀ ਸਲਾਹਣਾ ਜ਼ਰੂਰ ਕਰਨੀ।

ਪਰ ਏਸ ਗੱਲ ਨੂੰ ਕਈ ਵਰ੍ਹੇ ਹੋ ਗਏ ਨੇ। ਮੈਨੂੰ ਡਰ ਜਿਹਾ ਸੀ ਕੋਈ ਨਾ ਕੋਈ ਅਣਹੋਣੀ ਤਾਂ ਜ਼ਰੂਰ ਹੋਏਗੀ। ਕੋਈ ਨਵਾਂ ਮੋੜ ਆਏਗਾ ਪਰ ਅਜਿਹਾ ਹੋਇਆ ਨਾ, ਕੋਈ ਅਣਹੋਣੀ ਨਾ ਹੋਈ। ਕਈ ਵਰ੍ਹੇ ਲੰਘ ਗਏ। ਨੁਛੀ ਸਕੂਲ ਦੀ ਪੜ੍ਹਾਈ ਪੂਰੀ ਕਰ ਲਈ ਤੇ ਗਲੀ ਦੇ ਮੁੰਡੇ ਉਹਦੇ ਨਿਸਰਦੇ ਸਰੀਰ ਵੱਲ ਚੋਰੀ ਅੱਖੀਂ ਤੱਕਦੇ। ਉਹ ਹੁਣ ਸਾਡੇ ਘਰ ਵੀ ਨਹੀਂ ਆਉਂਦੀ। ਜੇ ਆਉਂਦੀ ਵੀ ਏ ਤੇ ਉਹਦੇ ਮੂੰਹ ਉੱਤੋਂ ਚੜ੍ਹਦੀ ਜਵਾਨੀ ਦਾ ਹਾਸਾ ਹੀ ਨਹੀਂ ਮੁੱਕਦਾ। ਉਹਦੀ ਮਾਂ ਨੂੰ ਲੋਕ ਭੁੱਲ ਗਏ ਨੇ ਤੇ ਉਹ ਕਦੀ ਨਜ਼ਰ ਵੀ ਨਹੀਂ ਆਈ।

## ਰੋਂਦ

ਛੁੱਟੀ ਕਰਕੇ ਉਸ ਦਿਨ ਮੈਂ ਦਰਿਆ ਤੁਰ ਗਿਆ। ਕੰਢੇ ਦੇ ਨਾਲੋ ਨਾਲ ਪੁਰਾਣੇ ਪੁਲ ਤੋਂ ਚੜ੍ਹਦੇ ਵੱਲ ਤੁਰਦਾ ਆਇਆ। ਫੱਗਣ ਦਾ ਅਖ਼ੀਰ ਸੀ। ਏਸ ਰੁੱਤੇ ਦਰਿਆ ਨਾ ਹੋਵਣ ਬਰਾਬਰ ਹੁੰਦਾ ਏ। ਦੂਰੋਂ ਵੇਖੋ ਤਾਂ ਪਾਣੀ ਦੀ ਇਕ ਲੀਕ ਜਿਹੀ...ਪਰ ਕੋਲ ਖਲੋਤਿਆਂ ਚੁੱਪ ਚਪੀਤੇ ਪਾਣੀ ਦੀ ਟੋਰ ਮੈਨੂੰ ਅੰਦਰੋ-ਅੰਦਰੀ ਤ੍ਰਿਖੀ ਜਾਪੀ।

ਅਸਲੋਂ ਸ਼ਹਿਰ ਲਾਹੌਰ ਦੀ ਰਾਵੀ ਦਾ ਹਾਲ ਵੀ ਕੋਈ ਨਹੀਂ। ਬੇਲੇ ਤਾਂ ਉਂਜ ਹੀ ਮੁੱਕਦੇ ਜਾਂਦੇ ਹਨ। ਜਿਹੜੀ ਕੋਈ ਥਾਂ ਬਚੀ ਜਾਂ ਜਿਥੇ ਹੜ੍ਹ ਆਉਣ ਦਾ ਡਰ ਏ, ਉਥੇ ਸਾਰੇ ਸ਼ਹਿਰ ਦਾ ਗੰਦ ਸੁੱਟ ਦਿੱਤਾ ਜਾਂਦਾ ਏ ਪਰ ਇਹ ਦਰਿਆ ਉਹੋ ਹੀ ਏ ਤੇ ਕਿਥੇ ਕਿਥੇ ਖ਼ੌਰੇ ਲੋਕਾਂ ਦਾ ਇਹਦੇ ਨਾਲੋਂ ਸਾਂਗਾ ਵੀ ਨਹੀਂ ਤਰੁਟਾ।

ਇਕ ਥਾਂ ਐਵੇਂ ਦੋ ਬੰਦੇ ਵੇਖ ਖਲੋ ਗਿਆ। ਦਰਿਆ ਦੇ ਦੂਜੇ ਬੰਨੇ ਦੋ ਬੰਦੇ ਆਪਣਿਆਂ ਲੱਕ ਦਿਆਂ ਪੱਟਾਂ ਦਵਾਲੇ ਕੱਸ ਕੇ ਜਾਲ ਸੁੱਟੀ ਮੱਛੀਆਂ ਫੜ੍ਹਨ ਦੇ ਆਹਰ ਵਿਚ ਸਨ।

'ਏਥੇ ਮੱਛੀਆਂ ਹੁੰਦੀਆਂ ਨੇ ?' ਬੇਧਿਆਨੇ ਮੈਂ ਸਾਹਮਣੇ ਵੇਖਦਿਆਂ ਪੁੱਛਿਆ।

'ਆਹੋ...ਹੁੰਦੀਆਂ ਨੇ।' ਉਹਨਾਂ ਦੋਹਾਂ ਵਿਚੋਂ ਇਕ ਨੇ ਜਵਾਬ ਦਿੱਤਾ।

ਹੁਣ ਮੈਂ ਉਹਨਾਂ ਵੱਲ ਤੱਕਿਆ। ਇਕ ਮੁੰਡਾ ਵੱਡੀ ਪੱਥਰ ਦੀ ਸਿੱਲ ਉੱਤੇ ਲੀੜੇ ਧੋਏ ਪਿਆ। ਦੂਜਾ ਅੱਧਖੜ ਜਿਹਾ ਚੁੱਪ ਚੁਪੀਤਾ ਰੇਤ ਉੱਤੇ ਬੈਠਾ ਵਗਦੇ ਦਰਿਆ ਨੂੰ ਤੱਕਦਾ ਰਿਹਾ।

'ਵਗਦੇ ਦਰਿਆ 'ਚੋਂ ਮੱਛੀ ਫੜਨੀ ਔਖੀ ਨਹੀਂ ?' ਮੈਂ ਜਿਵੇਂ ਆਪਣੇ ਆਪ ਨਾਲ ਗੱਲ ਕੀਤੀ।

'ਔਖੀ ਏ, ਪਰ ਜਿਥੇ ਪਾਣੀ ਤ੍ਰਿਖਾ ਨਾ ਹੋਵੇ, ਉਥੇ ਨਹੀਂ।' ਮੁੰਡੇ ਜਵਾਬ ਦਿੱਤਾ।

ਫੇਰ ਐਵੇਂ ਈ ਮੁੰਡੇ ਨੇ ਪੁੱਛਿਆ, 'ਬਾਊ ਜੀ ਈਦ ਕਦੋਂ ਏ ?'

ਮੈਨੂੰ ਉਹਦੇ ਸਵਾਲ ਉੱਤੇ ਅਚੰਭਾ ਹੋਇਆ।

'ਤੈਨੂੰ ਨਹੀਂ ਪਤਾ ? ਕੱਲ੍ਹ ਤੇ ਚੰਦ ਨਹੀਂ ਦਿਸਿਆ। ਹੁਣ ਈਦ ਭਲਕੇ ਹੀ ਹੋਵੇਗੀ।'

ਮੈਂ ਪਹਿਲੀ ਵਾਰ ਉਹਨੂੰ ਧਿਆਨ ਨਾਲ ਤੱਕਿਆ।

ਕਾਲਾ ਸ਼ਾਹ ਪਿੰਡਾ ਕੱਸਿਆ ਹੋਇਆ ਮਿੱਟੀ ਰੰਗਾ...। ਅੱਖਾਂ ਵਿਚ ਲਾਲ ਡੋਰ



ਜਿਹੀ...ਗਭਰੋਟ ਜਿਹਾ। ਉਹ ਗਲੋਂ ਨੰਗਾ ਸੀ ਜਿਹਦਾ ਮੈਂ ਅੱਗੇ ਧਿਆਨ ਨਹੀਂ ਸੀ ਕੀਤਾ। ਸੁੱਥਣ ਪਾਈ ਗਲ ਦੀ ਕਮੀਜ਼ ਧੋਂਦਾ ਪਿਆ ਸੀ। ਉਹਦੇ ਮੂੰਹ ਮੁਹਾਂਦਰੇ ਤੋਂ ਮੈਂ ਗਵੇੜ ਲਾਇਆ ਕਿ ਦਰਿਆ ਦੇ ਇਕ ਪਾਸੇ ਕਾਰਪੋਰੇਸ਼ਨ ਦੇ ਜਿਹੜੇ ਟਰੱਕ ਕੂੜਾ ਸੁੱਟਦੇ ਹਨ, ਉਹਨਾਂ ਵਿਚ ਕੰਮ ਕਰਨ ਵਾਲਾ ਜਾਂ ਖੌਰੇ ਨੇੜੇ ਈ ਈਸਾਈਆਂ ਦੀ ਕੱਚੀ ਵਸਤੀ ਦਾ ਰਹਿਣ ਵਾਲਾ ਹੋਣਾ ਹੈ।

ਫੇਰ ਵੀ...ਮੈਨੂੰ ਉਹਦੀ ਬੇਖ਼ਬਰੀ ਦੀ ਸਮਝ ਨਾ ਆਈ। ਪਿਛਲੇ ਇਕ ਮਹੀਨੇ ਤੋਂ ਜਦ ਤੋਂ ਰੋਜ਼ੇ ਸ਼ੁਰੂ ਹੋਏ ਹਨ, ਸਾਰਾ ਸ਼ਹਿਰ ਈਦ ਮਨਾਉਣ ਵਿਚ ਮਰੇਂਦਾ ਪਿਆ ਏ। ਈਦ ਦੇ ਨੇੜੇ ਆਉਣ ਨਾਲ ਸੜਕਾਂ ਉੱਤੇ ਇਕ ਭਾਜੜ ਜਿਹੀ ਹੈ। ਜਿਵੇਂ ਹਰ ਸ਼ੈ ਨੱਸਦੀ ਪਈ ਹੋਵੇ। ਵੈਗਨਾਂ ਵਿਚ ਰਸ਼ ਮੁੱਕਣ ਨੂੰ ਨਹੀਂ ਸੀ ਆਉਂਦਾ ਤੇ ਵੱਡੇ ਬਾਜ਼ਾਰਾਂ ਵਿਚ ਪੈਰ ਰੱਖਣ ਨੂੰ ਥਾਂ ਨਾ ਹੋਵੇ। ਕੱਲ੍ਹ ਅੱਧੀ ਰਾਤੀਂ ਮਗਰੋਂ ਮੈਂ ਮਾਲ ਰੋਡ ਤੋਂ ਲੰਘਿਆ ਤੇ ਉਥੇ ਰਸ਼ ਨਾਲ ਰਾਹ ਬੰਦ ਸੀ ਤੇ ਕਾਰਾਂ ਕੀੜੀਆਂ ਵਾਂਗਰ ਲੰਘਣ ਪਈਆਂ। ਮੈਂ ਗਵੇੜ ਪੱਕਾ ਕੀਤਾ ਇਹ ਮੁੰਡਾ ਈਸਾਈ ਹੀ ਹੋਣਾ ਏ। ਫੇਰ ਵੀ ਰਹਿੰਦਾ ਤੇ ਏਸ ਸ਼ਹਿਰ ਹੀ ਏ ਨਾ ? ਈਦ ਦਾ ਵੀ ਪਤਾ ਨਹੀਂ ਕਦੋਂ ਹੋਵੇਗੀ।

'ਤੂੰ ਕਿਥੋਂ ਦਾ ਏਂ ?' ਮੈਥੋਂ ਆਪਣੀ ਹੈਰਾਨੀ ਡੱਕ ਨਾ ਹੋਈ।

'ਉਕਾੜੇ ਦਾ।'

'ਸ਼ਹਿਰ ਦਾ ?'

'ਨਹੀਂ! ਉਕਾੜੇ ਲਾਗੇ ਇਕ ਚੱਕ ਏ।'

'ਏਥੇ ਕੀ ਕਰਨਾ ਏਂ ?'

'ਅਸੀਂ ਸਬਜ਼ੀ ਮੰਡੀ ਕੰਮ ਕਰਨੇ ਆਂ।' ਉਹ ਆਪਣੇ ਦੂਜੇ ਸਾਥੀ ਵੱਲ ਮੂੰਹ ਕਰਦਾ ਬੋਲਿਆ। ਜਿਵੇਂ ਉਹਨੂੰ ਗੱਲ 'ਚ ਰਲਾਉਣਾ ਚਾਹੁੰਦਾ ਹੋਵੇ।

'ਪਾਂਡੀ ਆਂ।' ਦੂਜਾ ਬੰਦਾ ਬੋਲਿਆ।

ਗੱਲਾਂ ਕਰਨ ਨਾਲ ਓਪਰੀਅਤ ਘਟੀ ਤੇ ਮੈਂ ਵੀ ਉਥੇ ਈ ਕੰਢੇ ਦੀ ਗਿੱਲੀ ਮਿੱਟੀ ਤੋਂ ਕੁਝ ਹਟਵਾਂ ਰੇਤੇ ਉੱਤੇ ਬਹਿ ਕੇ ਉਹਨਾਂ ਨਾਲ ਗੱਲਾਂ ਕਰਨ ਲੱਗ ਪਿਆ।

'ਟਰੱਕਾਂ ਤੋਂ ਮਾਲ ਲਾਹੁੰਦੇ ਹੋ ?'

'ਨਹੀਂ! ਟਰੱਕਾਂ ਤੋਂ ਆੜ੍ਹਤੀ ਆਵਦੀ ਉਤਾਰਦੇ ਹਨ। ਇਹ ਮਾਲ ਆੜ੍ਹਤੀਆਂ ਦਾ ਹੁੰਦਾ ਏ। ਫੇਰ ਉਹ ਅੱਗੇ ਵੇਚਦੇ ਹਨ। ਫੇਰ ਫੜ੍ਹੀਬਾਜ਼ ਹਨ। ਜਦੋਂ ਹੁੰਦਾ ਏ ਸੌਦਾ, ਅਸੀਂ ਇਹ ਮਾਲ ਚੁੱਕਣ ਦਾ ਕੰਮ ਕਰਦੇ ਹਾਂ। ਕਈ ਵਾਰ ਟਰੱਕਾਂ ਉੱਤੇ ਈ ਮਾਲ ਵਿਕ ਜਾਂਦਾ ਏ। ਕਈ ਵਾਰ ਮੰਡੀ ਆੜ੍ਹਤੀ ਕੋਲ ਆ ਵਿਕਦਾ ਏ।'

'ਦਿਹਾੜੀ ਵਿਚ ਕਿੰਨਾ ਕੁ ਕਮਾ ਲੈਂਦੇ ਹੋ ?'

'ਕਦੇ ਤ੍ਰੀਹ, ਕਦੇ ਸੱਠ।'

'ਇਹਦੇ ਨਾਲ ਤਾਂ ਪੂਰੀ ਨਹੀਂ ਪੈਂਦੀ।'

'ਨਾਲ ਛਾਬਾ ਵੀ ਲਾ ਲੈਂਦੇ ਆਂ। ਕੇਲਾ ਫਲ ਜਾਂ ਸਬਜ਼ੀ। ਉਹਦੇ ਵਿਚੋਂ ਵੀ ਕੁਝ ਬਚ ਜਾਂਦਾ ਏ।'

'ਸਬਜ਼ੀ ਮੰਡੀ ਤੋਂ ਬਾਹਰ ?'

'ਹਾਂ! ਗੱਡੀ ਦੀ ਲੈਣ ਦੇ ਨਾਲ ਜਿਹੜੇ ਛਾਬੇ ਵਾਲੇ ਹਨ, ਉਥੇ।'

'ਰਹਿੰਦੇ ਕਿਥੇ ਓ ?'

'ਗੈਰਜ ਵਿਚ।'

'ਗੈਰਜ ਵਿਚ ?'

'ਆਵਦੀ ਜ਼ਾਤੀ ਮੰਜੀ ਏ। ਤਿੰਨ ਰੁਪਏ ਰੋਜ਼ ਦੇਨੇ ਆਂ। ਪਹਿਲੇ ਮੰਜੀ ਨਹੀਂ ਸੀ ਮੇਰੇ ਕੋਲ। ਮੇਰੇ ਜੂੰਆਂ ਪੈ ਗਈਆਂ ਭੁੰਜੇ ਸੌਣ ਨਾਲ। ਉਥੇ ਪਿਸੂ ਵੀ ਬੜੇ ਸਨ। ਭੁੰਜੇ ਜੂੰਆਂ ਤੇ ਪਿਸੂ ਬੜੇ ਹੁੰਦੇ ਨੇ। ਹੁਣ ਨਹੀਂ ਮੈਂ ਸੌਂਦਾ ਭੁੰਜੇ। ਮੈਂ ਇਹਨੂੰ ਆਖਿਆ ਏ।' ਉਹਨੇ ਦੂਜੇ ਬੰਦੇ ਵੱਲ ਸੈਨਤ ਕੀਤੀ। 'ਆਵਦੀ ਕੋਈ ਜ਼ਾਤੀ ਥਾਂ ਲੈ ਲਈਏ ਪਰ ਇਹ ਆਂਹਦਾ ਏ, ਰਹਿਣ ਦੇ ਇਵੇਂ ਠੀਕ ਆ।'

'ਉਥੇ ਹੋਰ ਬੰਦੇ ਵੀ ਹੁੰਦੇ ਨੇ, ਸੌਣ ਆਲੇ ?'

'ਆਹੋ! ਰੋਜ਼ ਸੌ ਪੰਜਾਹ ਬੰਦੇ ਤਾਂ ਹੁੰਦੇ ਨੇ।'

'ਛੱਤੀ ਹੋਈ ਥਾਂ ਏ। ਇਕ ਨਲਕਾ ਵੀ ਏ।' ਦੂਜੇ ਆਖਿਆ।

'ਘਰ ਆਲੇ ਤਾਂ ਔਕਾੜੇ ਹੋਸਨ।'

'ਆਹੋ! ਆਵਦਾ ਜ਼ਾਤੀ ਘਰ ਏ। ਸਾਰੇ ਉਥੇ ਹੀ ਹਨ। ਮੈਂ ਹੀ ਆਇਆਂ ਲਾਹੌਰ। ਮੈਂ ਵੀ ਨਾ ਆਉਂਦਾ ਜੇ ਬੁੱਢਾ ਮੇਰੀ ਗੱਲ ਮੰਨ ਲੈਂਦਾ। ਘਰ ਆਟਾ ਨਹੀਂ ਸੀ। ਸਾਰੇ ਭੁੱਖੇ ਸਨ। ਮੈਂ ਕਿਹਾ ਬੁੱਢਿਆ ਆਟਾ ਲਿਆ, ਉਹ ਗਿਆ ਤੇ ਮੁੜ ਪਤਾ ਨਹੀਂ ਕਿਥੇ ਜਾ ਸੁੱਤਾ। ਮੈਂ ਘਰੋਂ ਆ ਗਿਆ। ਮੈਂ ਆਖਿਆ, ਤੁਸੀਂ ਰਹੋ ਭੁੱਖੇ ਹੱਥਾਂ ਉੱਤੇ ਹੱਥ ਰੱਖ ਕੇ। ਮੈਂ ਨਹੀਂ ਰਹਿਣਾ ਏਥੇ। ਉਦੋਂ ਦਾ ਮੁੜ ਘਰ ਨਹੀਂ ਗਿਆ। ਚਾਰ ਪੰਜ ਵਰ੍ਹੇ ਤਾਂ ਹੋ ਗਏ ਹੋਸਨ। ਪੈਸੇ ਮੈਂ ਘੱਲ ਦੇਨਾ ਵਾਂ।'

'ਕਿੰਨੇ ਕੁ ?'

'ਇਕ ਵਾਰੀ ਸੱਤ ਸੌ, ਫੇਰ ਸੌ ਤੇ ਅਖੀਰ ਵਾਰੀ ਬਾਰਾਂ ਸੌ।'

'ਸਕੂਲੇ ਨਹੀਂ ਗਿਆ ਤੂੰ ?'

ਉਹ ਚੁੱਪ ਕਰ ਗਿਆ। ਉਹਨੇ ਕਮੀਜ਼ ਧੋ ਲਈ ਸੀ ਤੇ ਕੋਲ ਰੇਤੇ ਉੱਤੇ ਸੁੱਕਣੇ ਪਾਣ ਤੁਰ ਗਿਆ। ਦੂਜਾ ਬੰਦਾ ਵੀ ਚੁੱਪ ਕਰਕੇ ਉਹਦੇ ਨਾਲ ਤੁਰ ਗਿਆ। ਦੂਜੇ ਬੰਦੇ ਸਾਡੀ ਗੱਲਬਾਤ ਵੱਲ ਕੁਝ ਧਿਆਨ ਨਾ ਦਿੱਤਾ। ਮੁੰਡੇ ਵੀ ਬਸ ਇਹੋ ਦੱਸਿਆ ਕਿ ਇਹ ਵੀ ਮੇਰੇ ਪਿੰਡ ਦਾ ਹੀ ਏ।

ਉਹਦਾ ਸਾਬਣ ਅਜੇ ਵੀ ਸਿੱਲ ਕੋਲ ਹੀ ਪਿਆ ਸੀ। ਮੈਂ ਵਗਦੇ ਪਾਣੀ ਨੂੰ ਤੱਕਣ ਲੱਗ ਪਿਆ। ਐਵੇਂ ਹਵਾ ਦਾ ਕੋਈ ਬੁੱਲ੍ਹਾ ਆਉਂਦਾ ਤੇ ਲਹਿਰਾਂ ਉੱਤੇ ਖੇਡ ਕਰਦਾ ਕੰਢੇ ਆ ਬਹਿੰਦਾ। ਜਾਂ ਫੇਰ ਰੇਤੋਂ ਵਾਵਰੋਲੇ ਉਠਦੇ ਤੇ ਕੰਢੇ ਆ ਛਾਈਂ ਮਾਈਂ ਹੋ ਜਾਂਦੇ।

ਅਚਨਚੇਤ ਨੱਸਦੇ ਆਉਂਦੇ ਬਾਲਾਂ ਦੀਆਂ ਵਾਜਾਂ ਆਈਆਂ ਤੇ ਵਿਂਹਦੇ ਵਿਂਹਦੇ ਬਾਲਾਂ ਦੀ ਡਾਰ ਉਥੇ ਆ ਲੱਥੀ। ਨਿੱਕੇ ਨਿੱਕੇ ਤੇ ਵੱਡੇ ਬਾਲ ਇਕ ਦੂਜੇ ਨੂੰ ਧੱਕਦੇ, ਡਿੱਗਦੇ, ਢਹਿੰਦੇ ਤੇ ਖਹਿੰਦੇ ਇਕ ਦੂਜੇ ਪਿੱਛੇ ਨੱਸੀ ਆਏ। ਉਹਨਾਂ ਵਿਚੋਂ ਇਕ ਨੇ ਮੋਟੇ ਕੱਛੂਕੰਮੇ ਨੂੰ ਧਾਗੇ ਨਾਲ ਬੰਨ੍ਹਿਆ ਹੋਇਆ ਸੀ ਤੇ ਉਸ ਨੂੰ ਭੋਇੰ ਉੱਤੇ ਧਰ ਕੇ ਸਾਰੇ ਬਾਲ ਉਹਦੇ ਅੱਗੇ ਪਿੱਛੇ ਰੌਲਾ ਪਾਉਂਦੇ ਪਏ ਸਨ। ਇਹ ਕੱਛੂਕੰਮਾ ਹੀ ਉਹਨਾਂ ਸਾਰਿਆਂ ਦਾ



ਸ਼ੁਗਲ ਬਣਿਆ ਹੋਇਆ ਸੀ।

'ਇਹਨੂੰ ਪਾਣੀ ਵਿਚ ਸੁੱਟੋ! ਪਾਣੀ ਵਿਚ।'

'ਫੇਰ ਜ਼ਿੰਦਾ ਹੋ ਜਾਏਗਾ। ਪਾਣੀ ਵਿਚ ਸੁੱਟ ਨਾ ਉਏ।'

'ਵੇਖੀਏ ਤਰਦਾ ਏ ਕਿ ਨਾ ?'

ਅਗਾਂਹ ਹੋ ਮੈਂ ਵੀ ਵੇਖਣ ਦਾ ਆਹਰ ਕੀਤਾ। ਕੱਛੂਕੰਮਾ ਉੱਕਾ ਸੁੱਕਾ ਸੀ ਤੇ ਨਿਰੀ ਖਲੜੀ ਈ ਰਹਿ ਗਈ ਹੋਈ ਸੀ। ਧਾਗਾ ਫੜੀ ਮੁੰਡਾ ਉਹਨੂੰ ਕੰਢੇ ਕੋਲ ਲੈ ਜਾਵੇ ਤੇ ਪਾਣੀ ਵਿਚ ਸੁੱਟਣ ਦਾ ਕਰੇ। ਫੇਰ ਬਾਲ ਚੀਕਾਂ ਮਾਰਨ। ਕੁਝ ਆਖਣ...ਨਹੀਂ...ਨਹੀਂ...ਕੁਝ ਆਖਣ 'ਸੁੱਟ ਵੀ, ਸੁੱਟ ਨਾ।'

ਇਕ ਦੂਜਾ ਮੁੰਡਾ ਨੱਸ ਅਗਾਂਹ ਹੋਇਆ ਤੇ ਧਾਗਾ ਫੜੇ ਬਾਲ ਕੋਲੋਂ ਧਾਗਾ ਖੋਹ, ਝਬਦੇ ਉਹਨੂੰ ਧੱਕਾ ਦੇ ਕੇ ਕੱਛੂਕੰਮੇ ਨੂੰ ਪਰਲੇ ਪਾਣੀ ਵਿਚ ਵਗਾਹ ਮਾਰਿਆ। ਬਾਲਾਂ ਵਿਚ ਚੁੱਪ ਉਤਰ ਗਈ।

'ਵੇਖੋ, ਵੇਖੋ ਤਰਦਾ ਏ ਕਿ ਨਾ...ਜੀਊਂਦਾ ਏ ਕਿ ਨਾ...ਵੇਖੋ...ਵੇਖੋ...।'

ਇਕ ਅਚਵੀ ਜਿਹੀ ਸੀ ਸਾਰਿਆਂ ਨੂੰ।

ਉਹ ਸੁੱਕੀ ਲੱਕੜ ਵਾਂਗ ਪਾਣੀ ਉੱਤੇ ਤਰ ਪਿਆ।

ਇਵੇਂ ਲੱਗਾ ਜਿਵੇਂ ਉਥੇ ਦਰਿਆ ਕੋਈ ਨਹੀਂ ਤੇ ਬਾਲਾਂ ਕੱਛੂਕੰਮਾ ਰੇਤੇ ਉੱਤੇ ਈ ਧਰ ਦਿੱਤਾ ਏ। ਦਰਿਆ ਦਾ ਤਾਂ ਝੌਲਾ ਹੀ ਏ ਤੇ ਅਸੀਂ ਦਿਲ ਹੀ ਪਰਚਾਂਦੇ ਪਏ ਆਂ।

ਕੁਝ ਚਿਰ ਕੱਛੂਕੰਮੇ ਨੂੰ ਉਂਜ ਹੀ ਪਾਣੀ ਉੱਤੇ ਤਰਦਾ ਵੇਖਣ ਮਗਰੋਂ ਜਦ ਬਾਲਾਂ ਨੂੰ ਪੱਕ ਹੋ ਗਿਆ ਕਿ ਉਹ ਜੀਊਂਦਾ ਨਹੀਂ ਤੇ ਉਹ ਉਂਜ ਈ ਰੌਲਾ ਪਾਉਂਦੇ ਉਥੋਂ ਨੱਸ ਗਏ। ਕੁਝ ਨਿੱਕੇ ਬਾਲ ਅਜੇ ਵੀ ਮੁੜ ਮੁੜ ਕੱਛੂਕੰਮੇ ਨੂੰ ਵੇਖਦੇ ਰਹੇ। ਪਿੱਛੇ ਪਿੱਛੇ ਇਕ ਬਾਲ ਦੂਜੇ ਦੀ ਧੌਣ ਦੁਆਲੇ ਹੱਥ ਪਾ, ਉਹਨੂੰ ਤ੍ਰਿਖਾ ਤ੍ਰਿਖਾ ਧਰੂੰਦਾ ਆਖੀ ਜਾਵੇ, 'ਤੂੰ ਘਰ ਦੱਸ ਕੇ ਨਹੀਂ ਆਇਆ, ਤੈਨੂੰ ਮਾਰ ਪਵੇਗੀ।'

ਦੂਜਾ ਨਾਲੇ ਆਪਣੀ ਧੌਣ ਛਡਾਵੇ ਤੇ ਨਾਲੇ ਆਖੀ ਜਾਵੇ, 'ਮੈਂ ਦੱਸ ਆਇਆ ਵਾਂ, ਤੈਨੂੰ ਕੀ ?'

ਮੇਰੇ ਨਾਲ ਗੱਲਾਂ ਕਰਦਾ ਮੁੰਡਾ ਸੁੱਥਣ ਲਾਹ ਲੱਕ ਨਾਲ ਇਕ ਨਿੱਕਾ ਜਿਹਾ ਲੀੜਾ ਵਲ੍ਹੇਟ ਸਿੱਲ ਕੋਲ ਪਰਤ ਆਇਆ। ਲੀੜਾ ਥਾਂ ਥਾਂ ਤੋਂ ਪਾਇਆ ਹੋਇਆ ਸੀ। ਉਹ ਲੱਕ ਖੁਰਕਦਾ ਰਿਹਾ, ਜਿਸ ਉੱਤੇ ਨਿੱਕੀਆਂ ਨਿੱਕੀਆਂ ਸੁੱਕੀਆਂ ਫਿਮਣੀਆਂ ਦੇ ਨਿਸ਼ਾਨ ਸਨ। ਸਿਲ ਉੱਤੇ ਬਹਿ ਉਹ ਸੁੱਥਣ ਧੋਣ ਲੱਗ ਪਿਆ। ਉਹਦੀ ਸੁੱਥਣ ਦੇ ਨਾਲੇ ਦਾ ਸਿਰਾ ਬਹੁਤ ਚੌੜਾ ਸੀ ਤੇ ਪਰਾਂਦੀਆਂ ਵਾਂਗ ਰੰਗਦਾਰ ਸੀ। ਏਸ ਨਾਲੇ ਦਾ ਸਿਰਾ ਬਹੁੰ ਵੱਡਾ ਨਹੀਂ। ਮੈਂ ਗੱਲ ਕੀਤੀ, 'ਮੈਨੂੰ ਇਹੋ ਨਾਲਾ ਪਸੰਦ ਏ।'

ਉਹ ਆਪੋਂ ਗੱਲਾਂ ਕਰਨ ਲੱਗ ਪਿਆ :

'ਜਦੋਂ ਮੈਂ ਪਹਿਲੀ ਵਾਰ ਲਾਹੌਰ ਆਇਆ ਤੇ ਮੈਨੂੰ ਬੜਾ ਡਰ ਲੱਗਣਾ ਤੇ ਮੈਂ ਬਹੁਤ ਰੋਣਾ। ਇਨ੍ਹਾਂ ਸਾਰੀਆਂ ਥਾਂਵਾਂ ਹੋਟਲ, ਸੜਕਾਂ, ਪੁਲ ਤੋਂ ਡਾਢਾ ਡਰ ਲੱਗਣਾ। ਪਰ ਹੁਣ ਨਹੀਂ ਡਰਦਾ। ਇਨ੍ਹਾਂ ਸਾਰੀਆਂ ਥਾਵਾਂ ਤੋਂ ਮੈਂ ਨਹੀਂ ਡਰਦਾ। ਬੇਧੜਕ ਫਿਰਦਾ ਆਂ ਸਾਰੀਆਂ ਥਾਵਾਂ ਉੱਤੇ। ਕੰਮ ਹੋਟਲ ਦਾ ਵੀ ਕੀਤਾ ਏ ਮੈਂ, ਉਕਾੜੇ ਦੇ ਅੱਡੇ ਉੱਤੇ। ਦਸ

ਵਰ੍ਹੇ ਪਰ ਉਹ ਪੈਸੇ ਕੁਝ ਨਹੀਂ ਦੇਂਦੇ ਸਨ। ਵੀਹ ਰੁਪਏ ਰੋਜ਼ ਦੇ ਪਰ ਮੈਂ ਬੁੱਢੇ ਨੂੰ ਕਦੀ ਨਹੀਂ ਦਿੱਤੇ ਸਨ। ਹਮੇਸ਼ ਮਾਂ ਦੇ ਹੱਥੀਂ ਰੱਖਣੇ। ਮੈਂ ਆਖਿਆ, ਬੁੱਢੇ ਨੂੰ ਪੈਸੇ ਮੈਂ ਨਹੀਂ ਦੇਣੇ। ਏਸ ਤੋਂ ਪਹਿਲਾਂ ਉਕਾੜੇ ਸਬਜ਼ੀ ਮੰਡੀ ਵੀ ਕੰਮ ਕੀਤਾ ਏ। ਪਾਂਡੀ ਦਾ। ਸਾਰਾ ਸਾਰਾ ਦਿਨ ਬੋਰੀਆਂ ਲਾਹ ਲਾਹ ਮੋਢੇ ਲਹਿ ਜਾਣੇ ਤੇ ਰਾਤੀਂ ਲੱਕ ਪੀੜ ਹੋਣੀ, ਸੌਣ ਨਾ ਹੋਣਾ। ਫੇਰ ਮਾਂ ਮੈਨੂੰ ਹੋਟਲ ਉੱਤੇ ਛੱਡ ਆਈ। ਉਥੇ ਦਸ ਵਰ੍ਹੇ ਕੰਮ ਕੀਤਾ। ਜਦ ਬੁੱਢੇ ਨਾਲ ਲੜਾਈ ਹੋਈ ਮੈਂ ਲਾਹੌਰ ਆ ਗਿਆ। ਏਥੇ ਪਹਿਲੇ ਵਾਕਫ਼ੀ ਸੀ ਮੇਰੀ।'

'ਤੂੰ ਕਿੰਨੀ ਉਮਰ ਤੋਂ ਕੰਮ ਕਰ ਰਿਹਾ ਏਂ ?'

ਉਹ ਚੁੱਪ ਕਰ ਗਿਆ।

'ਤੂੰ ਘਰ ਕਿਉਂ ਨਹੀਂ ਜਾਂਦਾ ?'

'ਮੇਰਾ ਦਿਲ ਨਹੀਂ ਕਰਦਾ। ਇਕ ਦੋ ਵਾਰ ਮਾਂ ਆਈ, ਮੈਂ ਉਹਨੂੰ ਪੈਸੇ ਦੇ ਦਿੱਤੇ।' ਮੈਂ ਆਖਿਆ, 'ਮੈਂ ਘੱਲਦਾ ਰਵ੍ਹਾਂਗਾ ਪਰ ਬੁੱਢਾ ਘਰ ਆਟਾ ਨਹੀਂ ਲਿਆਇਆ। ਏਸ ਲਈ ਮੈਂ ਆ ਗਿਆ ਏਥੇ। ਚਾਰ ਪੰਜ ਈਦਾਂ ਹੋ ਗਈਆਂ, ਮੈਂ ਘਰੇ ਨਹੀਂ ਗਿਆ।'

'ਤੇਰਾ ਵਿਆਹ ਵੀ ਤਾਂ ਹੋਣਾ ਏ।' ਮੈਂ ਐਵੇਂ ਉਹਨੂੰ ਛੇੜਨ ਲਈ ਆਖਿਆ।

ਉਹਦੇ ਮੂੰਹ ਉੱਤੇ ਐਵੇਂ ਇਕ ਪਲ ਲਈ ਮੁਸਕਾਨ ਆਈ। ਪਹਿਲੀ ਤੇ ਛੇਕੜਲੀ। ਫੇਰ ਉਹ ਮੁੜ ਉਂਜ ਦਾ ਹੋ ਗਿਆ। ਸਦਾ ਤੋਂ ਲੱਕ ਦਵਾਲੇ ਪਾਟਾ ਲੀੜਾ ਬੰਨ੍ਹ ਕੇ ਸੁੱਥਣ ਧੋਣ ਵਾਲਾ। ਉਹਦੇ ਸਾਰੇ ਵਰਤਾਰੇ ਵਿਚ ਇਕ ਨਿਖੇੜ ਸੀ, ਸਾਰੇ ਜਹਾਨ ਤੋਂ ਵੱਖਰਾ, ਹੋਰ ਜਿਹਾ। ਮੇਰੇ ਹਰ ਸਵਾਲ ਦਾ ਜਵਾਬ ਵੀ ਉਹਨੇ ਬੇਪਰਵਾਹੀ ਨਾਲ ਹੀ ਦਿੱਤਾ ਸੀ।

'ਫੇਰ ਵੀ ਤੇਰਾ ਦਿਲ ਨਹੀਂ ਕਰਦਾ ?' ਮੈਂ ਮੁੜ ਵਿਆਹ ਦੀ ਗੱਲ ਦੁਹਰਾਈ।

'ਮੈਂ ਕਦੇ ਵਿਆਹ ਨਹੀਂ ਕਰਨਾ।' ਉਹ ਬੋਲਿਆ। 'ਵੱਡੇ ਭਰਾ ਵਿਆਹ ਕੀਤਾ। ਬੜੀ ਕਾਹਲ ਸੀ ਉਹਨੂੰ ਵਿਆਹ ਦੀ। ਮੈਂ ਆਖਿਆ, ਆਵਦੀ ਜ਼ਰਾ ਵੇਖ ਲੈਨੇ ਆਂ, ਪਰ ਉਸ ਕਾਹਲੀ ਕੀਤੀ ਤੇ ਮਾਰਿਆ ਗਿਆ ਸੂ। ਉਹਦੀ ਜ਼ਨਾਨੀ ਛੱਡ ਦਿੱਤਾ ਉਹਨੂੰ।'

'ਕਿਵੇਂ ?'

'ਨਵਾਂ ਨਵਾਂ ਵਿਆਹ ਹੋਇਆ ਹੋਣਾ ਏ ਤੇ ਉਹ ਕੋਠੇ ਉੱਤੇ ਚੜ੍ਹ ਪਾਥੀਆਂ ਪਈ ਥੱਪੇ। ਮੈਂ ਵੇਖਿਆ ਕਿ ਨਾਲੇ ਉਹ ਪਾਥੀਆਂ ਥਪਦੀ ਜਾਵੇ, ਨਾਲੇ ਕਿਸੇ ਨੂੰ ਸੈਨਤਾਂ ਵੀ ਕਰਦੀ ਜਾਵੇ। ਮੈਂ ਬਾਹਰ ਆ ਵੇਖਿਆ ਉਹ ਸਾਡਾ ਗੁਆਂਢੀ ਗੁਲਾਮ ਰਸੂਲ ਸੀ। ਸ਼ਾਮੀਂ ਭਰਾ ਘਰ ਆਇਆ ਤੇ ਮੈਂ ਉਹਨੂੰ ਦੱਸਿਆ। ਬੁੱਢੇ ਨੇ ਮਾਂ ਨੂੰ ਵੀ ਦੱਸਿਆ। ਚੰਗਾ ਪਖੰਡ ਪਿਆ ਪਰ ਉਹ ਨਾ ਮੁੜੀ। ਸਾਡੀ ਗੁਲਾਮ ਰਸੂਲ ਨਾਲ ਵੀ ਖਹਿ ਬਖਹਿ ਹੋਈ। ਅਸਾਂ ਉਸ ਨੂੰ ਜੇਲ੍ਹ ਕਰਵਾ ਦਿੱਤੀ। ਮੈਂ ਉਹਨੂੰ ਕਹਿੰਦਾ ਰਿਹਾ, ਕਾਹਲੀ ਨਾ ਕਰ। ਐਵੇਂ ਵਿਆਹ ਨਾ ਕਰ। ਜਦ ਗੁਲਾਮ ਰਸੂਲ ਜੇਲ੍ਹੋਂ ਆਇਆ ਤੇ ਉਹਨੇ ਉਸ ਨਾਲ ਹੀ ਵਿਆਹ ਕਰ ਲਿਆ। ਏਸ ਲਈ ਮੈਂ ਫ਼ੈਸਲਾ ਕੀਤਾ ਏ, ਵਿਆਹ ਨਹੀਂ ਕਰਨਾ।'

'ਕੁੜੀ ਕੌਣ ਸੀ ?'

'ਸਾਕਾਂ ਵਿਚੋਂ ਸੀ। ਪਾਕਪਟਨੋ ਲਿਆਏ ਸਾਂ।'

'ਬਾਲ ਵੀ ਸਨ ਭਰਾ ਤੋਂ ?'

'ਬਾਲ ਵੀ ਸਨ। ਦੋ ਸਨ। ਪਿਉ ਕੋਲੇ ਨੇ।'



'ਗੁਲਾਮ ਰਸੂਲ ਤਾਂ ਉਹ ਥਾਂ ਛੱਡ ਗਿਆ ਹੋਣਾ ਏਂ ?'

'ਉਥੇ ਈ ਰਹਿੰਦਾ ਏ। ਅਸੀਂ ਕਲਾਮ ਨਹੀਂ ਕਰਦੇ।'

'ਤੇ ਉਹ ਕੁੜੀ ?'

'ਉਹ ਵੀ ਨਾਲ ਰਹਿੰਦੀ ਏ।'

ਐਵੇਂ ਬੱਦਲ ਦੇ ਇਕ ਟੋਟੇ ਸੂਰਜ ਅੱਗੇ ਅੜੀ ਕੀਤੀ ਤੇ ਇਕ ਪਲ ਲਈ ਦਰਿਆ ਤੇ ਅਸਮਾਨ ਦਾ ਰੰਗ ਇਕੋ ਜਿਹਾ ਹੋ ਗਿਆ ਤੇ ਪਾਰ ਸਾਵੇ ਰੁੱਖਾਂ ਦਾ ਰੰਗ ਹੋਰ ਵੀ ਗੂੜ੍ਹਾ।

ਇਚਰਾਂ ਨੂੰ ਦੋ ਭੱਜੇ ਆਉਂਦੇ ਮੁੰਡਿਆਂ ਦੀਆਂ ਵਾਜਾਂ ਆਈਆਂ। ਇਕ ਦਮ ਕੋਲ ਈ ਆ ਕੇ ਇਕ ਗੁੱਡੀ ਡਿੱਗੀ। ਦੋਵੇਂ ਨੱਸਦੇ ਮੁੰਡੇ ਨਾਲੋਂ ਨਾਲ ਗੁੱਡੀ ਉੱਤੇ ਡਿੱਗੇ।

ਗੁੱਡੀ ਸਾਡੇ ਕੋਲ ਹੀ ਡਿੱਗੀ ਸੀ ਪਰ ਉਧਰ ਧਿਆਨ ਨਾ ਹੋਵਣ ਨਾਲ ਪਤਾ ਨਾ ਲੱਗਾ। ਇਕ ਕੁਝ ਵੱਡੀ ਉਮਰ ਦੇ ਮੁੰਡੇ ਗੁੱਡੀ ਨੂੰ ਫੜ ਲਿਆ ਤੇ ਦੂਜਾ ਜਿਹੜਾ ਕੁਝ ਹੌਲੀ ਉਮਰ ਦਾ ਸੀ, ਉਸ ਨਾਲ ਲੜੇ ਤੇ ਵਾਰ ਵਾਰ ਗੁੱਡੀ ਵੱਲ ਹੱਥ ਵਧਾਏ ਤੇ ਆਖੀ ਜਾਏ :

'ਪਹਿਲੇ ਮੈਂ ਗੁੱਡੀ ਨੂੰ ਫੜਿਆ ਏ।' ਉਹ ਹੱਥ ਅਗਾਂਹ ਕਰਕੇ ਉਹਦੇ ਕੋਲੋਂ ਗੁੱਡੀ ਖੋਹਣ ਦੀ ਕਰੇ ਤੇ ਦੂਜਾ ਮੁੰਡਾ ਉਹਨੂੰ ਪਰ੍ਹਾਂ ਧੱਕਦਾ ਅਗਾਂਹ ਨੂੰ ਨੱਸੀ ਜਾਵੇ।

ਗੁੱਡੀ ਪਿੱਛੇ ਨੱਸਣ ਨਾਲ ਦੋਵਾਂ ਨੂੰ ਸਾਹ ਚੜ੍ਹੇ ਸਨ। ਉਭੇ ਉਭੇ ਸਾਹ ਲੈਂਦੇ ਲੜਦੇ ਉਹ ਸ਼ਹਿਰ ਵੱਲ ਮੂੰਹ ਕਰ ਨੱਸੀ ਗਏ। ਨਿੱਕਾ ਮੁੰਡਾ ਨੱਸਦਾ ਕਹੀ ਜਾਵੇ;

'ਤੂੰ ਰੋਂਦ ਮਾਰੀ ਏ। ਗੁੱਡੀ ਪਹਿਲੇ ਮੈਂ ਫੜੀ ਸੀ। ਤੂੰ ਰੋਂਦ ਮਾਰੀ ਏ। ਤੂੰ ਰੋਂਦ ਮਾਰੀ ਏ।' ਉਹਦੀ ਵਾਜ ਸਾਰੀ ਥਾਂ ਖਿੱਲਰ ਗਈ। ਮੈਨੂੰ ਲੱਗਾ ਜੇ ਮੈਂ ਚਾਹੁੰਦਾ ਤਾਂ ਨਿੱਕੇ ਮੁੰਡੇ ਨਾਲ ਰਲ ਕੇ ਉਹਨੂੰ ਗੁੱਡੀ ਦਿਵਾ ਸਕਦਾ ਸਾਂ। ਐਵੇਂ ਮੈਨੂੰ ਪਿੱਛੋਂ ਦੀ ਇਹ ਵਾਜ ਆਈ;

'ਤੂੰ ਰੋਂਦ ਮਾਰੀ ਏ।' ਪਰ ਪਿਛਾਂਹ ਕੁਝ ਨਹੀਂ ਸੀ।

ਸੁੱਥਣ ਧੋਂਦਾ ਮੁੰਡਾ ਕਦ ਦਾ ਉੱਠ ਕੇ ਤੁਰ ਗਿਆ ਸੀ। ਬਸ ਦਰਿਆ ਸੀ ਤੇ ਚੁੱਪ ਚੁਪੀਤਾ ਵਗਦਾ ਪਾਣੀ ਪਰ ਕੋਲ ਖਲੋਤਿਆਂ ਪਾਣੀ ਦੀ ਟੋਰ ਅੰਦਰੋਂ ਅੰਦਰੀ ਤ੍ਰਿਖੀ ਜਾਪੀ।

## ਘਰ ਦੀ ਤਲਾਸ਼

ਦੁਪਹਿਰੇ ਮੋਟਰ ਸਾਇਕਲ ਉੱਤੇ ਘਰ ਆਉਂਦਾ ਪਿਆ ਸਾਂ। ਲਾਹੌਰ ਸ਼ਹਿਰ ਦੀਆਂ ਸੜਕਾਂ ਉੱਤੇ ਉਸ ਵੇਲੇ ਭੀੜ ਚੋਖੀ ਹੁੰਦੀ ਏ। ਦਫ਼ਤਰਾਂ ਤੇ ਕੰਮਾਂ ਕਾਰਾਂ ਤੋਂ ਵਿਹਲੇ ਹੋਏ ਲੋਕ ਆਪਣਿਆਂ ਰੂਟਾਂ ਦੀਆਂ ਵੈਗਨਾਂ ਦੀ ਉਡੀਕ ਵਿਚ ਜਿਵੇਂ ਫਾਹੇ ਲੱਗੇ ਹੁੰਦੇ ਨੇ। ਹੱਦੋਂ ਵਧੀ ਕਸੜ ਮਸੜ ਤੇ ਇਕ ਦੂਜੇ ਤੋਂ ਅਗਾਂਹ ਲੰਘਣ ਦੀ ਕਾਹਲ ਨਾਲ ਡਰਾਈਵਰ ਛਿੱਥੇ ਪੈ ਜਾਂਦੇ ਹਨ ਜਿਵੇਂ ਕਿਤੇ ਕੋਈ ਅਣਹੋਣੀ ਵਾਪਰ ਗਈ ਹੋਵੇ ਤੇ ਸਭੇ ਉਧਰ ਈ ਨੱਸੀ ਜਾਂਦੇ ਪਏ ਹੋਵਣ।

ਭਾਟੀ ਦੀ ਸੌੜੀ ਭੀੜ ਤੋਂ ਨਿਕਲਦੇ ਦਿਲ ਕਈ ਵਾਰ ਘਟਿਆ, ਕਾਹਲਾ ਪਿਆ ਤੇ ਹਾਰਿਆ। ਅੰਤਾਂ ਦੇ ਧੂੰਏਂ ਤੇ ਖੱਪ ਰੌਲੇ ਨਾਲ ਮੂੰਹ ਧੁਆਂਖਿਆ ਗਿਆ ਤੇ ਦਿਮਾਗ਼ ਖ਼ਾਲੀ ਹੋ ਗਿਆ। ਯਾਦਗਾਰ ਟੱਪ ਅਜੇ ਮਸਾਂ ਸਾਹ ਲਿਆ ਹੋਣਾ ਏ ਕਿ ਬਾਬਾ ਛਤਰੀ ਵਾਲੇ ਦੇ ਬੱਸ ਸਟਾਪ ਲਾਗੇ ਇਕ ਬਾਲ ਓਮਨੀ ਬੱਸ ਤੋਂ ਡਿੱਗਦਾ ਨਜ਼ਰੀਂ ਪਿਆ। ਪਹਿਲਾ ਮੈਂ ਇਵੇਂ ਡਿੱਗਦੇ ਬਾਲ ਨੂੰ ਤੱਕਿਆ ਤੇ ਅਗਾਂਹ ਲੰਘਣ ਦੀ ਕੀਤੀ ਪਰ ਵਲਾਉਣ ਨਾ ਹੋਇਆ ਤੇ ਮੋਟਰ ਸਾਇਕਲ ਪਰਤਾ ਲਈ। ਦੋ ਵਡੇਰੇ ਬਾਬੇ ਹੇਠ ਡਿੱਗੇ ਬਾਲ ਨੂੰ ਚੁੱਕ ਆਸਰਾ ਦੇਵਣ ਦਾ ਚਾਰਾ ਕਰਦੇ ਪਏ ਸਨ। ਬਾਲ ਮਸਾਂ ਸੱਤਾਂ ਅੱਠਾਂ ਵਰ੍ਹਿਆਂ ਦਾ ਹੋਸੀ।

ਉਹ ਭਾਵੇਂ ਪਿਛਲੇ ਪਹੀਏ ਹੇਠ ਵੀ ਆ ਸਕਦਾ ਸੀ। ਬੱਸ ਦੇ ਬੂਹੇ ਉੱਤੇ ਮੁੰਡੇ ਕਿਸੇ ਗੁੰਝਲ ਵੇਲ ਵਾਂਗਰ ਇੰਜ ਲਮਕਦੇ ਪਏ ਸਨ ਕਿ ਉਹ ਬੂਹੇ ਦੀ ਕਿਸੇ ਥਾਂ ਨੂੰ ਹੱਥ ਹੀ ਪਾਉਂਦਾ ਰਹਿ ਗਿਆ ਤੇ ਘੁਸਰਦਾ ਲੱਗ ਗਿਆ। ਬਹੁਤੀਆਂ ਸੱਟਾਂ ਤਾਂ ਨਹੀਂ ਸਨ ਲੱਗੀਆਂ ਪਰ ਬਾਲ ਹੋਵਣ ਕਰਕੇ ਉਹ ਬਾਘਾ ਟੱਡ ਰੋਵਣ ਲੱਗ ਪਿਆ। ਖ਼ੌਰੇ ਇੰਜ ਰੋਵਣ ਵਿਚ ਉਹਦਾ ਐਨਾ ਆਹਰ ਕਰਨ ਤੇ ਫੇਰ ਵੀ ਬੱਸ ਖੁੰਝਾ ਦੇਵਣ ਦਾ ਹਿਰਖ ਵੀ ਹੋਵੇ। ਥੱਲੇ ਘਿਸਰਣ ਨਾਲ ਉਹਦੀ ਸੱਜੀ ਬਾਂਹ ਦੀ ਅਰਕ ਮਾੜੀ ਜਿਹੀ ਛਿੱਲੀ ਗਈ ਤੇ ਸਕੂਲ ਦੀ ਵਰਦੀ ਤੇ ਗਲ ਵਿਚ ਪਾਇਆ ਬਸਤਾ ਘੱਟੋ ਘੱਟੀ ਹੋ ਗਏ। ਦੋਵੇਂ ਬਾਬੇ ਤਸੱਲਾ ਦੇਂਦੇ, ਕਪੜੇ ਝਾੜਦੇ ਉਹਨੂੰ ਚੁੱਪ ਕਰਾਉਣ ਲਈ ਪਰਚਾਂਦੇ ਰਹੇ। ਦੂਜੇ ਲੋਕ ਨਿਰਾ ਵੇਖਦੇ ਲੰਘਦੇ ਰਹੇ। ਮੋਟਰ ਸਾਇਕਲ ਉੱਤੇ ਬੈਠੇ ਬੈਠੇ ਹੀ ਮੈਂ ਪੁੱਛਿਆ :

'ਕਿਥੇ ਜਾਣਾ ਏਂ ਤੂੰ ?'

ਬਾਲ ਦੀ ਥਾਂ ਬਾਬਿਆਂ ਵਿਚੋਂ ਇਕ ਬੋਲਿਆ :



'ਰੁਸਤਮ ਪਾਰਕ, ਸ਼ਾਹਰਦੇ ਮੋੜ ਤੋਂ ਅੱਗੇ, ਧੱਕਾ ਦਿੱਤਾ ਏ ਬਾਲ ਨੂੰ ਕਿਸੇ। ਸ਼ੁਕਰ ਰੱਬ ਦਾ ਪਿੱਛੋਂ ਕੋਈ ਗੱਡੀ ਨਹੀਂ ਆਈ। ਥੱਲੇ ਆ ਜਾਣਾ ਸੀ ਇਹਨੇ।'

ਇਹ ਗੱਲ ਠੀਕ ਸੀ। ਜਿਵੇਂ ਉਹ ਬੱਸ ਵਿਚੋਂ ਚਿੜੀ ਦੇ ਬੋਟ ਵਾਂਗਰ ਚਾਣਚਕ ਡਿੱਗਾ, ਜੇ ਪਿੱਛੇ ਕੋਈ ਤ੍ਰਿਖੀ ਗੱਡੀ ਆਉਂਦੀ ਹੁੰਦੀ, ਇਹਨੇ ਥੱਲੇ ਆ ਜਾਣਾ ਸੀ।

ਰੋਂਦੇ ਬਾਲ ਨੂੰ ਵੇਖ ਮੈਂ ਸੋਚਿਆ ਇਹਨੂੰ ਘਰ ਛੱਡ ਹੀ ਆਵਾਂ। ਨਾਲੇ ਸੱਟ ਵੀ ਲੱਗੀ ਏ ਇਹਨੂੰ। ਉਸ ਨੂੰ ਹੱਥ ਵਧਾ ਆਸਰਾ ਦੇ ਮੈਂ ਮੋਟਰ ਸਾਇਕਲ ਉੱਤੇ ਪਿੱਛੇ ਬਹਾ ਲਿਆ। ਬਾਬੇ ਮੈਨੂੰ ਅਸੀਸਾਂ ਦੇਂਦੇ ਉਹਨੂੰ ਘਰ ਅਪੜਾਣ ਦਾ ਇੰਜ ਆਖਣ ਜਿਵੇਂ ਮੇਰੀ ਉਹਨਾਂ ਨਾਲ ਬੜੀ ਗੂੜ੍ਹ ਏ ਤੇ ਉਹ ਮੈਨੂੰ ਕੋਈ ਕੰਮ ਦੇ ਟੋਰਦੇ ਹੋਵਣ। ਜਾਂ ਖ਼ੌਰੇ ਇਹ ਬੰਦਿਆਂ ਦਾ ਅਣਡਿੱਠਾ ਕੋਈ ਅਜਿਹਾ ਸਾਂਗਾ ਏ ਜਿਹੜਾ ਅਸੀਂ ਕਦੇ ਸਾਂਝਾ ਨਹੀਂ ਕਰਦੇ ਤੇ ਜੇ ਕਰੀਏ ਤੇ ਬਿਨਾਂ ਗੱਲ ਕੀਤਿਆਂ, ਬਿਨਾਂ ਜਾਣਿਆਂ ਸਾਹ ਨਾਲ ਹਵਾ ਵਾਂਗੂੰ ਰਚ ਜਾਂਦਾ ਏ ਤੇ ਸਾਰ ਹੁੰਦੀ ਏ ਪਈ ਇਹ ਤਾਂ ਉਥੇ ਈ ਹੁੰਦਾ ਏ। ਅਸੀਂ ਸੁਚੇਤ ਨਹੀਂ ਰਹਿੰਦੇ।

ਬਾਬੇ ਵਾਰ ਵਾਰ ਇਹੋ ਆਖੀ ਜਾਣ, 'ਪੁੱਤਰਾ ਘਰ ਅਪੜਾ ਕੇ ਜਾਵੀਂ। ਘਰ ਈ ਅਪੜਾਵੀਂ।' ਨਾਲੇ ਬਾਲ ਦੇ ਸਿਰ ਉਪਰ ਹੱਥ ਫੇਰਦੇ ਚੁੱਪ ਕਰਾਉਣ ਦਾ ਤਰਲਾ ਮਾਰੀ ਜਾਣ। ਰੋਂਦੇ ਬਾਲ ਨੂੰ ਪਿੱਛੇ ਬਿਠਾ ਮੋਟਰ ਸਾਇਕਲ ਚਲਾਉਂਦਾ ਮੈਂ ਨਾਲੋ ਨਾਲ ਉਹਨੂੰ ਤਸੱਲੀ ਦੇਂਦਾ ਰਿਹਾ।

'ਤੈਨੂੰ ਘਰੇ ਈ ਛੱਡ ਕੇ ਆਵਾਂਗਾ।' ਉਹ ਹੰਝੂ ਕੇਰਦਾ, ਡੁਸਕਦਾ ਵਿਚ ਵਿਚ ਇਹ ਵੀ ਆਖੇ, 'ਉਹਨਾਂ ਧੱਕਾ ਦਿੱਤਾ ਏ। ਉਹਨਾਂ ਧੱਕਾ ਦਿੱਤਾ ਏ।' ਮੈਨੂੰ ਕੌੜ ਤਾਂ ਚੋਖੀ ਆਈ। ਨਿੱਕੇ ਜਿਹੇ ਬਾਲ ਨੂੰ ਧੱਕਾ ਦੇ ਦਿੱਤਾ। ਫੇਰ ਸੋਚਾਂ ਐਨੇ ਨਿੱਕੇ ਬਾਲਾਂ ਨੂੰ ਲੋਕ ਕਿਵੇਂ ਇਕੱਲਿਆਂ ਸਕੂਲ ਘੱਲ ਦੇਂਦੇ ਨੇ ? ਕਦੀ ਸੋਚਾਂ ਇਹ ਇਕੱਲੇ ਕਿਵੇਂ ਇਹਨਾਂ ਬੱਸਾਂ ਵਿਚ ਸਫ਼ਰ ਕਰ ਲੈਂਦੇ ਹਨ ? ਸਾਡੇ ਤੋਂ ਅਗਾਂਹ ਇਕ ਬੱਸ ਜਾਂਦੀ ਪਈ ਸੀ। ਇਵੇਂ ਲੱਗਾ ਇਹੋ ਬੱਸ ਹੋਣੀ ਏ, ਜਿਸ ਵਿਚੋਂ ਬਾਲ ਡਿੱਗਾ ਏ। ਨਾਲੇ ਬਹੁਤਾ ਚਿਰ ਵੀ ਨਹੀਂ ਸੀ ਹੋਇਆ।

ਮੋਟਰ ਸਾਇਕਲ ਤ੍ਰਿਖੀ ਕਰ ਮੈਂ ਬਸ ਕੋਲ ਨੇੜੇ ਹੋਵਣ ਦੀ ਕੀਤੀ ਤੇ ਉੱਚੀ ਉੱਚੀ ਪੁੱਛੀ ਗਿਆ।

'ਬੱਸ ਵਿਚੋਂ ਕਿਹਨੇ ਇਹਨੂੰ ਧੱਕਾ ਦਿੱਤਾ ਏ ? ਕਿਹਨੇ ਧੱਕਾ ਦਿੱਤਾ ਏ ਇਹਨੂੰ। ਸ਼ਰਮ ਨਹੀਂ ਆਉਂਦੀ ਤੁਹਾਨੂੰ ?' ਫੇਰ ਬੋਲ ਕਬੋਲ ਕਰਦਾ, ਫੱਕੜ ਤੋਲਦਾ, ਮਾਂ ਭੈਣ ਪੁਣਨ ਲੱਗ ਪਿਆ। ਬਸ ਵਿਚ ਬੈਠੇ ਬੰਦੇ ਓਪਰੀਆਂ ਨਜ਼ਰਾਂ ਨਾਲ ਤੱਕਦੇ ਰਹੇ ਪਰ ਬੋਲਿਆ ਕੋਈ ਨਾ। ਮੈਨੂੰ ਵਿਸ ਵਾਂਗ ਕੌੜ ਚੜ੍ਹਦੀ ਜਾਂਦੀ ਸੀ ਤੇ ਮੈਂ ਏਸ ਦੇ ਆਉਣ ਦਾ ਜਾਣੂ ਸਾਂ। ਇਹ ਇੰਜ ਹੀ ਆਉਂਦੀ ਏ ਸ਼ੂਟਾਂ ਵੱਟਦੀ ਤੇ ਮੈਂ ਏਸ ਦਾ ਰਾਹ ਡੱਕਦਾ ਨਹੀਂ, ਡੱਕ ਨਹੀਂ ਸਕਦਾ। ਮੈਨੂੰ ਖ਼ਬਰ ਸੀ ਕਿ ਇਹ ਕਿਹੜੀ ਗੱਲ ਦੀ ਕੌੜ ਏ। ਇਹ ਸਗਵੀ ਬਾਲ ਦੀ ਕੌੜ ਨਹੀਂ ਸੀ। ਅਸਲੋਂ ਕੌੜ ਦਫ਼ਤਰ ਸਾਰਾ ਦਿਨ ਖੱਜਲ ਖਵਾਰ ਹੋਵਣ ਦੀ ਸੀ। ਜਿਥੇ ਮੈਂ ਪਿਛਲੇ ਕਈ ਦਿਨਾਂ ਤੋਂ ਰੋਜ਼ ਇਕ ਕੰਮ ਪਾਰੋਂ ਜਾਂਦਾ ਤੇ ਬਿਨਾਂ ਕੰਮ ਹੋਇਆਂ ਸੱਖਣੇ ਦਿਲ ਨਾਲ ਪਰਤ ਆਉਂਦਾ। ਅੱਜ ਅਖ਼ੀਰ ਹੋ ਗਈ। ਮੈਂ ਖਹਿਬੜ ਪਿਆ। ਇਕ ਦੋ ਦਿਨ ਤਾਂ ਦਫ਼ਤਰ ਦੇ ਸਾਰੇ ਕਮਰੇ ਫਿਰਦਾ ਰਿਹਾ। ਇਕ ਕਮਰੇ ਜਾਵਾਂ ਤੇ ਉਹ ਦੂਜੇ ਘੱਲ

ਦੇਵਣ। ਦੂਜੇ ਜਾਵਾਂ ਦੇ ਤੀਜੇ ਦਾ ਆਖਣ। ਤੀਜੇ ਕਮਰੇ ਬੰਦਾ ਸੀਟ ਉੱਤੇ ਨਾ ਹੋਵੇ। ਰੋਜ਼ ਇੰਜ ਹੀ ਹੁੰਦਾ। ਰੋਜ਼ ਇੰਜ ਹੀ ਹੁੰਦਾ। ਇਕ ਨਾ ਇਕ ਬੰਦਾ ਸੀਟ ਉੱਤੇ ਨਾ ਹੁੰਦਾ ਤੇ ਕਈ ਕਈ ਘੰਟੇ ਉਡੀਕ ਕੇ ਪਰਤ ਆਉਂਦਾ। ਅਖ਼ੀਰ ਅੱਜ ਆਪਣੇ ਕੰਮ ਵਾਲਾ ਕਮਰਾ ਮੈਂ ਲੱਭ ਹੀ ਲਿਆ। ਇਕ ਬੰਦੇ ਗੱਲ ਵੀ ਸੁਣੀ। ਕੁਝ ਹੋਇਆ ਹਵਾਇਆ ਵੀ। ਪਰ ਰਹਿੰਦਾ ਕੰਮ ਮੁੜ ਅਗਲੇ ਬੰਦੇ ਕੋਲ। ਫੇਰ ਸੀਟ ਉੱਤੇ ਅਗਲਾ ਕੋਈ ਨਾ। ਮਿਥਿਆ, ਅੱਜ ਨਹੀਂ ਪਰਤਣਾ। ਉਡੀਕਦਾ ਰਿਹਾ। ਅਖ਼ੀਰ ਬੰਦਾ ਆਪਣੀ ਸੀਟ ਉੱਤੇ ਆ ਹੀ ਗਿਆ। ਉਹਨੂੰ ਨਾ ਪਤਾ ਹੋਵੇ ਕੋਈ ਉਡੀਕਦਾ ਖਲਾ ਏ। ਟਰਕਾਣ ਦੀ ਗੱਲ ਉੱਤੇ ਮੈਂ ਗਲਮਿਓਂ ਨੱਪ ਲਿਆ ਉਹਨੂੰ। ਰੌਲਾ ਪੈ ਗਿਆ। ਚਾਹੁੰਦਾ ਨਹੀਂ ਸਾਂ ਇੰਜ ਹੋਵੇ। ਕਦੇ ਵੀ ਨਹੀਂ ਚਾਹੁੰਦਾ ਇੰਜ ਹੋਵੇ। ਇੰਜ ਕੰਮ ਨਹੀਂ ਹੋਣਾ ਸੀ। ਇੰਜ ਕੰਮ ਨਹੀਂ ਹੁੰਦਾ। ਪਰ ਅੱਜ ਗੱਲ ਹੱਥੋਂ ਬਾਹਰੀ ਹੋ ਗਈ। ਉਹਨਾਂ ਨੱਪ ਮੈਨੂੰ ਅਫ਼ਸਰ ਅੱਗੇ ਪੇਸ਼ ਜਾ ਕੀਤਾ। ਅਫ਼ਸਰ ਚੁੱਪ ਚੁਪੀਤਾ, ਮੇਰੇ ਵੱਲ ਤੱਕੇ ਬਿਨਾਂ ਗੱਲ ਸੁਣਦਾ ਵਿਚੋਂ ਹੀ ਉੱਠ ਕੇ ਟੁਰ ਗਿਆ ਤੇ ਉਹਨਾਂ ਮੈਨੂੰ ਦਫ਼ਤਰੋਂ ਬਾਹਰ ਜਾ ਸੁੱਟਿਆ। ਮੈਂ ਵੱਡੇ ਅਫ਼ਸਰ ਕੋਲ ਜਾਸਾਂ। ਉਸ ਤੋਂ ਵੱਡੇ ਕੋਲ। ਉਸ ਤੋਂ ਵੱਡੇ... ਸਭ ਤੋਂ ਵੱਡੇ...ਵਜ਼ੀਰ ਨੂੰ ਚਿੱਠੀ ਪਾਸਾਂ...ਸਦਰ ਅੱਗੇ ਅਰਜ਼...ਖਹਿੰਦਾ, ਖਿਝਦਾ, ਖਪਦਾ, ਕੌੜ ਖਾਂਦਾ ਪਰਤ ਆਇਆ। ਕੁਝ ਵੀ ਨਹੀਂ ਹੋਣਾ। ਕੁਝ ਵੀ ਕਰਨ ਜੋਗਾ ਨਹੀਂ ਆਂ ਮੈਂ। ਕੌੜ...ਕੌੜ...ਕੰਮ ਨਾ ਹੋਵਣ ਦੀ...ਕੁਝ ਨਾ ਹੋਵਣ ਦੀ...ਭੀੜ ਦੀ...ਧੂੰਏਂ ਦੀ...ਖੱਪ ਦੀ।

ਏਸੇ ਕੌੜ ਵਿਚ ਮੈਂ ਸ਼ਾਹਦਰੇ ਮੋੜ ਤੋਂ ਸਿੱਧਾ ਮੋਟਰ ਸਾਇਕਲ ਭਜਾਈ ਲਗਾ ਗਿਆ। ਏਵੇਂ ਆਪਣੇ ਪਿੰਡੇ ਨਾਲ ਇਕ ਹੋਰ ਪਿੰਡੇ ਦੀ ਨਰਮੈਸ਼ ਲੱਗੀ ਤੇ ਮੈਂ ਪਘਰਣ ਲੱਗ ਪਿਆ। ਪਿੱਛੇ ਬੈਠਾ ਘੁੱਟ ਕੇ ਜੱਫੀ ਪਾਈ ਬਾਲ ਹੁਣ ਰੋਣ ਦੀ ਥਾਂ ਡੁਸਕ ਰਿਹਾ ਸੀ। ਭੱਜੀ ਜਾਂਦੀ ਮੋਟਰ ਸਾਇਕਲ ਅਤੇ ਮਲੂਕ ਸਰੀਰ ਦੀ ਨਿੱਘ ਅੰਦਰ ਲਹਿੰਦੇ ਮੈਨੂੰ ਹੌਲਾ ਜਿਹਾ ਕਰ ਦਿੱਤਾ। ਮੈਨੂੰ ਪਿੱਛੇ ਬੈਠਾ ਬਾਲ ਚੇਤੇ ਆਇਆ ਤੇ ਮੈਂ ਉਸ ਨੂੰ ਪੁੱਛਿਆ, 'ਕਿਥੇ ਘਰ ਏ ਤੇਰਾ ?' ਉਹ ਇਹੋ ਆਖੀ ਜਾਵੇ, 'ਅਗਲਾ ਸਟਾਪ ਛੱਡ ਕੇ। ਸਾਹਮਣੇ ਗਲੀ ਵਿਚ ਸਾਡਾ ਮਕਾਨ ਏ।' ਪਰ ਨਾ ਉਹਦਾ ਸਟਾਪ ਆਵੇ, ਨਾ ਗਲੀ ਨਾ ਮਕਾਨ। ਮੈਂ ਮੁੜ ਮੁੜ ਪੁੱਛਾਂ, ਉਹ ਇਹੋ ਆਖੀ ਜਾਵੇ। ਐਵੇਂ ਮੇਰਾ ਖ਼ਿਆਲ ਸੀ ਕਿ ਇਹਨੂੰ ਘਰ ਦਾ ਪਤਾ ਤਾਂ ਹੋਣਾ ਏ। ਅਖ਼ੀਰ ਅਬਾਦੀ ਮੁੱਕ ਗਈ ਤੇ ਮੈਂ ਸੋਚਿਆ ਕਿਸੇ ਤੋਂ ਪੁੱਛ ਹੀ ਲਵਾਂ। ਮੋਟਰ ਸਾਇਕਲ ਹੌਲੀ ਕਰਾਂ ਤੇ ਉਹ ਖਪ ਪਾ ਦੇਵੇ, 'ਅੱਗੇ ਅੱਗੇ। ਅੱਗੇ ਏ। ਮੈਨੂੰ ਏਥੇ ਨਾ ਉਤਾਰੋ। ਘਰ ਛੱਡ ਆਉ ਚਾਚਾ ਜੀ।' ਨਾਲੇ ਪਿੱਛੋਂ ਹੋਰ ਘੁੱਟ ਕੇ ਫੜ ਲਵੇ। ਉਹਨੂੰ ਸੱਟਾਂ ਵੀ ਲੱਗੀਆਂ ਹੋਈਆਂ ਸਨ ਪਰ ਹੁਣ ਰੋਵੇ ਨਾ ਬਸ ਘਰ ਜਾਣ ਦੀ ਅੜੀ ਕਰੇ। ਮੋਟਰ ਸਾਇਕਲ ਚਲਾਉਂਦੇ ਮੈਨੂੰ ਕਿੰਨਾ ਹੀ ਵੇਲਾ ਹੋ ਗਿਆ ਹੋਣਾ ਏ ਤੇ ਇਉਂ ਲੱਗਾ ਖ਼ੌਰੇ ਕਿੰਨਾ ਹੀ ਵੇਲਾ ਲੰਘ ਗਿਆ ਏ। ਕਿੰਨਾ ਈ ਵੇਲਾ। ਪਿੱਛੇ ਬਹਾਏ ਫੱਟੜ ਬਾਲ ਨਾਲ ਜਿਹਨੇ ਘੁੱਟ ਕੇ ਮੈਨੂੰ ਫੜਿਆ ਹੋਇਆ ਸੀ, ਅਸੀਂ ਖੌਰੇ ਕਦ ਤੋਂ ਘਰ ਪਏ ਲੱਭਦੇ ਸਾਂ। ਕਦੋਂ...ਕਿੰਨੇ ਚਿਰਾਂ ਤੋਂ...ਇੰਜ ਲਗਦਾ ਏ ਇਹ ਫੱਟੜ ਬਾਲ ਖੌਰੇ ਮੇਰੇ ਵਜੂਦ ਦਾ ਹੀ ਕੋਈ ਅੰਗ ਏ ਤੇ ਅਸੀਂ ਪਤਾ ਨਹੀਂ ਕਦੋਂ ਤੋਂ ਆਪਣਾ ਘਰ ਲੱਭਦੇ ਪਏ ਆਂ। ਖ਼ੌਰੇ ਕਦ ਤੋਂ...?

ਸ਼ਾਹਦਰੇ ਦੀ ਆਬਾਦੀ ਮਗਰੋਂ ਨਿਰੀ ਖ਼ਾਲੀ ਸੜਕ ਸੀ। ਇਕ ਦੋ ਬੰਦਿਆਂ ਕੋਲੋਂ



ਪੁੱਛ ਮੈਂ ਮੋਟਰ ਸਾਇਕਲ ਮੋੜ ਲਈ। ਮੈਨੂੰ ਕੁਝ ਕੁਝ ਸ਼ੱਕ ਪੈਣ ਲੱਗ ਪਿਆ, ਘਰ ਦਾ ਇਹਨੂੰ ਨਹੀਂ ਪਤਾ। ਅਗਾਂਹ ਕੁਝ ਆਬਾਦੀ ਆਈ ਤੇ ਫਾਟਕ ਉੱਤੇ ਰਾਹ ਬੰਦ ਸੀ। ਗੱਲਾਂ ਕਰਦਾ ਕਰਦਾ ਵਿਚ ਵਿਚ ਬਸ ਰੁਸਤਮ ਪਾਰਕ ਦਾ ਉਹ ਨਾਂ ਲਵੇ। ਮੈਂ ਰੁਸਤਮ ਪਾਰਕ ਦਾ ਪੁੱਛਣ ਲੱਗ ਪਿਆ। ਪਾਟੇ ਲੀੜੇ ਤੇ ਸੱਟਾਂ ਵੇਖ ਲੋਕ ਉਹਦੇ ਵੱਲ ਵੇਖਣ ਲੱਗ ਪਏ। ਇਕ ਵੱਡੀ ਪਜਾਰੋ ਵਿਚ ਕੁਝ ਸਵਾਣੀਆਂ ਹੈਰਾਨੀ ਨਾਲ ਸਾਨੂੰ ਤੱਕਣ ਪਈਆਂ। ਮੋਟਰ ਸਾਇਕਲ ਸੜਕ ਤੋਂ ਇਕ ਪਾਸੇ ਖੜ੍ਹੀ ਕਰ ਉਹਦੇ ਬਸਤੇ ਨੂੰ ਫਰੋਲਣ ਲੱਗ ਪਿਆ। ਕੋਈ ਨਾਂ ਪਤਾ ਮਿਲੇ ਪਰ ਸਕੂਲ ਜਮਾਤ ਤੇ ਬਾਲ ਦੇ ਨਾਂ ਤੋਂ ਅੱਡ ਹੋਰ ਕੁਝ ਵੀ ਨਾ ਲੱਭਿਆ। ਮੈਂ ਸਾਰੀਆਂ ਕਿਤਾਬਾਂ ਫਰੋਲ ਮਾਰੀਆਂ। ਹੁਣ ਉਹਦਾ ਡੁਸਕਣ ਵਧਦਾ ਜਾਂਦਾ ਸੀ ਤੇ ਕੁਝ ਲੋਕ ਦਵਾਲੇ ਹੋ ਕੇ ਬਾਲ ਨਾਲ ਗੱਲਾਂ ਕਰਨ ਲੱਗ ਪਏ। ਮੈਂ ਬਸਤਾ ਫਰੋਲਦਾ ਰਿਹਾ। ਅਖ਼ੀਰ ਬਾਲ ਦੇ ਮੂੰਹੋਂ ਅੱਲ੍ਹਾ ਵਾਲੀ ਥਾਂ ਦਾ ਨਾਂ ਨਿਕਲਿਆ ਤੇ ਨਾਲ ਹੀ ਇਕ ਬੰਦਾ ਬੋਲਿਆ, 'ਉਹ ਯਾਰ ਰੁਸਤਮ ਫੈਕਟਰੀ ਦੇ ਲਾਗੇ ਏ।' ਮੈਂ ਆਖਿਆ, 'ਇਹ ਰੁਸਤਮ ਪਾਰਕ ਆਖੀ ਜਾਂਦਾ ਸੀ ਤੇ ਅਸੀਂ ਰੁਸਤਮ ਪਾਰਕ ਈ ਲੱਭਦੇ ਰਹੇ।' ਹੁਣ ਉਹਦੇ ਮੂੰਹ ਉੱਤੇ ਰੁਸਤਮ ਫੈਕਟਰੀ ਚੜ੍ਹ ਗਿਆ ਤੇ ਉਹ ਕਹੀ ਜਾਵੇ ਮੈਨੂੰ ਰੁਸਤਮ ਫੈਕਟਰੀ ਛੱਡ ਆਉ।

ਘੰਟਾ ਡੂਢ ਤੋਂ ਵੱਧ ਘਰ ਲੱਭਦਿਆਂ ਸਾਨੂੰ ਹੋ ਗਿਆ ਹੋਣਾ ਏ। ਲੋਕੀ ਆਖਣ, 'ਇਹਨੂੰ ਘਰ ਈ ਛੱਡਣਾ। ਚੰਗਾ ਕੰਮ ਕਰ ਰਹੇ ਹੋ ਤੁਸੀਂ। ਬੜੀ ਨੇਕੀ ਦਾ ਕੰਮ ਕਰ ਰਹੇ ਓ।' ਜਦ ਤੋਂ ਇਹ ਮੇਰੇ ਨਾਲ ਸੀ ਪਹਿਲੀ ਵਾਰ ਮੈਂ ਉਹਨੂੰ ਨੀਝ ਨਾਲ ਤੱਕਿਆ। ਡੁਸਕਦੇ ਮੂੰਹ ਉੱਤੇ ਮਿੱਟੀ ਘੱਟਾ ਪੈਣ ਤੇ ਹੰਝੂਆਂ ਦੇ ਸੁੱਕਣ ਨਾਲ ਨਿਸ਼ਾਨ ਪੈ ਗਏ ਸਨ। ਗੋਡੇ ਵੀ ਕੁਝ ਛਿੱਲੇ ਗਏ ਸਨ। ਜੇ ਪਤਾ ਹੁੰਦਾ ਇਹਦਾ ਘਰ ਨਹੀਂ ਲੱਭਣਾ ਤੇ ਮਰ੍ਹਮ ਪੱਟੀ ਈ ਕਰਾ ਲੈਂਦਾ। ਮੇਰਾ ਹੁਣ ਇਕੋ ਮਸਲਾ ਸੀ ਬਾਲ ਨੂੰ ਉਹਦੇ ਘਰ ਅਪੜਾਣ ਦਾ। ਪਹਿਲੇ ਮੈਂ ਘਾਬਰ ਗਿਆ ਸਾਂ ਪਈ ਏਸ ਨੂੰ ਕਿਥੇ ਕਿਥੇ ਲਈ ਫਿਰਸਾਂ। ਹੁਣ ਉਹ ਬੁੱਕੀਂ ਬੁੱਕੀਂ ਰੋਣ ਲੱਗ ਪਿਆ। ਪਰ ਮੈਂ ਉਹਨੂੰ ਤਸੱਲੀ ਦਿੱਤੀ ਤੇ ਪੱਕ ਕਰਾਇਆ ਕਿ ਤੈਨੂੰ ਤੇਰੇ ਘਰ ਹੀ ਛੱਡ ਕੇ ਆਵਾਂਗਾ ਤੇ ਪਹਿਲੀ ਵਾਰ ਉਹ ਨਿਸ਼ਚਿੰਤ ਹੋ ਗਿਆ ਤੇ ਰੋਣਾ ਬੰਦ ਕਰ ਦਿੱਤਾ। ਉਹਨੂੰ ਲੱਗਾ ਕਿ ਉਹ ਮੇਰੇ ਉੱਤੇ ਵਿਸਾਹ ਕਰ ਸਕਦਾ ਏ। ਉਹ ਸਾਰੀਆਂ ਸੱਟਾਂ ਭੁੱਲ ਕੇ ਮੇਰੇ ਨਾਲ ਗੱਲਾਂ ਕਰਨ ਲੱਗ ਪਿਆ। ਮੈਂ ਉਹਨੂੰ ਪੁੱਛਿਆ, 'ਘਰ ਕੌਣ ਕੌਣ ਹੁੰਦਾ ਏ ?' ਉਸ ਦੱਸਿਆ, 'ਮਾਂ ਇਕੱਲੀ ਹੁੰਦੀ ਏ। ਅੱਬਾ ਸ਼ਾਮ ਨੂੰ ਆਉਂਦਾ ਏ।'

ਮੈਂ ਉਹਨੂੰ ਤਸੱਲੀ ਦੇਂਦਾ ਘਰ ਅਪੜਾਣ ਦੀ ਪੱਕੀ ਕਰਦਾ ਰਿਹਾ। ਹੁਣ ਉਹਨੇ ਮੈਨੂੰ ਪਿੱਛੋਂ ਹੋਰ ਘੁੱਟ ਕੇ ਨੱਪ ਲਿਆ ਤੇ ਘਰ ਦੀਆਂ ਗੱਲਾਂ ਕਰਦਾ ਰਿਹਾ ਤੇ ਅਖ਼ੀਰ ਸਾਡੇ ਵਿਚ ਉਹ ਤੁਅੱਲਕ ਉਸਰਨ ਲੱਗ ਪਿਆ ਜਿਹਦਾ ਨਾ ਕੋਈ ਨਿਸ਼ਾਨਾ ਹੁੰਦਾ ਏ ਤੇ ਨਾ ਕੋਈ ਨਾਂ। ਬਸ ਇਕ ਵਿਸਾਹ ਹੁੰਦਾ ਏ ਤੇ ਨਿੱਘ ਜਿਹੀ ਹੁੰਦੀ ਏ।

ਅਖ਼ੀਰ ਸ਼ਾਹਦਰੇ ਮੋੜ ਅੱਪੜ ਅਜੇ ਮੈਂ ਮੋਟਰ ਸਾਇਕਲ ਰੁਸਤਮ ਫੈਕਟਰੀ ਵੱਲ ਮੋੜੀ ਹੀ ਹੋਣੀ ਏ ਕਿ ਭੱਜ ਕੇ ਤਿੰਨ ਚਾਰ ਮੁੰਡੇ ਅਗਾਂਹ ਨੂੰ ਹੋਏ ਉਹ ਜਿਵੇਂ ਸਾਨੂੰ ਉਡੀਕਦੇ ਹੀ ਪਏ ਸਨ। ਇਕ ਮੁੰਡੇ ਝਬਦੇ ਪਿੱਛੇ ਬੈਠੇ ਬਾਲ ਨੂੰ ਚੁੱਕਿਆ ਤੇ ਉਹ ਸਾਰੇ ਉਹਨੂੰ ਚੁੰਮਦੇ ਦੂਜਿਆਂ ਨੂੰ, 'ਮਿਲ ਗਿਆ ਮਿਲ ਗਿਆ' ਦੀਆਂ ਵਾਜਾਂ ਲਾਉਂਦੇ ਅਗਾਂਹ ਨੂੰ ਹੀ ਨੱਸਦੇ ਗਏ। ਮੈਂ ਤੇ ਬਾਲ ਇਕ ਦੂਜੇ ਦਾ ਮੂੰਹ ਹੀ ਤੱਕਦੇ ਰਹਿ ਗਏ।

## ਵਲੀ ਅੱਲ੍ਹਾ ਗਵਾਚ ਗਿਆ ਏ

ਉਹ ਫਿੱਕੀ ਸਵੇਰ ਸੀ ਬਿਨਾਂ ਸੂਰਜੋਂ। ਠੰਡ ਨਾਲ ਠਰੂੰ ਠਰੂੰ ਕਰਦੇ, ਬਸਤਿਆਂ ਨੂੰ ਲੱਕ ਦੁਆਲੇ ਸਾਂਭਦੇ, ਤ੍ਰਿਖੇ ਪੈਰੀਂ ਅਸੀਂ ਸਕੂਲ ਜਾਂਦੇ ਪਏ ਸਾਂ। ਬਾਬਾ ਪੱਤਿਆਂ ਵਾਲਾ, ਮਾਈ ਦਵਾਤਾਂ ਵਾਲੀ ਤੇ ਸ਼ਰੀਫ ਸੌਂਫ ਆਲੇ ਦੀਆਂ ਹੱਟੀਆਂ ਅੱਗੋਂ ਛੇੜਾ ਕਰਦੇ ਮਸਾਂ ਵੇਲੇ ਸਿਰ ਸਕੂਲ ਦੇ ਵੱਡੇ ਗੇਟ ਉੱਤੇ ਅੱਪੜੇ। ਫੀਕਾ, ਕਾਲਾ, ਮੈਂ ਤੇ ਵਲੀ ਅੱਲ੍ਹਾ ਆਪਣੀ ਢਾਣੀ ਸਾਡੀ। ਸਕੂਲ ਦੀ ਪਹਿਲੀ ਸਾਂਝੀ ਦੁਆ ਮਗਰੋਂ ਵੱਡੇ ਵਿਹੜੇ ਵਿਚ ਮੁੰਡੇ ਪਲੋ ਪਲ ਆਪਣਿਆਂ ਕਮਰਿਆਂ ਵੱਲ ਜਾਂਦੇ ਪਏ ਸਨ। ਦੌੜਾਂ ਲਾਉਂਦੇ ਅਸੀਂ ਆਪਣੀ ਜਮਾਤ ਨਾਲ ਰਲਣ ਦੀ ਕੀਤੀ। ਕਿਸੇ ਮਾਸਟਰ ਸਾਨੂੰ ਤੱਕਿਆ ਨਾ। ਕਿਉਂਕਿ ਜਿਸ ਵੇਲੇ ਦੁਆ ਮਗਰੋਂ ਮੁੰਡੇ ਜਮਾਤਾਂ ਵੱਲ ਜਾਂਦੇ ਹੋਵਣ ਤਾਂ ਰੌਲਾ ਜਿਹਾ ਪਿਆ ਹੁੰਦਾ ਏ ਤੇ ਮਾਸਟਰ ਵੀ ਇਕ ਦੂਜੇ ਨਾਲ ਰਲ ਗਪੌੜੀਆਂ ਮਾਰਦੇ ਹੁੰਦੇ ਹਨ। ਹਾਂ ਪਾਲ ਵਿਚ ਜਾਂਦਿਆਂ ਮੁੰਡਿਆਂ ਵਿਚੋਂ ਜੇ ਪਿੱਛੋਂ ਕੋਈ ਕਿਸੇ ਨੂੰ ਧੱਕਾ ਦੇ ਦੇਵੇ ਜਾਂ ਵਿਚੋਂ ਐਵੇਂ ਹੀ ਕੋਈ ਹੌਲਾ ਤੇ ਮਾੜਾ ਮੁੰਡਾ ਪਾਲੋਂ ਬਾਹਰ ਡਿੱਗ ਪਵੇ ਤੇ ਉਸ ਉੱਤੇ ਸੋਟੀਆਂ ਵਰ੍ਹ ਪੈਂਦੀਆਂ ਤੇ ਇੰਜ ਆਮ ਤਾਮ ਹੁੰਦਾ ਰਹਿੰਦਾ।

ਜਮਾਤ ਵਿਚ ਵੜ ਕੇ ਅਸੀਂ ਰੋਜ਼ ਵਾਂਗ ਆਪਣੇ ਦੂਜੇ ਨੰਬਰ ਵਾਲੇ ਬੈਂਚ ਵੱਲ ਨੱਸੇ। ਸਾਰਿਆਂ ਆਪੋ ਆਪਣੇ ਬੈਂਚ ਤੇ ਡੈਸਕ ਮੱਲੇ ਹੋਏ ਸਨ। ਪ੍ਰਾਇਮਰੀ ਵਿਚ ਤਾਂ ਟਾਟ ਸਨ ਪਰ ਵੱਡੀਆਂ ਜਮਾਤਾਂ ਵਿਚ ਬੈਂਚ ਤੇ ਡੈਸਕ। ਠੰਡੇ ਠਾਰ ਬੈਂਚ ਬਸਤਿਆਂ ਨਾਲ ਸਾਫ਼ ਕਰਦੇ। ਪਹਿਲੀ ਗੱਲ ਜਿਹੜੀ ਹਵਾ ਦੇ ਠੰਡੇ ਬੁੱਲ੍ਹੇ ਵਾਂਗ ਦਿਮਾਗ਼ੋਂ ਲੰਘੀ ਉਹ ਇਹ ਸੀ ਕਿ ਪਹਿਲੇ ਪੀਰੀਅਡ ਮਾਰ ਪੈ ਗਈ ਤਾਂ ? ਕੁਝ ਤਾਂ ਪਹਿਲੇ ਹੀ ਹੱਥਾਂ ਨੂੰ ਮਲਦੇ ਤੇ ਫੂਕਾਂ ਮਾਰਦੇ ਹੋਵਣ। ਠੰਡ ਐਨੀ ਪਈ ਹੱਥ ਵਿਚ ਕਲਮ ਫੜਨ ਨਾ ਹੋਵੇ।

ਮਾਸਟਰ ਅਲਤਾਫ਼ ਦਾ ਉਰਦੂ ਦਾ ਪੀਰੀਅਡ ਸੀ। ਉਸਦੀ ਮਾਂ ਬੋਲੀ ਵੀ ਉਰਦੂ ਸੀ। ਹਮੇਸ਼ਾ ਲੱਠੇ ਦਾ ਚਿੱਟਾ ਕੁੜਤਾ ਤੇ ਪਜਾਮਾ ਪਾਉਂਦੇ ਤੇ ਪੈਰਾਂ ਵਿਚ ਮਕੈਸ਼। ਮੂੰਹ ਵਿਚ ਪਾਨ, ਮਧਰਾ ਜਿਹਾ ਕੱਦ ਤੇ ਅਝੱਕ ਅਝੱਕ ਗਲ ਨੂੰ ਬਣਾ ਸੰਵਾਰ ਕੇ ਬੋਲਣਾ। ਉਹ ਉਹਨਾਂ ਮਾਸਟਰਾਂ ਵਿਚੋਂ ਸਨ ਜਿਨ੍ਹਾਂ ਦੇ ਹੱਥ ਵਿਚ ਸੋਟੀ ਨਹੀਂ ਸੀ ਹੁੰਦੀ। ਏਸ ਪਾਰੋਂ ਮੁੰਡੇ ਉਹਨਾਂ ਤੋਂ ਬਹੁਤਾ ਨਹੀਂ ਸਨ ਤਰਾਹੁੰਦੇ। ਉਹਨਾਂ ਦਾ ਸਜ਼ਾ ਦੇਣ ਦਾ ਢੰਗ ਵੀ ਨਿਵੇਕਲਾ ਸੀ। ਸਜ਼ਾ ਦੇਣ ਵੇਲੇ ਮੁੰਡੇ ਨੂੰ ਕੋਲ ਸੱਦ ਬਹੁਤ ਨੇੜੇ ਕਰਕੇ ਕੰਨ ਨੂੰ ਐਨੀ ਮਰੋੜੀ ਦੇਂਦੇ ਕਿ ਮੁੰਡਾ ਉਹਨਾਂ ਦਵਾਲੇ ਉੱਤੇ ਥੱਲੇ ਹੁੰਦਾ ਪਰ ਉਹ ਨਾ ਆਪਣੀ ਥਾਂ ਤੋਂ



ਹਿੱਲਦੇ ਤੇ ਨਾ ਮੁੰਡੇ ਨੂੰ ਕੰਨ ਏਧਰ ਓਧਰ ਕਰਨ ਦੇਂਦੇ। ਆਪੂੰ ਉਹ ਜਮਾਤ ਵੱਲ ਮੂੰਹ ਕਰ ਹਸਾਉਣੇ ਫਿਕਰੇ ਕਸਦੇ ਰਹਿੰਦੇ। 'ਮਜ਼ਾ ਆ ਰਹਾ ਹੈ ਨਾ ? ਨਾਚਤਾ ਯੇਹ ਅੱਛਾ ਹੈ।' ਮੁੰਡਾ ਉਹਨਾਂ ਦੇ ਐਨੇ ਨੇੜੇ ਹੁੰਦਾ ਪਈ ਉਹਨਾਂ ਦੇ ਮੂੰਹ ਵਿਚੋਂ ਆਉਂਦਾ ਪਾਨ ਰਸਿਆ ਸਾਹ ਮੂੰਹ ਉੱਤੇ ਵਜਦਾ ਲਗਦਾ। ਕਈ ਵਾਰੀ ਉਹ ਢਿੱਡ ਵਿਚ ਚੂੰਢੀ ਵੱਢ ਆਪ ਨਿਸ਼ਚਿੰਤ ਹੋ, ਅਡਰੇ ਖਲੋਤੇ ਰਹਿੰਦੇ, ਮੁੰਡਾ ਪੁੱਠਾ ਸਿੱਧਾ ਹੁੰਦਾ ਤੇ ਜਮਾਤ ਹੱਸ ਹੱਸ ਦੋਹਰੀ ਤੀਹਰੀ ਹੋ ਹੋ ਜਾਂਦੀ। ਜੇ ਕੋਈ ਮੁੰਡਾ ਬਹੁਤੀ ਉੱਚੀ ਹੱਸਦਾ ਉਸਨੂੰ ਵੀ ਬੁਲਾ ਲੈਂਦੇ। ਕਿਉਂਕਿ ਚੂੰਢੀ ਵੱਢਣ ਵੇਲੇ ਉਹ ਹੌਲੀ ਹੌਲੀ ਮੂੰਹ ਵਿਚ ਛੱਲੀਆਂ ਚਿਥਦੇ ਜਮਾਤ ਵਲੇ ਤੱਕਦੇ ਰਹਿੰਦੇ। ਜਿਵੇਂ ਆਪਣੇ ਏਸ ਗੁਣੀ ਕੰਮ ਦੀ ਦਾਦ ਮੰਗਦੇ ਹੋਵਣ। ਵੇਖੋ ਮੈਂ ਕਿੰਨੇ ਸੁਹਣੇ ਢੰਗ ਨਾਲ ਕਰਦਾ ਆਂ ਇਹ ਕੰਮ। ਉਹਨਾਂ ਮੂਜਬ ਇਕ ਅਟਕਲ, ਇਕ ਚੱਜ ਤੇ ਗੁਣ ਸੀ ਉਹਨਾਂ ਦੇ ਸਜ਼ਾ ਦੇਵਣ ਵਿਚ ਤੇ ਇਹ ਗੁਣ ਉਹਨਾਂ ਕਈ ਵਰ੍ਹੇ ਸਕੂਲ ਦੀ ਨੌਕਰੀ ਕਰਨ ਪਿੱਛੋਂ ਕਮਾਇਆ ਸੀ।

ਕਦੀ ਕਦੀ ਉਹਨਾਂ ਨੂੰ ਬਹੁੰ ਕੌੜ ਵੀ ਚੜ੍ਹ ਜਾਂਦੀ। ਰੋਹ ਨਾਲ ਉਹ ਕੰਬਣ ਲੱਗ ਪਵੰਦੇ ਤੇ ਇਕ ਮੁੰਡੇ ਤੋਂ ਨਾਲ ਆਲੀ ਜਮਾਤ ਵਿਚੋਂ ਦੂਜੇ ਮਾਸਟਰ ਤੋਂ ਸੋਟੀ ਮੰਗ ਕੇ ਲਿਆਣ ਦਾ ਆਖਦੇ। ਪਰ ਇੰਜ ਵਰ੍ਹੇ ਛਿਮਾਹੀ ਹੀ ਹੁੰਦਾ। ਇਹ ਅਸਲੋਂ ਉਹਨਾਂ ਦੀ ਹਾਰ ਹੁੰਦੀ ਕਿਉਂਕਿ ਸੋਟੀ ਨਾਲ ਸਜ਼ਾ ਦੇਣਾ ਉਹਨਾਂ ਦਾ ਸੁਭਾਅ ਨਹੀਂ ਸੀ। ਫੇਰ ਉਹ ਅੰਨ੍ਹੇਵਾਹ ਗਾਲ੍ਹਾਂ ਕੱਢ ਕੱਢ ਮਾਰਦੇ ਤੇ ਅੰਤ ਕਰ ਦੇਂਦੇ। 'ਭੋਸੜੀ ਕੇ! ਆਪਣੀ ਮਾਂ ਕੇ ਯਾਰ!' ਜਮਾਤ ਵਿਚ ਮੌਤ ਵਰਗੀ ਚੁੱਪ ਵਾਪਰ ਜਾਂਦੀ। ਜਿਸ ਵੇਲੇ ਮੁੰਡਾ ਦੂਜੇ ਕਮਰੇ ਵਿਚੋਂ ਸੋਟੀ ਲੈਣ ਜਾਂਦਾ ਉਹ ਬੈਂਚ ਵਿਚਕਾਰ ਫਿਰਨ ਲੱਗ ਪੈਂਦੇ ਤੇ ਜਿਥੇ ਉਹ ਖਲੋ ਜਾਂਦੇ, ਉਥੇ ਹੀ ਮੌਤ ਹੁੰਦੀ।

ਇਹ ਉਚੇਚ ਉਦੋਂ ਹੁੰਦਾ ਜਦੋਂ ਕੋਈ ਅਜਿਹਾ ਮਖ਼ੌਲ ਕਰਦਾ ਜਿਹੜਾ ਉਹਨਾਂ ਦੀਆਂ ਸਬਰ ਦੀਆਂ ਸਾਰੀਆਂ ਹੱਦਾਂ ਉਲੰਘ ਜਾਂਦਾ। ਉਹ ਸਿਰੋਂ ਗੰਜੇ ਸਨ ਤੇ ਬਾਜ਼ਾਰ ਵਾਲ ਉਗਾਵਣ ਦਾ ਕੋਈ ਨਵਾਂ ਨਵਾਂ ਤੇਲ ਆਇਆ ਹੋਣਾ ਏ। ਬਹੁਤ ਮਸ਼ਹੂਰੀ ਹੁੰਦੀ ਪਈ ਸੀ ਜਿਸ ਦੀ। ਜੀਡਾਲ ਜਾਂ ਕੋਈ ਹੋਰ ਨਾਂ। ਠੰਡ ਪਾਰੋਂ ਕਿਸੇ ਦਾ ਜੀ ਨਹੀਂ ਸੀ ਕਰਦਾ ਬਸਤਾ ਜਾਂ ਕਿਤਾਬ ਖੋਲ੍ਹਣ ਨੂੰ। ਉਹਨਾਂ ਹਾਜ਼ਰੀ ਮਗਰੋਂ ਅਜੇ ਕਿਤਾਬ ਖੋਲ੍ਹਣ ਦਾ ਨਾਂ ਲਿਆ ਕਿ ਕਿਸੇ ਏਸ ਤੇਲ ਦਾ ਨਾਂ ਲੈ ਲਿਆ। ਭਾਵੇਂ ਕਿਸੇ ਹੌਲੀ ਜਿਹੀ ਲਿਆ ਪਰ ਉਹਨਾਂ ਸੁਣ ਲਿਆ ਤੇ ਚੜ੍ਹ ਤਪ ਗਿਆ। ਸਾਡੇ ਤੋਂ ਅਗਲੇ ਬੈਂਚ ਉੱਤੇ ਬੈਠੇ ਮੁੰਡੇ ਨੂੰ, ਜਿਹੜਾ ਮਨੀਟਰ ਵੀ ਸੀ, ਉਹਨਾਂ ਨਾਲ ਦੇ ਕਮਰਿਓਂ ਸੋਟੀ ਲਿਆਉਣ ਦਾ ਹੁਕਮ ਦਿੱਤਾ। ਇੰਜ ਲੱਗਾ ਜਿਵੇਂ ਕਿਸੇ ਸਾਡੇ ਸਾਰਿਆਂ ਦੇ ਹੱਥ ਜ਼ੋਰ ਧਙਾਣੇ ਬਰਫ਼ ਉੱਤੇ ਰੱਖ ਦਿੱਤੇ ਹੋਵਣ। ਸਿਆਲ ਵਿਚ ਸਾਡੀ ਇਕੋ ਸੱਧਰ ਹੁੰਦੀ ਕਿ ਪਹਿਲੇ ਦੋ ਪੀਰੀਅਡ ਮਾਰ ਨਾ ਪਵੇ। ਸਾਡੀ ਜਮਾਤ ਵਿਚ ਤਾਂ ਚੁੱਪ ਵਰਤੀ ਹੀ ਸੀ ਪਰ ਜਾਪੇ ਸਾਰੇ ਸਕੂਲ ਹੀ ਵਰਤ ਗਈ ਹੋਵੇ। ਜਦ ਮੁੰਡਾ ਸੋਟੀ ਲੈ ਕੇ ਆਇਆ ਅਸੀਂ ਮੌਤ ਵਾਂਗ ਠੰਡੇ ਠਾਰ ਹੋਏ ਬੈਠੇ ਸਾਂ। ਜਿਵੇਂ ਸਾਡਾ ਵਜੂਦ ਹੀ ਸਾਡੇ ਤੋਂ ਦੁਰਾਡੇ ਹੋਵੇ। ਸਾਨੂੰ ਪਤਾ ਸੀ ਇਹ ਮਖ਼ੌਲ ਪਿੱਛੋਂ ਕਸਾਈ ਦੇ ਮੁੰਡੇ ਕੀਤਾ ਸੀ ਜਿਹੜਾ ਮੁੜ ਅਠਵੀਂ ਵਿਚੋਂ ਹੀ ਸਕੂਲ ਛੱਡ ਬਾਜ਼ਾਰ ਵਿਚ ਪਿਉ ਦੀ ਹੱਟੀ ਜਾ ਬੈਠਾ ਸੀ।

ਮਾਸਟਰ ਅਲਤਾਫ ਬੈਂਚਾਂ ਵਿਚਕਾਰ ਇਕ ਦੋ ਚੱਕਰ ਲਾ ਕੇ ਸਾਡੇ ਕੋਲ ਆ ਖਲੋਤੇ। ਸਾਡੇ ਹੱਥ ਬਿਨਾਂ ਮਾਰ ਤੋਂ ਹੀ ਸੁੰਨ ਹੋ ਗਏ ਸਨ। ਅੱਜ ਮੈਂ ਚੇਤਾ ਕਰਦਾ ਹਾਂ ਤੇ ਮੈਨੂੰ ਲੱਗਦਾ ਏ ਕਿ ਖ਼ੌਰੇ ਵਲੀ ਅੱਲ੍ਹਾ ਐਵੇਂ ਹਿੱਲਿਆ ਸੀ ਜਾਂ ਫੇਰ ਉਹਦੇ ਮੂੰਹ ਉੱਤੇ ਇੰਜ ਦਾ ਡਰ ਨਹੀਂ ਸੀ ਹੁੰਦਾ ਜਿਵੇਂ ਸਾਡੇ ਸਾਰਿਆਂ ਉੱਤੇ ਹੁੰਦਾ ਸੀ। ਕਿਉਂਕਿ ਉਹਨੂੰ ਘੱਟ ਵੱਧ ਹੀ ਮਾਰ ਪੈਂਦੀ ਸੀ। ਪਰ ਉਸ ਦਿਨ ਮਾਸਟਰ ਅਲਤਾਫ਼ ਹੋਰਾਂ ਵਲੀ ਅੱਲ੍ਹਾ ਨੂੰ ਬੈਂਚ ਉੱਤੋਂ ਉਠਾ ਕੇ ਸੋਟੀ ਨਾਲ ਬਾਹਰ ਆਉਣ ਦੀ ਸੈਨਤ ਕੀਤੀ। ਕੌੜ ਨਾਲ ਉਹਨਾਂ ਦਾ ਮੂੰਹ ਲਾਲ ਸੁਰਖ਼ ਹੋ ਗਿਆ ਤੇ ਪਾਨ ਬੁੱਲ੍ਹਾਂ ਤੋਂ ਕੁਝ ਬਹੁਤਾ ਹੀ ਬਾਹਰ ਆ ਗਿਆ। ਵਲੀ ਅੱਲ੍ਹਾ ਉਂਜ ਹੀ ਉਹਨਾਂ ਵੱਲ ਤੱਕਦਾ ਰਿਹਾ। ਉਹਦੇ ਮੂੰਹ ਉੱਤੋਂ ਕੋਈ ਗੱਲ ਨਹੀਂ ਸੀ ਪੜ੍ਹੀ ਜਾਂਦੀ। ਜਦ ਮਾਸਟਰ ਅਲਤਾਫ਼ ਹੋਰੀਂ ਮਾਰਦੇ ਤੇ ਫੇਰ ਨਿਆਂ ਨਾ ਕਰਦੇ। ਕਿਸੇ ਜੁਰਮ ਕੀਤਾ ਜਾਂ ਨਾ ਉਹ ਸਜ਼ਾ ਦੇ ਦੇਂਦੇ। ਅਸਲੋਂ ਉਹਨਾਂ ਨੂੰ ਕਦੀ ਪਤਾ ਹੀ ਨਾ ਚਲਦਾ ਕਿ ਕਿਹਨੇ ਵਾਜ ਕੱਸੀ ਏ ਜਾਂ ਕੋਈ ਹੋਰ ਪੰਗਾ ਲਿਆ ਏ। ਉਹ ਬਸ ਕਿਸੇ ਇਕ ਮੁੰਡੇ ਨੂੰ ਬਾਹਰ ਸੱਦ ਕੇ ਅੰਨ੍ਹੇਵਾਹ ਮਾਰਨ ਲੱਗ ਪੈਂਦੇ ਤੇ ਉਹਨਾਂ ਦੇ ਬਾਹਰ ਸੱਦਣ ਦਾ ਮਤਲਬ ਹੁੰਦਾ ਬਸ ਹੱਥ ਅਗਾਂਹ ਕਰ ਦਿਉ। ਜੇ ਮੁੰਡਾ ਅੱਗੋਂ ਕੁਝ ਬੋਲਣ ਜਾਂ ਸਫ਼ਾਈ ਦੇਣ ਦੀ ਕਰਦਾ ਤਾਂ ਵੀ ਓਨੀ ਹੀ ਮਾਰ ਪੈਂਦੀ, ਸਗੋਂ ਬਹੁਤੀ। ਮਾਸਟਰ ਅਲਤਾਫ਼ ਸੋਟੀ ਉਤਾਂਹ ਚਾਈ ਤੇ ਵਲੀ ਅੱਲ੍ਹਾ ਹੱਥ ਅਗਾਂਹ ਕਰ ਦਿੱਤੇ। ਸੋਟੀਆਂ ਵਜਦੀਆਂ ਰਹੀਆਂ ਤੇ ਅਸੀਂ ਸੁੰਨ ਹੋਏ ਬੈਠੇ ਰਹੇ।

ਕੁਝ ਦੂਜੀਆਂ ਜਮਾਤਾਂ ਦੇ ਮੁੰਡੇ ਜਿਨ੍ਹਾਂ ਦੇ ਮਾਸਟਰ ਜਮਾਤ ਵਿਚ ਨਹੀਂ ਸਨ, ਬੂਹਿਓਂ ਚੋਰੀ ਚੋਰੀ ਵਲੀ ਅੱਲ੍ਹਾ ਨੂੰ ਮਾਰ ਪੈਂਦੇ ਤੱਕਦੇ ਪਏ ਸਨ। ਖ਼ੌਰੇ ਕੀ ਹੋ ਗਿਆ ਸੀ ਮਾਸਟਰ ਅਲਤਾਫ਼ ਹੋਰਾਂ ਨੂੰ ? ਉਹ ਰੋਹ ਨਾਲ ਭਰੇ ਸੋਟੀਆਂ ਮਾਰਦੇ ਰਹੇ ਤੇ ਅਖ਼ੀਰ ਵਲੀ ਅੱਲ੍ਹਾ ਦੇ ਹੱਥ ਹੇਠਾਂ ਲਮਕ ਪਏ। ਉਹਦੀਆਂ ਅੱਖਾਂ ਅੱਥਰੂਆਂ ਨਾਲ ਭਰੀਜ ਗਈਆਂ। ਜੀ ਉਹ ਵਲੀ ਅੱਲ੍ਹਿਆ! ਨਾ ਉਹ ਰੋਇਆ ਨਾ ਉਸ ਸੀਅ ਕੀਤੀ। ਪੂਰੀਆਂ ਇਕ ਸੌ ਦੋ ਸੋਟੀਆਂ ਉੱਤੇ ਸੋਟੀ ਟੁੱਟ ਗਈ। ਰਹਿੰਦੀਆਂ ਸੋਟੀਆਂ ਉਹਨਾਂ ਉਹਦੇ ਲਮਕਦੇ ਹੱਥਾਂ ਉਪਰ ਮਾਰੀਆਂ ਸਨ। ਪੂਰੇ ਸਕੂਲ ਅੰਤਾਂ ਦੀ ਚੁੱਪ ਵਰਤ ਗਈ। ਮੁੜ ਕੀ ਹੋਇਆ, ਕੀ ਨਾ ਹੋਇਆ ਪਰ ਅੱਧੀ ਛੁੱਟੀ ਵੇਲੇ ਕੁਲ ਸਕੂਲ ਧੁੰਮ ਗਈ ਕਿ ਵਲੀ ਅੱਲ੍ਹਾ ਨੂੰ ਮਾਰ ਪਈ ਏ। ਵਲੀ ਅੱਲ੍ਹਾ ਨੂੰ ਮਾਰ ਪਈ ਏ! ਸਾਰੇ ਉਹਦੇ ਨਾਂ ਉੱਤੇ ਜ਼ੋਰ ਪਾ ਕੇ ਖਿੱਚ ਖਿੱਚ ਕੇ ਲਮਕਾ ਕੇ ਪੁੱਛਦੇ ਰਹੇ। ਉਹ ਚੁੱਪ ਕਰਕੇ ਅੱਧੀ ਛੁੱਟੀ ਮਗਰੋਂ ਹੀ ਸਕੂਲੋਂ ਚਲਾ ਗਿਆ। ਉਹਦੇ ਹੱਥ ਸੁੱਜ ਕੇ ਲਾਲ ਹੋ ਗਏ ਸਨ ਤੇ ਕਿਸੇ ਉਨ੍ਹਾਂ ਉੱਤੇ ਰੁਮਾਲ ਬੰਨ੍ਹ ਦਿੱਤਾ ਸੀ। ਜਿੰਨਾ ਚਿਰ ਉਹ ਸਾਡੇ ਨਾਲ ਰਿਹਾ ਅਸੀਂ ਹੱਥ ਉੱਤੇ ਰੁਮਾਲ ਰੱਖ ਕੇ ਮੂੰਹ ਨਾਲ ਫੂਕਾਂ ਮਾਰਦੇ ਰਹੇ। ਹੱਥ ਉਹਦੇ ਕੋਲੋਂ ਹਿੱਲਦੇ ਨਹੀਂ ਸਨ ਪਏ।

ਵਲੀ ਅੱਲ੍ਹਾ, ਸਾਡਾ ਯਾਰ, ਸਾਡਾ ਬੇਲੀ, ਸਾਡੀ ਢਾਣੀ ਦਾ ਅਤਿ ਜੁੜਵਾਂ ਅੰਗ ਸੀ। ਮਧਰਾ ਕੱਦ ਬੁਤ ਤੇ ਮਾੜਕੂ ਜਿਹਾ। ਸਗੋਂ ਆਪਣੀ ਜਮਾਤ ਦੇ ਦੂਜਿਆਂ ਮੁੰਡਿਆਂ ਕੋਲੋਂ ਹੌਲ਼ਾ ਈ ਹੋਣਾ ਏ। ਤੋਤੇ ਵਰਗੀ ਲੰਮੀ ਜਿਹੀ ਨੱਕ ਤੇ ਸਿਰ ਉੱਤੇ ਉਸ ਕਪੜੇ ਦੀ ਨਿਮਾਜ਼ੀਆਂ ਵਾਲੀ ਹਮੇਸ਼ਾ ਮੈਲੀ ਟੋਪੀ ਪਾਈ ਹੋਣੀ। ਉਸ ਸਿਰ ਹਮੇਸ਼ ਹੇਠਾਂ ਸੁੱਟ ਕੇ ਤੁਰਨਾ ਤੇ ਲੱਗਣਾ ਜਿਵੇਂ ਹੇਠਾਂ ਡਿੱਗੀ ਕੋਈ ਸ਼ੈ ਭਾਲਦਾ ਹੋਵੇ ਤੇ ਉਹਦੀ ਨੱਕ ਕੁਝ ਹੋਰ



ਹੀ ਲੰਮੀ ਲੱਗਣੀ, ਅਸਲੋਂ ਤੋਤੇ ਵਰਗੀ ਹੀ। ਉਹ ਸਾਡੇ ਸਾਰਿਆਂ ਵਿਚ ਸਭ ਤੋਂ ਭਲਾਮਾਣਸ ਤੇ ਸਾਦ ਮੁਰਾਦਾ ਸੀ। ਐਨਾ ਮਾੜਾ ਸੀ ਉਹ ਕਿ ਕਈ ਖੇਡਾਂ ਖੇਡਣ ਯੋਗ ਵੀ ਨਹੀਂ ਸੀ। ਅਸਾਂ ਜਿਹੜੀ ਵੀ ਖੇਡ ਖੇਡਣੀ ਉਸ ਜਾਂ ਜੱਜ ਹੋਣਾ ਜਾਂ ਇਕ ਪਾਸੇ ਬਹਿ ਸਾਡੀਆਂ ਜੁਤੀਆਂ ਜਾਂ ਹੋਰ ਸ਼ੈਵਾਂ ਸਾਂਭਣੀਆਂ। ਕਿਸੇ ਵੀ ਖੇਡ ਵਿਚ ਜਦ ਰੱਫੜ ਬਣ ਜਾਣਾ ਅਖ਼ੀਰ ਨਿਆਂ ਉਹਨੇ ਹੀ ਕਰਨਾ। ਸਾਡੇ ਤੋਂ ਵੱਡੀਆਂ ਜਮਾਤਾਂ ਦੇ ਮੁੰਡੇ ਵੀ ਉਸ ਦਾ ਆਦਰ ਕਰਦੇ ਪਰ ਉਹਦਾ ਆਦਰ ਨਿਰਾ ਇਹਨਾਂ ਗੱਲਾਂ ਤੋਂ ਨਹੀਂ ਸੀ। ਉਹਦਾ ਅਸਲੋਂ ਆਦਰ ਭਾਅ ਏਸ ਗੱਲੋਂ ਵੀ ਸੀ ਕਿ ਉਸ ਸਾਨੂੰ ਸਾਰਿਆਂ ਨੂੰ ਦਮ ਦਰੂਦ ਵੀ ਕਰਨਾ। ਏਸ ਗੱਲਾਂ ਸਾਰੇ ਉਹਨੂੰ ਵਲੀ ਅੱਲ੍ਹਾ ਸੱਦਦੇ ਸਨ। ਅਸਲੋਂ ਤਾਂ ਨਾਂ ਉਹਦਾ ਕੁਝ ਹੋਰ ਸੀ। ਐਵੇਂ ਕਿਸੇ ਮੁੰਡੇ ਆਪਣਾ ਮੱਥਾ ਅਗਾਂਹ ਕਰ ਦੇਣਾ ਤੇ ਆਖਣਾ, 'ਵਲੀ ਅੱਲ੍ਹਾ ਦਮ ਕਰ ਦੇ।' ਵਲੀ ਅੱਲ੍ਹਾ ਬਹੁਤ ਗੰਭੀਰਤਾ ਨਾਲ ਉਹਦੇ ਮੱਥੇ ਉੱਤੇ ਸਹਿਜ ਨਾਲ ਚੂੰਢੀ ਭਰ ਖਲੋ ਜਾਣਾ ਤੇ ਇਕ ਦੋ ਪਲ ਮੂੰਹ ਵਿਚ ਕੁਝ ਪੜ੍ਹ ਕੇ ਫੂਕ ਮਾਰ ਦੇਣੀ। ਕੋਸੇ ਸਾਹ ਦੀ ਫੂਕ ਮੂੰਹ ਉੱਤੇ ਹੌਲੀ ਜਿਹੇ ਛੁਹਾ ਕੇ ਅੰਦਰ ਨੂੰ ਵੀ ਹੌਲਾ ਜਿਹਾ ਕਰ ਦੇਣਾ। ਮੁੰਡਿਆਂ ਨੂੰ ਏਸ ਗੱਲ ਦਾ ਐਨਾ ਸਵਾਦ ਸੀ ਕਿ ਕਈ ਵਾਰ ਭੀੜ ਲੱਗ ਜਾਣੀ ਤੇ ਵਾਰੋ ਵਾਰੀ ਇਕ ਇਕ ਕਰਕੇ ਮੁੰਡਿਆਂ ਅਗਾਂਹ ਹੋਣਾ ਦੇ ਦਮ ਕਰਾ ਕੇ ਪਿੱਛੇ ਹਟੀ ਜਾਣਾ। ਬਹੁਤਿਆਂ ਏਸ ਆਸ ਨਾਲ ਕਰਾਉਣਾ ਕਿ ਖ਼ੌਰੇ ਏਸ ਦਮ ਨਾਲ ਸਕੂਲ ਦੀ ਮਾਰ ਤੋਂ ਬਚ ਜਾਈਏ। ਕੁਝ ਦੀਆਂ ਹੋਰ ਆਸਾਂ ਵੀ ਹੋਸਨ। ਪਰ ਇਕ ਵਿਸਾਹ ਨਿੱਘ ਤੇ ਕੋਸਾ ਜਿਹਾ ਸਾਹ ਸੀ ਵਲੀ ਅੱਲ੍ਹਾਂ ਦੇ ਦਮ ਵਿਚ।

ਹੁਣ ਜਦ ਉਹਨੂੰ ਮਾਰ ਪਈ ਤੇ ਸਾਨੂੰ ਸਾਰਿਆਂ ਨੂੰ ਪੱਕ ਸੀ ਕਿ ਮਾਸਟਰ ਅਲਤਾਫ ਨਹੀਂ ਬਚਣਾ, 'ਵਲੀ ਅੱਲ੍ਹਾ ਨੂੰ ਮਾਰਿਆ ਉਸ'। ਉਹੋ ਹੋਇਆ। ਅਗਲੇ ਦਿਨ ਸਕੂਲ ਅਪੜੇ ਤਾਂ ਬੰਦ ਸੀ। ਪਤਾ ਲੱਗਾ ਮਾਸਟਰ ਅਲਤਾਫ਼ ਦੀ ਜ਼ਨਾਨੀ ਮਰ ਗਈ ਏ। ਸਕੂਲੋਂ ਛੁੱਟੀ ਏ। ਹੁਣ ਤਾਂ ਵਲੀ ਅੱਲ੍ਹਾ ਵਲੀ ਅੱਲ੍ਹਾ ਹੋ ਗਈ। ਅੱਧਾ ਸਕੂਲ ਮਾਸਟਰ ਅਲਤਾਫ਼ ਦੇ ਘਰ ਜਾਵਣ ਦੀ ਥਾ ਵਲੀ ਅੱਲ੍ਹਾ ਦੀ ਖ਼ੈਰ ਖੈਰੀਅਤ ਪੁੱਛਣ ਉਹਦੇ ਘਰ ਤੁਰ ਗਿਆ। ਦਮ ਕਰਾਣ ਵਾਲਿਆਂ ਦੀ ਤਾਂ ਭੀੜ ਹੀ ਨਹੀਂ ਸੀ ਮੁੱਕਦੀ, ਸਗੋਂ ਮੁਹੱਲੇ ਦੀਆਂ ਕੁਝ ਜ਼ਨਾਨੀਆਂ ਵੀ ਉਸ ਕੋਲੋਂ ਦਮ ਕਰਾਉਣ ਆਵਣ ਲੱਗ ਪਈਆਂ। ਨਾਲੇ ਉਸ ਤੋਂ ਮਗਰੋਂ ਵਲੀ ਅੱਲਾ ਨੂੰ ਕਦੀ ਮਾਰ ਵੀ ਨਹੀਂ ਸੀ ਪਈ। ਇਹ ਤਾਂ ਸਾਨੂੰ ਕਈ ਵਰ੍ਹਿਆਂ ਪਿੱਛੋਂ ਖ਼ਬਰ ਹੋਈ ਕਿ ਮਾਸਟਰ ਅਲਤਾਫ਼ ਦੀ ਜ਼ਨਾਨੀ ਨੂੰ ਟੀ.ਬੀ. ਸੀ ਤੇ ਉਹ ਤਾਂ ਪਹਿਲੋਂ ਹੀ ਚੋਖੀ ਬਿਮਾਰ ਸੀ।

ਵਲੀ ਅੱਲ੍ਹਾ ਮੇਰਾ ਜਮਾਤੀ ਹੀ ਨਹੀਂ ਮੁਹੱਲੇਦਾਰ ਵੀ ਸੀ। ਉਹ ਕਦ ਤੋਂ ਮੇਰਾ ਯਾਰ ਬੇਲੀ ਸੀ ਚੇਤੇ ਨਹੀਂ। ਜਾਪਦਾ ਏ ਚਿਰਾਂ ਤੋਂ ਹੀ। ਪਰ ਅਸਲੋਂ ਉਹਦੇ ਨਾਲ ਵਾਕਫ਼ੀ ਦਾ ਮੁੱਢ ਇਹ ਸੀ ਕਿ ਉਹਦਾ ਤੇ ਮੇਰਾ ਪਿਉ ਵੰਡ ਤੋਂ ਮਗਰੋਂ ਹੀ ਬਾਜ਼ਾਰ ਵਿਚ ਸ਼ਾਮੀਂ ਤਫ਼ੈਲ ਦਰਜ਼ੀ ਦੀ ਹੱਟੀ ਉੱਤੇ ਬਹਿੰਦੇ ਸਨ। ਮੈਨੂੰ ਚੇਤਾ ਆਉਂਦਾ ਏ ਕਿ ਇਕ ਵੱਡਾ ਸਾਰਾ ਲੱਕੜ ਦਾ ਤਖ਼ਤ ਹੋਣਾ ਤੇ ਇਕ ਪਾਸੇ ਸਿਲਾਈ ਦੀ ਮਸ਼ੀਨ ਤੇ ਕੋਲਿਆਂ ਵਾਲੀ ਇਸਤਰੀ, ਇਸਤਰੀ ਦੇ ਕੋਲਿਆਂ ਤੋਂ ਹੀ ਹੁੱਕਾ ਤਿਆਰ ਹੁੰਦਾ ਜਾਂ ਫੇਰ ਹੁੱਕੇ ਦੇ ਕੋਲਿਆਂ ਤੋਂ ਇਸਤਰੀ। ਇਹ ਕੰਮ ਇੰਜ ਇਕ ਦੂਜੇ ਨੂੰ ਧੁਖਾਈ ਰੱਖਦੇ। ਤਫ਼ੈਲ ਦਰਜ਼ੀ ਕਦੇ ਕਿਸੇ ਦਾ ਮਾਪ ਨਹੀਂ ਸੀ ਲੈਂਦਾ। ਉਸ ਬੰਦੇ ਜਾਂ ਬਾਲ ਉੱਤੇ ਇਕ ਭਰਵੀਂ ਨਜ਼ਰ ਪਾਉਣੀ ਜਾਂ ਕਦੀ ਕਦਾਰ ਕਿਸੇ ਦੇ ਮੋਢੇ ਉੱਤੇ ਹੱਥ ਰੱਖ ਉਹਨੂੰ ਸਿਰ ਤੋਂ ਪੈਰਾਂ ਤੀਕ ਗਹੁ ਨਾਲ

ਤੱਕਣਾ ਤੇ ਆਖਣਾ, 'ਪਰਸੋਂ ਆ ਕੇ ਕਪੜੇ ਲੈ ਜਾਵੀਂ।' ਸ਼ਾਮੀਂ ਉਥੇ ਕੰਮਾਂ ਕਾਰਾਂ ਤੋਂ ਵਿਹਲੇ ਹੋ ਕੇ ਆਏ ਬੰਦੇ ਜੁੜਨ ਲੱਗ ਪੈਣੇ ਤੇ ਅਮ੍ਰਿਤਸਰ ਤੇ ਗੁਰਦਾਸਪੁਰ ਦੀਆਂ ਗੱਲਾਂ ਤੋਂ ਦੌਲਤਾਨਾ ਤੋਂ ਲੈ ਅਯੂਬ ਖਾਨ ਤੇ ਭਾਸ਼ਾਨੀ ਤੋਂ ਭਟੋ ਸਰਕਾਰ ਤੀਕ ਦੀਆਂ ਸਿਆਸਤਾਂ ਆਈਆਂ ਤੇ ਗਈਆਂ। ਕਾਲਿਆਂ ਤੋਂ ਧੌਲ਼ੇ ਆ ਗਏ। ਮੁੜ ਤਫ਼ੈਲ ਦਰਜ਼ੀ ਦੀ ਹੱਟੀ ਬੰਦ ਹੋਈ ਤੇ ਉਥੇ ਮੈਡੀਕਲ ਸਟੋਰ ਖੁੱਲ੍ਹਿਆ। ਅੱਜ ਕੱਲ੍ਹ ਉਥੇ ਸ਼ੀਸ਼ਿਆਂ ਵਾਲੀ ਇਕ ਵੱਡੀ ਬੇਕਰੀ ਏ।

ਸਾਡੇ ਸਕੂਲ ਦੀ ਪੜ੍ਹਾਈ ਮੁੱਕੀ ਤੇ ਸਾਨੂੰ ਆਪਨਿਆਂ ਨਤੀਜਿਆਂ ਦੀ ਉਡੀਕ ਸੀ। ਉਦੋਂ ਲਾਹੌਰ ਸ਼ਹਿਰ ਵਿਚ ਦਸਵੀਂ ਦਾ ਨਤੀਜਾ ਆਉਣ ਉੱਤੇ ਅਖ਼ਬਾਰਾਂ ਖ਼ਾਸ ਸ਼ੁਮਾਰੇ ਕੱਢਦੀਆਂ ਤੇ ਅਖ਼ਬਾਰ ਵੇਚਣ ਵਾਲੇ ਵਾਜਾਂ ਲਾ ਲਾ ਕੇ ਮੈਟ੍ਰਿਕ ਦਾ ਗਜ਼ਟ ਵੇਚਦੇ। ਜਦ ਮੈਟ੍ਰਿਕ ਦਾ ਗਜ਼ਟ ਆਇਆ ਤੇ ਵਲੀ ਅੱਲ੍ਹਾ ਫੇਲ੍ਹ ਹੋ ਗਿਆ। ਸਾਡੇ ਕਿੰਨੇ ਨੰਬਰ ਆਏ ਜਾਂ ਨਾ ਆਏ ਸਾਨੂੰ ਇਹਦੀ ਖ਼ੁਸ਼ੀ ਨਾ ਹੋਈ। ਸਾਥੋਂ ਵਲੀ ਅੱਲ੍ਹਾ ਦੇ ਫੇਲ੍ਹ ਹੋਵਣ ਦਾ ਹਿਰਖ ਹੀ ਨਹੀਂ ਸੀ ਜਰ ਹੁੰਦਾ। ਮੁਹੱਲੇ ਦੇ ਇਕ ਥੜ੍ਹੇ ਉੱਤੇ ਅਸੀਂ ਕਿੰਨੀ ਦੇਰ ਹੀ ਚੁੱਪ ਕਰਕੇ ਬੈਠੇ ਰਹੇ। ਉਦੋਂ ਚਾਰ ਅੱਠ ਆਨੇ ਘੰਟੇ ਉੱਤੇ ਕਿਰਾਏ ਦੀ ਸਾਇਕਲ ਲੱਭਦੀ ਸੀ। ਸਾਨੂੰ ਅੰਦਰੋਂ ਅੰਦਰੀਂ ਐਨੀ ਪੀੜ ਸੀ ਕਿ ਅਸੀਂ ਸਾਇਕਲਾਂ ਕਿਰਾਏ ਉੱਤੇ ਲੈ ਸਾਰੇ ਸ਼ਹਿਰ ਦਾ ਗੇੜਾ ਲਾ ਤੇ ਸਾਇਕਲਾਂ ਚਲਾ ਚਲਾ ਫਾਹੇ ਹੋ ਗਏ ਪਰ ਕਰਾਰ ਨਹੀਂ ਸੀ ਪੈਂਦਾ। ਬੰਦ ਰੋਡ ਦੇ ਲਾਗੇ ਤੇ ਏਸ ਤੋਂ ਅੱਗੇ ਆਬਾਦੀ ਨਹੀਂ ਸੀ ਜੁੜੀ। ਘਣੇ ਰੁੱਖ ਤੇ ਪੈਲੀਆਂ ਹੁੰਦੀਆਂ ਸਨ। ਵਿਚ ਵਿਚ ਕਿਤੇ ਖੂਹ, ਕੁੱਤਿਆਂ ਦੇ ਭੌਂਕਣ ਤੇ ਟੱਲੀਆਂ ਦੀਆਂ ਵਾਜਾਂ ਆਉਣੀਆਂ। ਅਸੀਂ ਇਕ ਖੂਹ ਉੱਤੇ ਜਾ ਕੇ ਬਹਿ ਗਏ। ਫੀਕਾ ਆਪਨੇ ਪਿਉ ਦੀ ਵਡਬਾਇਣ ਦੀ ਸਿਗਰਟਾਂ ਦੀ ਡੱਬੀ ਚੋਰੀ ਕਰਕੇ ਲਿਆਇਆ ਹੋਇਆ ਸੀ। ਅਸਾਂ ਸਾਰਿਆਂ ਸਿਗਰਟਾਂ ਲਾਈਆਂ ਤੇ ਖੰਘ ਖੰਘ ਸਾਹ ਉੱਤੇ ਥੱਲੇ ਹੋ ਗਏ ਪਰ ਕਰਾਰ ਫੇਰ ਵੀ ਨਾ ਪਿਆ। ਸਾਨੂੰ ਕਿਸੇ ਨੂੰ ਖਿਆਲ ਨਹੀਂ ਸੀ ਕਿ ਕਰਾਰ ਹੁਣ ਕਦੀ ਵੀ ਨਹੀਂ ਆਉਣਾ ਤੇ ਨਾ ਕਦੀ ਪੀੜ ਮੁੱਕਣੀ ਏ।

ਸਾਡੇ ਵਿਚੋਂ ਕੁਝ ਕਾਲਜਾਂ ਵਿਚ ਟੁਰ ਗਏ। ਕੋਈ ਅਚਨਚੇਤ ਕਰਾਚੀ ਤੁਰ ਗਿਆ। ਕਿਸੇ ਨੂੰ ਕਿਸੇ ਦੇ ਪਿਉ ਪਰਦੇਸ ਸੱਦ ਲਿਆ। ਕਿਸੇ ਪਿਉ ਦੀ ਹੱਟੀ ਸਾਂਭ ਲਈ। ਕੋਈ ਬੱਸ ਵਿਚ ਕੰਡਕਟਰ, ਕੋਈ ਦਫ਼ਤਰ ਲੱਗ ਗਿਆ। ਇਕ ਦੋ ਮੁੰਡੇ ਪਿਛਾਂਹ ਪਿੰਡਾਂ ਨੂੰ ਪਰਤ ਗਏ। ਅਸੀਂ ਦੋ ਚਾਰ ਹੀ ਮਿਲਣ ਵਾਲੇ ਰਹਿ ਗਏ। ਲੱਗਿਆ ਕੁਲ ਜਹਾਨ ਹੀ ਬਦਲ ਗਿਆ ਹੈ। ਵਲੀ ਅੱਲ੍ਹਾ ਦੇ ਪਿਉ ਦੀ ਜਿਲਦਾਂ ਬਣਾਉਣ ਦੀ ਹੱਟੀ ਸੀ। ਹੱਟੀ ਕੀ ਸੀ ਵੱਡੇ ਬਾਜ਼ਾਰ ਇਕ ਗਲੀ ਦੀ ਨੁੱਕਰ ਦੇ ਥੜ੍ਹੇ ਉੱਤੇ ਟੀਨ ਤੇ ਲੱਕੜ ਦਾ ਛੱਜਾ ਜਿਹਾ ਸੀ। ਜਿਸ ਉੱਤੇ ਬਾਲਾਂ ਦੇ ਰਸਾਲੇ, ਜਾਸੂਸੀ ਨਾਵਲ, ਸਿਆਸੀ ਤੇ ਹੋਰ ਤਰ੍ਹਾਂ ਤਰ੍ਹਾਂ ਦੇ ਨਵੇਂ ਪੁਰਾਣੇ ਰਸਾਲੇ ਹਰ ਵੇਲੇ ਟੰਗੇ ਰਹਿੰਦੇ ਤੇ ਨਾਲੋ ਨਾਲ ਜਿਲਦਾਂ ਦਾ ਕੰਮ ਵੀ ਚਲਦਾ ਰਹਿੰਦਾ। ਸ਼ਾਮ ਨੂੰ ਹੱਟੀ ਸਿਆਸਤਾਂ ਮਾਰਨ ਵਾਲਿਆਂ ਦੀ ਬੈਠਕ ਵਿਚ ਵਟੀਜ ਜਾਵਣ। ਵਲੀ ਅੱਲ੍ਹਾ ਦਾ ਪਿਉ ਬੁੱਢਾ ਹੋ ਗਿਆ ਤੇ ਉਹ ਹੱਟੀ ਉੱਤੇ ਆ ਬੈਠਾ। ਜਿਵੇਂ ਇੰਜ ਹੀ ਹੁੰਦਾ ਸੀ ਤੇ ਇੰਜ ਹੀ ਹੋਣਾ ਹੈ। ਨਾਲ ਹੀ ਦੋ ਤਿੰਨ ਭੈਣਾਂ ਜਵਾਨ ਹੋ ਗਈਆਂ ਤੇ ਸਾਨੂੰ ਲਗਣਾ ਇਹ ਤਾਂ ਬਹੁਤ ਨਿਮਾਣਾ ਜਿਹਾ ਹੋ ਗਿਆ ਏ ਤੇ ਏਸ ਉੱਤੇ ਤਾਂ ਚੋਖਾ ਭਾਰ ਪੈ ਗਿਆ ਏ। ਫੇਰ ਮੈਨੂੰ ਵੀ ਆਪਨਾ ਮੁਹੱਲਾ ਛੱਡਣਾ ਪੈ ਗਿਆ। ਸੋਚਿਆ ਤਾਂ ਅਸੀਂ ਵੀ



ਨਹੀਂ ਸੀ ਪਰ ਵਲੀ ਅੱਲ੍ਹਾ ਵਾਂਗਰ ਇਹ ਵੀ ਜਬਰੀਂ ਹੀ ਹੋਇਆ।

ਵਰ੍ਹੇ ਛਿਮਾਹੀ ਪੁਰਾਣੇ ਮੁਹੱਲੇ ਫੇਰਾ ਲਗਦਾ ਤਾਂ ਮੈਂ ਵਲੀ ਅੱਲ੍ਹਾ ਦੀ ਹੱਟੀ ਜ਼ਰੂਰ ਜਾਂਦਾ। ਉਹਦੇ ਇਕ ਦਮ ਚਿੱਟੇ ਆ ਗਏ ਸਨ ਤੇ ਉਹ ਪਹਿਲਾਂ ਤੋਂ ਵੀ ਮਧਰਾ ਤੇ ਹੌਲਾ ਹੋ ਗਿਆ ਸੀ। ਸਿਰ ਉੱਤੇ ਟੋਪੀ ਵੀ ਹੋਰ ਹੀ ਮੈਲੀ ਹੋ ਗਈ ਸੀ। ਪਿਉ ਉਹਦਾ ਮੰਜੀ ਨਾਲ ਲੱਗ ਗਿਆ। ਭੈਣਾਂ ਇਕ ਦੋ ਵਿਆਹ ਦਿੱਤੀਆਂ ਤੇ ਇਕ ਦੋ ਖ਼ੌਰੇ ਰਹਿ ਗਈਆਂ ਸਨ। ਉਹਦਾ ਆਪਨਾ ਵੀ ਵਿਆਹ ਹੋ ਗਿਆ ਤੇ ਬਾਲ ਸਨ। ਲਾਹੌਰ ਸ਼ਹਿਰ ਦਾ ਉਹ ਪੁਰਾਣਾ ਮੁਹੱਲਾ ਤੇ ਬਾਜ਼ਾਰ ਵੀ ਬਦਲ ਗਿਆ ਸੀ। ਜ਼ਮੀਨਾਂ ਦੇ ਭਾਅ ਚੜ੍ਹ ਗਏ ਸਨ। ਬਾਜ਼ਾਰ ਵਿਚ ਚੋਖੀ ਭੀੜ ਹੋ ਜਾਂਦੀ। ਜਦੋਂ ਮੈਂ ਜਾਂਦਾ ਆਲੇ ਦਵਾਲੇ ਇਕ ਦੋ ਨਵੀਆਂ ਹੱਟੀਆਂ ਲੱਭਦੀਆਂ। ਜੇ ਕੋਈ ਸ਼ੈ ਨਹੀਂ ਬਦਲੀ ਸੀ ਤੇ ਉਹ ਸੀ ਉਹਦੀ ਹੱਟੀ। ਉਹਦੇ ਮਕਾਨ ਦਾ ਵੀ ਰੱਫੜ ਪੈ ਗਿਆ। ਵੰਡ ਮਗਰੋਂ ਉਹਦੇ ਪਿਉ ਮਕਾਨ ਦੀ ਇਕ ਉਤਲੀ ਮੰਜ਼ਲ ਮੱਲੀ ਸੀ ਤੇ ਹੇਠਾਂ ਕੋਈ ਹੋਰ ਰਹਿੰਦਾ ਰਿਹਾ। ਚਿਰਾਂ ਤੋਂ ਮੁਕੱਦਮੇਬਾਜ਼ੀ ਚਲਦੀ ਪਈ ਸੀ। ਉਹ ਬਹੁਤ ਘਾਬਰਿਆ ਹੋਇਆ ਸੀ। ਹੱਟੀ ਦਾ ਵੀ ਰੌਲਾ ਸੀ। ਪੁਰਾਣੀ ਤੁਅੱਲਕਦਾਰੀ ਹੇਠ ਜਿਹੜੀਆਂ ਸ਼ੈਵਾਂ ਨੇ ਥਾਵਾਂ ਜੁੜੀਆਂ ਸਨ, ਪੈਸੇ ਦੀ ਨਵੀਂ ਮਾਰ ਹੇਠ ਫੀਤਿਓ ਫੀਤੀ ਹੁੰਦੀਆਂ ਪਈਆਂ ਸਨ। ਮੈਂ ਉਹਦੇ ਕੋਲ ਬੈਠਾ ਤੇ ਪੁਰਾਣੀਆਂ ਗੱਲਾਂ ਹੋਵਣ ਲੱਗ ਪੈਣੀਆਂ। ਨਿੱਕੀ ਜਿਹੀ ਸੀ ਹੱਟੀ ਉਹਦੀ। ਮੈਨੂੰ ਸਟੂਲ ਉੱਤੇ ਬਹਾ ਉਹਨੇ ਚਾਹ ਦਾ ਆਖ ਦੇਣਾ। ਸ਼ੀਸ਼ੇ ਦੇ ਗਲਾਸ ਵਿਚ ਚਾਹ ਆਉਣੀ ਤੇ ਹੇਠਾਂ ਨਿੱਕੀ ਜਿਹੀ ਪਿਆਲੀ ਹੋਣੀ। ਪਿਆਲੀ ਵਿਚ ਅੱਧੀ ਚਾਹ ਪਾ ਉਸ ਮੈਨੂੰ ਗਲਾਸ ਦੇ ਦੇਣਾ ਤੇ ਫੇਰ ਮੁਹੱਲੇ ਦੀ ਕਿਤਾਬ ਖੋਲ੍ਹ ਸੁਣਾਈ ਜਾਣੀ।

'ਵਰ੍ਹਾ ਹੋ ਗਿਆ ਏ ਫਰੀਦਾ ਨੂੰ ਘਰ ਆ ਕੇ ਬੈਠੀ ਹੋਈ ਨੂੰ। ਇਕ ਦਿਨ ਆਈ ਸੀ, ਤਿੰਨ ਬਾਲ ਹਨ। ਤੇਰਾ ਪੁੱਛੇ। ਮੈਂ ਆਖਿਆ, ਮੈਨੂੰ ਨਹੀਂ ਪਤਾ। ਲਾਲੀ ਹੋਰੀਂ ਆਪਨਾ ਮਕਾਨ ਵੇਚ ਡੀਫੈਂਸ ਚਲੇ ਗਏ ਹਨ। ਉਥੇ ਸੁਣਿਆ ਏ ਬੜੀ ਵੱਡੀ ਕੋਠੀ ਪਾਈ ਏ। ਪਿਉ ਨੇ ਲਗਦਾ ਏ ਲੰਮਾ ਹੱਥ ਮਾਰਿਆ ਏ। ਕਾਲਾ ਅਜੇ ਵੀ ਪ੍ਰੈਸ ਵਿਚ ਓਪਰੇਟਰ ਏ ਤੇ ਉਥੇ ਈ ਉਹਨੇ ਰਹਿਣਾ ਏ। ਫੀਕੇ ਸੈਨਟਰੀ ਦਾ ਕੰਮ ਕਰ ਲਿਆ ਏ ਤੇ ਉਹਦੀ ਜ਼ਨਾਨੀ ਉਸਤਾਨੀ ਏ। ਉਹਨੂੰ ਸਾਹ ਨਹੀਂ ਲੈਣੀ ਦੇਂਦੀ। ਜੀਭ ਤਾਂ ਉਹਦੇ ਮੂੰਹ ਵਿਚ ਪਹਿਲੇ ਵੀ ਨਹੀਂ ਸੀ। ਸੁੱਕੀ ਨੂੰ ਹੈਰੋਇਨ ਲੱਗ ਗਈ ਏ। ਪਕੌੜੇ ਸੁਨਿਆਰਿਆਂ ਦੇ ਮੁੰਡੇ ਨੂੰ ਛੁਰੀ ਮਾਰ ਦਿੱਤੀ ਸੀ ਤੇ ਉਹ ਦੋ ਮਹੀਨੇ ਜੇਲ੍ਹ ਕੱਟ ਕੇ ਆਇਆ ਏ। ਨੀਫੇ ਦੀ ਮੱਛੀ ਦੀ ਹੱਟੀ ਵਾਹਵਾ ਚੱਲ ਪਈ ਏ। ਸਭ ਤੋਂ ਪੁਰਾਣਾ ਜੋ ਸੀ। ਦੁੱਲਾ ਅਜੇ ਸੈੱਟ ਨਹੀਂ ਹੋਇਆ। ਬਦਮਾਸ਼ੀ ਤਾਂ ਉਸ ਛੱਡ ਦਿੱਤੀ ਪਰ ਕੰਮ ਕੋਈ ਨਹੀਂ ਉਹਦੇ ਕੋਲ। ਹੁਣ ਆਖ ਰਿਹਾ ਸੀ ਕੁੱਕੜੀਆਂ ਲਿਆ ਕੇ ਵੇਚ ਲਾਂਗਾ। ਇਫਤਖਾਰ ਆਲਮੀ ਬੈਂਕ ਵਿਚ ਵੱਡਾ ਅਫਸਰ ਹੋ ਗਿਆ ਏ।'

ਕਿੰਨੀਆਂ ਈ ਗੱਲਾਂ ਹੋਣੀਆਂ ਤੇ ਮੁੱਕ ਜਾਣੀਆਂ। ਫੇਰ ਮੈਨੂੰ ਕਿੰਨਾ ਹੀ ਚਿਰ ਹੋ ਗਿਆ ਤੇ ਮੇਰਾ ਉਸ ਵੱਲ ਫੇਰਾ ਨਾ ਲੱਗਾ। ਇਕ ਦਿਨ ਐਵੇਂ ਪੁਰਾਣੇ ਮੁਹੱਲਿਓਂ ਲੰਘਦੇ ਮੈਂ ਵਲੀ ਅੱਲ੍ਹਾ ਦੀ ਹੱਟੀ ਆਇਆ ਤੇ ਹੱਟੀ ਮੈਨੂੰ ਨਜ਼ਰ ਨਾ ਆਈ। ਏਸ ਸ਼ਹਿਰ ਦੀਆਂ ਥਾਵਾਂ ਇੰਜ ਬਦਲਦੀਆਂ ਹਨ ਜਿਵੇਂ ਨਵੇਂ ਅਮੀਰ ਸਾਕ। ਥੋੜ੍ਹਾ ਮੈਂ ਗੌਰ ਕੀਤਾ ਤੇ ਉਥੇ ਹੁਣ ਜੁੱਤੀਆਂ ਵਿਕਦੀਆਂ ਪਈਆਂ ਸਨ ਤੇ ਇਕ ਹੋਰ ਹੀ ਬੰਦਾ ਬੈਠਾ ਸੀ। ਕਈ ਜ਼ਨਾਨੀਆਂ ਤੇ ਬਾਲ ਖਰੀਦਾਰੀ ਲਈ ਖੜ੍ਹੇ ਸਨ। ਵਲੀ ਅੱਲ੍ਹਾ ਦੀ ਹੱਟੀ ਤਾਂ ਕਦੀ ਐਨੀ

ਭੀੜ ਨਹੀਂ ਹੋਈ ਸੀ। ਮੈਂ ਇਕ ਦੋ ਵਾਰ ਉਹਨੂੰ ਵਲੀ ਅੱਲ੍ਹਾ ਦਾ ਪੁੱਛਿਆ ਪਰ ਉਹਨੇ ਕੋਈ ਜਵਾਬ ਨਾ ਦਿੱਤਾ ਸਗੋਂ ਉਹ ਖਿਝ ਗਿਆ ਕਿ ਉਹਦੇ ਕੋਲ ਅਜੇ ਵਿਹਲ ਨਹੀਂ, ਨਾਲੇ ਤੁਸੀਂ ਕਿਹਦਾ ਪੁੱਛਦੇ ਪਏ ਹੋ। ਕਈ ਹੱਟੀਆਂ ਤੋਂ ਪੁੱਛਣ ਮਗਰੋਂ ਅਖੀਰ ਮੈਨੂੰ ਬਸ਼ੀਰ ਮਾਮ (ਹਮਾਮ) ਦਾ ਚੇਤਾ ਆਇਆ। ਜਦ ਸਦਰ ਆਯੂਬ ਦੇ ਖਿਲਾਫ਼ ਪਹਿਲੀ ਲੋਕ ਲਹਿਰ ਉੱਠੀ ਤਾਂ ਪੂਰੇ ਬਾਜ਼ਾਰ ਵਿਚ ਉਸ ਸਭ ਤੋਂ ਪਹਿਲਾਂ ਭੁੱਟੋ ਦੀ ਵੱਡੀ ਸਾਰੀ ਫੋਟੋ ਆਪਣੀ ਹੱਟੀ ਲਾਈ ਸੀ। ਇਸਲਾਮੀ ਧੜੇ ਦੇ ਜਮਾਤੀ ਇਕ ਵਾਰੀ ਉਹਦੇ ਮਾਮ ਨੂੰ ਭੰਨਣ ਆ ਗਏ ਤੇ ਉਹ ਮਾਮ ਅੱਗੇ ਨੰਗਾ ਉਸਤਰਾ ਫੜ ਇਕੱਲਾ ਖਲੋ ਗਿਆ ਤੇ ਕੋਈ ਉਹਦੇ ਨੇੜੇ ਨਾ ਆਇਆ। ਏਸ ਗੱਲ ਉੱਤੇ ਉਹਦੀ ਬਾਜ਼ਾਰ ਵਾਹਵਾ ਧੁੰਮ ਪਈ ਸੀ ਸਗੋਂ ਇਕ ਵਾਰੀ ਪਹਿਲੀਆਂ ਆਮ ਚੋਣਾਂ ਵਿਚ ਉਥੋਂ ਲੰਘਦੇ ਭੁੱਟੋ ਸਾਹਿਬ ਬਸ਼ੀਰੇ ਮਾਮ ਤੇ ਬਾਜ਼ਾਰ ਦੇ ਦੂਜੇ ਬੰਦਿਆਂ ਨਾਲ ਇਕ ਫੋਟੋ ਖਿਚਵਾਈ ਸੀ, ਜਿਹੜੀ ਅਜੇ ਤੀਕ ਬਸ਼ੀਰੇ ਮਾਮ ਲਾਈ ਹੋਈ ਏ। ਪਰ ਹੁਣ ਬਸ਼ੀਰਾ ਬਹੁਤ ਬੁੱਢਾ ਹੋ ਗਿਆ ਸੀ। ਬਹੁਤਾ ਕੰਮ ਤਾਂ ਮੁੰਡੇ ਹੀ ਕਰਦੇ ਸਨ ਤੇ ਉਹ ਆਪੋਂ ਬਸ ਗਾਹਕਾਂ ਨੂੰ ਤੌਲੀਏ ਤੇ ਸਾਬਣ ਹੀ ਫੜਾਉਂਦਾ। ਮੈਂ ਆਖਿਆ, 'ਮੈਨੂੰ ਸਿਹਾਣਿਆ ਈ ?' ਉਹ ਆਖਣ ਲੱਗਾ, 'ਤੂੰ ਸੌ ਵਰ੍ਹਿਆਂ ਮਗਰੋਂ ਵੀ ਆਏਂ ਤੇ ਸੰਜਾਣ ਲਵਾਂਗਾ। ਤੀਹ ਵਰ੍ਹੇ ਤੋਂ ਵਾਲ ਕਟਾਵਣ ਆਂਦਾ ਰਿਹਾ ਏਂ।'

ਵਲੀ ਅੱਲ੍ਹਾ ਦੇ ਪੁੱਛਣ ਉੱਤੇ ਉਹਦੀਆਂ ਅੱਖਾਂ ਵਿਚ ਚਮਕ ਆਈ। 'ਤੂੰ ਕਿੰਨੇ ਚਿਰ ਮਗਰੋਂ ਆਇਆ ਏਂ ? ਮਕਾਨ ਦਾ ਮੁਕੱਦਮਾ ਤਾਂ ਉਹ ਹਾਰ ਗਿਆ ਸੀ, ਅਗਲਿਆਂ ਉਹਦਾ ਸਾਮਾਨ ਕੱਢ ਬਾਹਰ ਸੁੱਟ ਦਿੱਤਾ।' ਫੇਰ ਉਹ ਦੱਸਣ ਲੱਗ ਪਿਆ। 'ਮੁਹੱਲੇ ਦਾ ਇਕ ਵਡੱਕਾ ਤੇ ਕੰਨ ਟੁੱਟ ਸੁਣਿਆ ਏ ਦੂਜੇ ਪਾਸੇ ਸਨ ਜਾਂ ਫੇਰ ਉਹਨਾਂ ਪੈਸਾ ਖਾਧਾ ਹੋਣਾ ਏ। ਫੇਰ ਵੀ ਬੋਲਿਆ ਕੋਈ ਨਾ। ਇਕ ਐਵੇਂ ਜਿਹੀ ਹੱਟੀ ਸੀ ਏਸ ਦਾ ਕੁਝ ਲੈ ਲਵਾ ਕੇ ਸੁਣਿਆ ਏ ਟਾਊਨਸ਼ਿਪ ਲਾਗੇ ਕੋਈ ਥਾਂ ਏ। ਕੋਈ ਨਵੀਂ ਥਾਂ ਏ। ਅਜੇ ਜੁੜੀ ਨਹੀਂ।' ਪੂਰਾ ਪਤਾ ਬਸ਼ੀਰੇ ਕੋਲ ਵੀ ਨਹੀਂ ਸੀ। ਆਖਦਾ ਸੀ, 'ਪੰਜਾਹ ਵਰ੍ਹੇ ਮੈਂ ਏਥੇ ਲੰਘਾਈ ਤੁਸਾਂ ਚੰਗੀ ਨਾ ਕੀਤੀ।'

ਫੇਰ ਬਸ਼ੀਰਾ ਖਿਝ ਕੇ ਬੋਲਣ ਲੱਗ ਪਿਆ। 'ਮੈਂ ਤਾਂ ਆਪ ਬੁੱਢਾ ਆਂ। ਮੈਂ ਕੀ ਕਰਾਂ ? ਨਾਲੇ ਆਪੋਧਾਪੀ ਏ। ਮੈਂ ਆਪ ਬੜੀ ਮੁਸ਼ਕਿਲ ਨਾਲ ਇਹ ਥਾਂ ਬਚਾਈ ਏ। ਇਹਨੂੰ ਵੀ ਪੈ ਗਏ ਸਨ। ਪਤਾ ਨਹੀਂ ਪੁੱਠੇ ਸਿੱਧੇ ਕਾਗ਼ਜ਼ ਬਣ ਜਾਂਦੇ ਨੇ। ਸੋਨੇ ਵਰਗੀ ਜ਼ਮੀਨ ਏ ਬੈਗੀ। ਸੋਨੇ ਵਰਗੀ।' ਉਹ ਮੈਨੂੰ ਨਿੱਕਿਆਂ ਹੁੰਦਿਆਂ ਦੇ ਨਾਂ ਤੋਂ ਸਦਦਾ ਗੱਲਾਂ ਸੁਣਾਂਦਾ ਰਿਹਾ।

'ਮੈਂ ਵਲੀ ਅੱਲ੍ਹਾ ਦੇ ਪਿਉ ਨੂੰ ਆਖਿਆ ਸੀ ਇਕ ਦੋ ਮਰਲੇ ਲੈ ਛੱਡ। ਕੌਡੀਆਂ ਭਾ ਮਿਲਦੀ ਸੀ। ਪਰ ਉਹਨੂੰ ਸਿਆਸਤਾਂ ਤੋਂ ਵਿਹਲ ਤਾਂ ਮਿਲਦੀ। ਬੜਾ ਆਸ਼ਕ ਸੀ ਅਵਾਮੀ ਸਰਕਾਰ ਤੇ ਭੁੱਟੋ ਦਾ। ਬੜਾ ਚਾਅ ਸੀ ਉਹਨੂੰ ਮੇਰੇ ਵਾਂਗਰ। ਕੀ ਕੀਤਾ ਅਵਾਮੀ ਸਰਕਾਰ ?'

ਮੇਰੇ ਕੋਲੋਂ ਬਸ਼ੀਰੇ ਦੀਆਂ ਗੱਲਾਂ ਸੁਣ ਨਾ ਹੋਈਆਂ। ਮੈਂ ਉਹਦੇ ਕੋਲੋਂ ਉਠ ਆਇਆ। ਲਗਦਾ ਏ ਵਲੀ ਅੱਲ੍ਹਾ ਗਵਾਚ ਗਿਆ ਏ। ਉਂਜ ਤਾਂ ਕੋਈ ਗੱਲ ਨਹੀਂ ਪਰ ਐਵੇਂ ਕਦੀ ਕਦੀ ਸਿਆਲ ਨੂੰ ਜਦੋਂ ਬਹੁਤੀ ਠੰਡ ਹੁੰਦੀ ਏ, ਮੈਂ ਸਵੇਰੇ ਕੰਮ ਨੂੰ ਜਾਂਦੇ ਮਾਰ ਦੇ ਡਰ ਤੋਂ ਆਪਣਾ ਧੌਲਿਆਂ ਆਲਾ ਸਿਰ ਵਲੀ ਅੱਲ੍ਹਾ ਅੱਗੇ ਕਰ ਦੇਣਾ ਵਾਂ ਤੇ ਆਹਨਾਂ :

'ਲੈ ਵਲੀ ਅੱਲ੍ਹਾ ਦਮ ਕਰ ਦੇ।'



## ਉਦਾਸ ਸ਼ਾਮ

ਉੱਨੀ ਵੀਹ ਵਰ੍ਹਿਆਂ ਪਿੱਛੋਂ ਉਹ ਮਿਲੀ ਹੋਣੀ ਏ। ਲਿਖਾਰੀਆਂ ਦਾ ਇਕੱਠ ਸੀ ਸ਼ਹਿਰ ਦੇ ਇਕ ਵੱਡੇ ਹੋਟਲ। ਹਾਲ ਦੇ ਬੂਹੇ ਕੋਲ ਉਹ ਇਕ ਪਾਸੇ ਖਲੋਤੀ ਹੋਈ ਸੀ। ਮੈਂ ਦੂਰੋਂ ਸਿਹਾਣ ਉਹਦੇ ਵਲੇ ਹੋਇਆ।

ਪੁੱਛਿਆ, 'ਕੀ ਹਾਲ ਏ ਜੀ ?'

ਉਸ ਕੋਈ ਨੀਝ ਨਾ ਵਿਖਾਈ, ਖ਼ੌਰੇ ਸਿਹਾਣਿਆ ਈ ਨਾ।

'ਤੂੰ ਕਿੰਜ ਦਾ ਏਂ ?' ਆਖ ਅਸਾਂਗੇ ਨਾਲ ਉਥਾਂ ਈ ਖਲੋਤੀ ਰਹੀ।

'ਲਗਦਾ ਏ ਪਹਿਚਾਣਿਆ ਨਹੀਂ ਤੁਸੀਂ।'

ਭਾਵੇਂ ਮੈਂ ਉਹਦਾ ਨਾਂ ਭੁੱਲ ਗਿਆ ਸਾਂ ਪਰ ਉਹ ਮੇਰਾ ਨਾਂ ਲੈ ਕੇ ਬੋਲੀ।

'ਤੂੰ ਯੂਸਫ਼ ਈ ਏਂ ਨਾ ?'

'ਹਾਂ!' ਉਹਦੀ ਯਾਦਾਸ਼ਤ 'ਤੇ ਖੁਸ਼ ਹੁੰਦਿਆਂ ਮੈਂ ਕਿਹਾ ਤੇ ਗੱਲ ਤੋਰੀ, 'ਬਾਹਰ ਤੁਰ ਗਿਆ ਸਾਂ ਮੈਂ।'

'ਪਤਾ ਏ ਮੈਨੂੰ।'

ਉਹਦੇ ਜਵਾਬ ਤੋਂ ਜਾਪਿਆ ਗੱਲ ਭਾਵੇਂ ਰਿੜ੍ਹ ਈ ਪਵੇ।

'ਤੂੰ ਏਥੇ ਹੀ ਰਹਿਨੀ ਏਂ, ਪੁਰਾਣੇ ਮੁਹੱਲੇ।'

'ਨਹੀਂ।' ਉਸ ਸ਼ਹਿਰ ਦੀ ਇਕ ਹੋਰ ਨਵੀਂ ਬਸਤੀ ਦਾ ਦੱਸਿਆ, ਹੁਣ ਜਿਹੜੀ ਬਹੁਤੀ ਨਵੀਂ ਵੀ ਨਹੀਂ ਸੀ ਰਹੀ।

ਹਾਲ ਅੰਦਰੋਂ ਲੋਕੀਂ ਆਉਂਦੇ ਜਾਂਦੇ ਪਏ ਸਨ ਤੇ ਗੱਲਾਂ ਕਰਦੇ ਉਸ ਨਾਲੋ ਨਾਲ ਉਹਨਾਂ ਨੂੰ ਵੀ ਨਜ਼ਰੀਂ ਰੱਖਿਆ ਹੋਇਆ ਸੀ। ਕਿਸੇ ਦੀ ਉਡੀਕ ਵਿਚ ਸੀ ਜਿਵੇਂ। ਕਿਸੇ ਨੂੰ ਭਾਲਦੀ ਪਈ ਸੀ ਖ਼ੌਰੇ। ਉਦੋਂ ਤਾਂ ਉਹ ਸੁੱਕੀ ਸੜੀ ਹੁੰਦੀ ਪਰ ਹੁਣ ਭਰੇ ਸਰੀਰ ਦੀ ਹੰਢੀ ਵਰਤੀ ਜ਼ਨਾਨੀ ਸੀ। ਮੈਂ ਗੱਲ ਟੋਰੀ ਰੱਖਣਾ ਚਾਹੁੰਦਾ ਸਾਂ :

'ਵਿਆਹ ਤਾਂ ਹੋ ਗਿਆ ਹੋਣਾ ਏਂ।'

'ਹੋਇਆ ਸੀ।'

ਨਿੱਕੇ ਨਿੱਕੇ ਫਿਕਰਿਆਂ ਵਿਚ ਹੀ ਉਹ ਗੱਲ ਮੁਕਾ ਦੇਂਦੀ ਤੇ ਅੱਗੋਂ ਗੱਲ ਦਾ ਲੜ ਫੜਨ ਹੀ ਨਾ ਦੇਂਦੀ।

ਪਰ ਢੀਠ ਹੋ ਗਿਆ ਮੈਂ। ਗੱਲ ਸੀ ਹੀ ਕੁਝ ਇੰਜ ਦੀ।

'ਕੀ ਮਤਲਬ ?'
'ਹੋਇਆ ਸੀ, ਜਦੋਂ ਦਿਲ ਕੀਤਾ ਉਹਨੂੰ ਭਜਾ ਦਿੱਤਾ।'
'ਬਾਲ ਬੱਚੇ।'
'ਦੋ ਨੇ, ਕੋਲ ਈ ਨੇ ਮੇਰੇ। ਸਕੂਲ ਇਕ ਖੋਲ੍ਹਿਆ ਹੋਇਆ ਏ ਘਰ ਥੱਲੇ ਈ। ਉਹ ਚਲਾਨੀ ਆਂ।'

ਆਪਣੇ ਵੱਲੋਂ ਸਾਰੀ ਗੱਲ ਮੁਕਾ ਦਿੱਤੀ ਉਸ ਤੇ ਹੋਟਲੋਂ ਬਾਹਰ ਜਾਣ ਲਈ ਅਗਾਂਹ ਤੁਰ ਪਈ। ਮੈਂ ਵੀ ਨਾਲੇ ਈ ਸਾਂ।

'ਚਾਹਵੇਂ ਤਾਂ ਘਰ ਡਰਾਪ ਕਰ ਦੇਨਾ ਵਾਂ।'
'ਨਹੀਂ ਚਲੀ ਜਾਵਾਂਗੀ...ਰਿਕਸ਼ੇ ਵਿਚ...ਸੁਖੀ ਏਂ ਨਾ ਤੂੰ...? ਮਿਲਦੀਆਂ ਰਹਿੰਦੀਆਂ ਸਨ ਤੇਰੀਆਂ ਖ਼ਬਰਾਂ।'
'ਕਦੀ ਫੇਰ ਮਿਲ ਨਾ।'

ਉਸ ਅਗਲੇ ਹਫਤੇ ਸ਼ਾਮੀਂ ਉਸ ਕਾਫ਼ੀ ਹਾਊਸ ਦਾ ਦੱਸਿਆ ਜਿਥੇ ਅਸੀਂ ਇਕ ਵੇਲੇ ਮਿਲਦੇ ਹੁੰਦੇ ਸਾਂ।

ਕਾਲਜ ਵਿਚ ਸਾਂ ਮੈਂ ਉਦੋਂ। ਕਈ ਪੜ੍ਹਿਆਰਾਂ ਹਾਰ ਲਿਖਣ ਦਾ ਚਾਅ ਤੇ ਇਕੱਠਾਂ ਵਿਚ ਪੜ੍ਹਨੇ ਦਾ ਸ਼ੌਕ। ਸਗੋਂ ਲਿਖਣ ਦਾ ਘੱਟ ਤੇ ਇਕੱਠਾਂ ਵਿਚ ਪੜ੍ਹਨ ਦਾ ਬਹੁਤਾ। ਇਨ੍ਹਾਂ ਇਕੱਠਾਂ ਵਿਚ ਉਸ ਵੀ ਆਉਣਾ ਤੇ ਖ਼ੌਰੇ ਕਿਸੇ ਕਾਲਜ ਪੜ੍ਹਦੀ ਹੋਣਾ...। ਕਈ ਵਾਰੀ ਉਸ ਨਾਲ ਮੇਲ ਹੋਣਾ ਪਰ ਗੱਲ ਨਾ ਬਹੁਤੀ ਹੋਣੀ। ਕੀ ਲਿਖਦੀ ਸੀ ਉਹ ਜਾਂ ਨਹੀਂ ਸੀ ਲਿਖਦੀ, ਹੁਣ ਚੇਤੇ ਨਹੀਂ ਮੈਨੂੰ। ਮੇਰੇ ਬੇਲੀਆਂ ਜ਼ਫ਼ਰੀ ਤੇ ਮਲਿਕ ਨੂੰ ਐਵੇਂ ਹੀ ਦੂਜਿਆਂ ਨਾਲ ਪੀਂਘਾਂ ਵਧਾਵਣ ਦਾ ਬੜਾ ਚਾਅ ਹੁੰਦਾ ਸੀ।

ਏਸ ਗੱਲ ਨੂੰ ਅਸੀਂ ਟਿਚਕਾਰ ਨਾਲ ਪਿਆਰ ਵਧਾਣਾ ਕਹਿੰਦੇ ਸਾਂ। ਮਤਲਬ ਪਬਲਿਕ ਰੀਲੇਸ਼ਨ। ਪੀ.ਆਰ. ਕਰਨ ਦਾ ਮਲਿਕ ਨੂੰ ਬੜਾ ਠਰਕ ਸੀ, ਖਾਸ ਕਰ ਕੁੜੀਆਂ ਨਾਲ। ਉਮਰ ਵੀ ਇੰਜ ਦੀ ਸੀ ਜਦ ਪੜ੍ਹਿਆਰਾਂ ਕੋਲ ਮਸ਼ਹੂਰ ਲਿਖਾਰੀਆਂ ਕੋਲੋਂ ਆਟੋਗ੍ਰਾਫ਼ ਲੈਣ ਤੋਂ ਅੱਡ ਕਰਨ ਲਈ ਹੋਰ ਗੱਲ ਨਾ ਹੁੰਦੀ।

ਇਕ ਦਿਨ ਇਕੱਠ ਮਗਰੋਂ ਮਲਿਕ ਉਸ ਕੁੜੀ ਨੂੰ ਮੇਰੇ ਨਾਲ ਮਿਲਾਇਆ ਤੇ ਆਖਿਆ, 'ਸ਼ਾਮ ਦਾ ਵੇਲਾ ਏ ਯਾਰ, ਇਹਨੂੰ ਘਰ ਛੱਡ ਦਈਂ। ਤੇਰੇ ਮੁਹੱਲੇ ਹੀ ਰਹਿੰਦੀ ਏ।' ਇਹ ਆਖ ਉਹ ਹਮੇਸ਼ਾ ਵਾਂਗ ਗ਼ਾਇਬ ਹੋ ਗਿਆ। ਐਨੀ ਛੇਤੀ ਘਰ ਨਹੀਂ ਜਾਣਾ ਚਾਹੁੰਦਾ ਸਾਂ ਮੈਂ। ਫਸਾ ਗਿਆ ਮਲਿਕ। ਮੈਂ ਉਸ ਨਿੱਕੀ ਜਿਹੀ ਕੁੜੀ ਵੱਲ ਤੱਕਿਆ। ਮਾੜਾ ਜਿਹਾ ਲੰਙ ਸੀ ਉਹਨੂੰ ਤੇ ਲੰਙ ਕੇ ਚਲਦੀ ਸੀ। ਝਬਦੇ ਹੀ ਉਸ ਗੱਲਾਂ ਛੋਹ ਦਿੱਤੀਆਂ। ਮੇਰੇ ਮਲਿਕ ਦੇ ਬੇਲੀ ਹੋਵਣ ਦਾ ਤਾਂ ਪਤਾ ਹੀ ਸੀ ਉਹਨੂੰ ਤੇ ਮਲਿਕ ਦੀ ਸੀ ਉਹ ਚੰਗੀ ਜਾਣੂ। ਆਮ ਜਿਹਾ ਮੁਹਾਂਦਰਾ ਪਰ ਨੈਣ ਨਕਸ਼ ਤ੍ਰਿਖੇ ਹੋਵਣ ਪਾਰੋਂ ਮੂੰਹ ਮੱਥੇ ਸੀ ਲਗਦੀ। ਉਸ ਥਾਂ ਉੱਤੇ ਹੋਵਣ, ਉਸ ਇਕੱਠ ਤੇ ਲੋਕਾਂ ਨਾਲ ਮਿਲਣ ਉੱਤੇ ਉਹ ਉਲੇਲੀ ਗਈ ਤੇ ਏਸ ਉਲੇਲ ਦੀ ਲੋਰ ਵਿਚ ਹੀ ਗੱਲਾਂ ਕਰੀ ਗਈ। ਬਾਹਰ ਸੜਕੇ ਆਣ ਜਦ ਬੱਸ ਦੀ ਉਡੀਕ ਵਿਚ ਖਲੋਤੇ ਤੇ ਇਕ ਦੂਜੇ ਨਾਲ ਗੱਲਾਂ ਕਰਨਾ ਕਿੰਨਾ ਚੰਗਾ ਲਗਦਾ ਪਿਆ ਸੀ।



ਅਸੀਂ ਨੀਲੀ ਬਾਰ ਦੇ ਬੱਸ ਸਟਾਪ ਉੱਤੇ ਬੱਸ ਤੋਂ ਲਹਿ ਕੇ ਇਕ ਗਲੀ ਵਿਚ ਪੈ ਗਏ। ਸ਼ਾਮ ਲੱਥ ਪਈ। ਪਵੰਦ ਸਿਆਲ ਦੇ ਦਿਨ ਤੇ ਪੋਲੇ ਪੈਰੀਂ ਆਉਂਦੀ ਠੰਡ ਗਲੀਆਂ ਮੱਲ ਕੇ ਬੈਠੀ ਹੋਵੇ। ਮੇਰਾ ਘਰ ਤਾਂ ਸਟਾਪ ਤੋਂ ਨੇੜੇ ਸੀ ਪਰ ਉਸਦਾ ਵਾਹਵਾ ਅਗਾਂਹ। ਲੰਙ ਹੋਵਣ ਪਾਰੋਂ ਉਹ ਹੌਲੀ ਹੌਲੀ ਤੁਰਦੀ ਗੱਲਾਂ ਕਰਦੀ ਜਿਵੇਂ ਸਾਹ ਲੈਣ ਲਈ ਮੇਰਾ ਹੱਥ ਵੀ ਫੜ ਲੈਂਦੀ। ਅਸਲ ਆਬਾਦੀ ਤੋਂ ਵੀ ਕੁਝ ਹਟਵਾਂ ਹੀ ਸੀ ਉਹਦਾ ਘਰ। ਗਲੀਆਂ ਕੱਚੀਆਂ ਤੇ ਟਾਵੇਂ ਟਾਵੇਂ ਘਰ। ਉਹਦੇ ਘਰ ਦੇ ਨਾਲ ਹੀ ਪੈਲੀਆਂ ਆ ਜਾਂਦੀਆਂ ਸਨ। ਲਾਹੌਰ ਸਾਰੇ ਦਾ ਆਲ ਦਵਾਲ ਉਦੋਂ ਇੰਜ ਦਾ ਹੀ ਸੀ। ਨਵਾਂ ਬਣਿਆ ਸੀ ਘਰ। ਅਜੇ ਤੇ ਕੰਧਾਂ ਪਲਸਤਰ ਤੇ ਸਫੈਦੀ ਤੋਂ ਵਾਂਝੀਆਂ ਸਨ। ਖਿਆਲ ਮੇਰਾ ਤਾਂ ਇਹੋ ਸੀ ਕਿ ਉਹਨੂੰ ਘਰ ਅੱਪੜਾ ਬਾਹਰੋਂ ਬਾਹਰ ਪਰਤ ਆਸਾਂ। ਖ਼ੌਰੇ ਉਹਦੇ ਘਰ ਆਲੇ ਕਿੰਜ ਦੇ ਹੋਵਣ ? ਏਸ ਗੱਲ ਨੂੰ ਚੰਗਾ ਵੀ ਜਾਨਣ ਕਿ ਨਾ ਕਿ ਉਹ ਇਕ ਜਵਾਨ ਓਪਰੇ ਮੁੰਡੇ ਨਾਲ ਆਈ ਹੈ। ਪਰ ਉਸ ਇੰਜ ਮੈਨੂੰ ਘਰ ਅੰਦਰੇ ਲੈ ਖੜਿਆ ਜਿਵੇਂ ਇਹ ਤਾਂ ਮਿਥਿਆ ਸੀ ਕਿ ਘਰ ਵਾਲਿਆਂ ਨੂੰ ਮਿਲ ਕੇ ਜਾਣਾ ਏ। ਵਿਹੜੇ ਵਿਚ ਉਹਦੀ ਮਾਂ ਇਕ ਪਾਸੇ ਚੁੱਲ੍ਹੇ ਉੱਤੇ ਪਾਥੀਆਂ ਬਾਲਣ ਦੇ ਆਹਰੇ ਲੱਗੀ ਸੀ।

ਘਰਾਂ ਵਿਚ ਅਜੇ ਗੈਸ ਨਹੀਂ ਸੀ ਆਈ। ਸ਼ਹਿਰ ਦੀਆਂ ਕੁਝ ਸੌਖੀਆਂ ਥਾਵਾਂ 'ਤੇ ਪਾਈਪਾਂ ਵਿਛਦੀਆਂ ਪਈਆਂ ਸਨ। ਵਿਹੜਾ ਪਾਥੀਆਂ ਦੇ ਧੂੰਏਂ ਨਾਲ ਭਰਿਆ ਸੀ। ਪਿਉ ਉਹਦਾ ਬੀਮਾਰ ਮੰਜੀ ਲੱਗਾ ਖੰਘਦਾ ਸੀ ਪਿਆ। ਮੈਂ ਖਿਆਲ ਕੀਤਾ ਕਿ ਹੋਵੇ ਨਾ ਹੋਵੇ ਟੀ.ਬੀ. ਹੋਣੀ ਏ। ਸਾਰੇ ਖੰਘਣ ਵਾਲਿਆਂ ਨੂੰ ਟੀ.ਬੀ. ਹੀ ਹੁੰਦੀ ਸੀ ਉਦੋਂ। ਉਹਦੀ ਨਿੱਕੀ ਭੈਣ ਕਮਰੇ ਤੋਂ ਝਾਤੀਆਂ ਮਾਰਦੀ ਲੱਜ ਪਾਰੋਂ ਬਾਹਰ ਨਹੀਂ ਸੀ ਆਉਂਦੀ ਪਈ। ਉਹਨੇ ਮਾਂ ਨੂੰ ਦੱਸਿਆ ਇਹ ਮੈਨੂੰ ਘਰ ਛੱਡਣ ਆਏ ਨੇ ਤੇ ਨੇੜੇ ਹੀ ਰਹਿੰਦੇ ਨੇ। ਉਸੇ ਵੇਲੇ ਮਾਂ ਉਹਦੀ ਪ੍ਰਾਹੁਣਾਚਾਰੀ ਦੇ ਚਾਅ ਨਾਲ ਭਰ ਗਈ ਤੇ ਝੱਟ ਉਹਦੇ ਪਿਉ ਕੋਲ ਇਕ ਦੂਜੀ ਮੰਜੀ ਡਾਹ ਉਸ ਉੱਤੇ ਇਕ ਦਰੀ ਤੇ ਫੁੱਲਾਂ ਵਾਲੀ ਚਾਦਰ ਵਿਛਾ ਨਾਲੇ ਇਕ ਰੰਗਲਾ ਸਿਰਹਾਣਾ ਧਰ ਦਿੱਤਾ।

'ਜੁੱਤੀ ਲਾਹ ਕੇ ਅਰਮਾਨ ਨਾਲ ਬਹਿ ਪੁੱਤਰ, ਰੋਟੀ ਪਕਦੀ ਪਈ ਏ, ਖਾ ਕੇ ਈ ਜਾਈਂ।' ਚੁੱਲ੍ਹਾ ਧੁਖਿਆ ਤੇ ਆਉਂਦੇ ਸਿਆਲ ਦਾ ਨਰੋਇਆ ਠੰਡਾ ਵਿਹੜਾ ਨਿੱਘ ਨਾਲ ਭਰ ਗਿਆ। ਮਾਂ ਉਹਦੀ ਚੁੰਨੀ ਨਾਲ ਮੂੰਹ ਪੂੰਝਦੀ ਚੁੱਲ੍ਹੇ ਉੱਤੇ ਹਾਂਡੀ ਚਾੜ੍ਹ ਛੇਤੀ ਛੇਤੀ ਆਟਾ ਗੁੰਨ੍ਹਣ ਲੱਗ ਪਈ ਤੇ ਉਹ ਕੁੜੀ ਮੇਰੇ ਕੋਲ ਮੰਜੀ ਦੇ ਇਕ ਪਾਸੇ ਬਹਿ ਆਪਣੇ ਪਿਉ ਨੂੰ ਸਾਡਿਆਂ ਰੁਝੇਵਿਆਂ ਬਾਰੇ ਦੱਸਣ ਲੱਗ ਪਈ। ਉਹਦੇ ਮਾਪੇ ਏਸ ਗੱਲ ਉੱਤੇ ਬਹੁਤ ਖ਼ੁਸ਼ ਸਨ ਕਿ ਉਹਨਾਂ ਦੀ ਧੀ ਕਿੰਨੀ ਸਿਆਣੀ ਏ ਤੇ ਲਿਖਾਰੀਆਂ ਨਾਲ ਮਿਲ ਕੇ ਕਿੰਨੀਆਂ ਚੰਗੀਆਂ ਗੱਲਾਂ ਸੁਣਦੀ ਤੇ ਕਰਦੀ ਏ। ਉਹਨਾਂ ਦੇ ਦਿਲ ਲੋਕਾਂ ਬਾਰੇ ਇਕ ਖਾਸ ਤਰ੍ਹਾਂ ਦੀ ਚੰਗਿਆਈ ਤੇ ਵਿਸਾਹ ਨਾਲ ਭਰੇ ਪਏ ਸਨ। ਮੈਂ ਉਹਨਾਂ ਦੀ ਖੁੱਲ੍ਹਦਿਲੀ ਤੇ ਅਪਣੱਤ ਉੱਤੇ ਹੈਰਾਨ ਸਾਂ। ਏਸ ਗੱਲੋਂ ਕਿ ਮੈਂ ਉਹਨਾਂ ਦੀ ਧੀ ਨੂੰ ਘਰ ਛੱਡਣ ਆਇਆ ਹਾਂ। ਉਹ ਮੇਰਾ ਇੰਜ ਆਦਰ ਕਰਦੇ ਹੋਵਣ ਕਿ ਸਮਝ ਨਹੀਂ ਸੀ ਆਉਂਦੀ ਕਿ ਮੈਂ ਕੀ ਗੱਲ ਕਰਾਂ ?

ਉਸ ਸਮੇਂ ਚੁੱਲ੍ਹੇ ਤੋਂ ਆਉਂਦੇ ਮੱਠੇ ਮੱਠੇ ਸੇਕ ਨਾਲ ਭਰੇ ਵਿਹੜੇ ਵਿਚ ਮੰਜੀ ਉੱਤੇ

ਬੈਠਾ ਉਸ ਕੁੜੀ ਤੇ ਉਹਦੇ ਘਰ ਵਾਲਿਆਂ ਨਾਲ ਕਿੰਨੀ ਦੇਰ ਮਿੱਠੀਆਂ ਮਿੱਠੀਆਂ ਗੱਲਾਂ ਕਰਦਾ ਰਿਹਾ। ਬਨੇਰਿਆਂ ਉੱਤੇ ਕਾਂ ਰਾਤ ਤੋਂ ਅਗਦੋਂ ਦਾ ਅਖੀਰੀ ਰੌਲਾ ਪਾਉਂਦੇ ਲੱਥਦੀ ਕਾਲਖ਼ ਵਿਚ ਗਾਇਬ ਹੁੰਦੇ ਜਾਂਦੇ ਸਨ। ਕਿੰਨਾ ਚਿਰ ਉਹਦੀ ਮਾਂ ਮੇਰੀਆਂ ਤੇ ਮੇਰੇ ਘਰ ਵਾਲਿਆਂ ਦੀਆਂ ਗੱਲਾਂ ਕਰਦੀ ਰਹੀ। ਚੁੱਲ੍ਹੇ ਕੋਲ ਚੌਂਕੀਆਂ ਉੱਤੇ ਬਹਿ ਅਸਾਂ ਸਾਰਿਆਂ ਨੇ ਰਲ ਕੇ ਰੋਟੀ ਖਾਧੀ। ਉਹ ਸਾਡੇ ਲੱਖਾਂ ਘਰਾਂ ਦੀ ਆਮ ਜਿਹੀ ਸ਼ਾਮ ਸੀ ਪਰ ਉਸ ਕੁੜੀ ਦੇ ਚਾਅ ਤੇ ਮੋਹ ਨੇ ਉਸ ਨੂੰ ਖ਼ਾਸ ਬਣਾ ਦਿੱਤਾ ਸੀ।

ਪਰ ਮੈਂ ਅਸਲ ਗੱਲ ਨਾ ਗੌਲੀ। ਮੇਰੇ ਨਾਲ ਇੰਜੇ ਹੁੰਦਾ ਏ। ਕਈ ਵਰ੍ਹਿਆਂ ਪਿਛੋਂ ਜਦ ਗੱਲ ਦੀ ਸਮਝ ਪੈਂਦੀ ਏ ਤਾਂ ਪਿੱਛੇ ਨੱਸਦਾਂ। ਪਰ ਕਿਥੇ ? ਮੈਂ ਤਾਂ ਇਹੋ ਸਮਝਿਆ ਕਿ ਉਹਨੂੰ ਘਰ ਛੱਡਣਾ ਏ ਤੇ ਬਸ। ਏਸ ਤੋਂ ਅਗਾਂਹ ਦੀ ਮੇਰੇ ਮਨ ਵਿਚ ਕੋਈ ਸੋਚ ਨਾ ਆਈ। ਏਸ ਲਈ ਉਹ ਸ਼ਾਮ ਉਸ ਘਰ ਮੇਰੀ ਪਹਿਲੀ ਤੇ ਛੇਕੜਲੀ ਸ਼ਾਮ ਬਣੀ। ਏਸ ਤੋਂ ਪਿੱਛੋਂ ਵੀ ਉਹ ਮਿਲੀ ਪਰ ਉਹ ਐਨਿਆਂ ਬੰਦਿਆਂ ਵਿਚ ਘਿਰੀ ਹੁੰਦੀ ਤੇ ਫੇਰ ਮੇਰਾ ਫਿਰੰਤੂ ਤੇ ਕਾਹਲਾ ਸਭਾਅ ਕਹਿ ਲਵੋ ਕਿ ਮੈਂ ਮੁੜ ਉਹਨੂੰ ਘਰ ਛੱਡਣ ਨਾ ਗਿਆ। ਲੇਸ ਵੀ ਮੈਂ ਹੁੰਦਾ। ਮੈਂ ਉਹਨੂੰ ਮਿਲਣਾ ਤੇ ਉਸ ਆਖਣਾ, 'ਕਿਥੇ ਏਂ ਤੂੰ ?' ਤੇ ਉਹਦੀਆਂ ਅੱਖਾਂ ਵਿਚ ਇੰਜ ਦੀ ਗੱਲ ਹੋਣੀ ਕਿ ਤੇਰੇ ਨਾਲ ਗੱਲ ਕਰਨੀ ਏ। ਪਰ ਇਕੱਠ ਮਗਰੋਂ ਆਪੋ ਆਪਣੀਆਂ ਢਾਣੀਆਂ ਬਣ ਜਾਣੀਆਂ ਤੇ ਸਾਰਿਆਂ ਇੰਜ ਏਧਰ ਉਧਰ ਖਿਲਰ ਜਾਣਾ ਕਿ ਉਸ ਨਾਲ ਮੁੜ ਮਿਲਣ ਹੀ ਨਾ ਹੋਣਾ। ਵੇਲਾ ਵੀ ਕੁਝ ਇੰਜ ਦਾ ਸੀ। ਨਵੀਂ ਆਈ ਅਵਾਮੀ ਦੀ ਨਰੋਈ ਖੁੱਲ੍ਹ ਪਾਰੋਂ ਲਿਖਾਰੀਆਂ ਵਿਚ ਬੜਾ ਉੱਦਮ ਤੇ ਗਰਮਾਇਸ਼ ਸੀ। ਚੜ੍ਹਦੀ ਸੁਰਤ ਲਹਿਰ ਤੋਂ ਟੁੰਬੇ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਪੜ੍ਹਿਆਰਾਂ ਦਾ ਤੇ ਕੋਈ ਅੰਤ ਹੀ ਨਹੀਂ ਸੀ।

ਇਕੱਠ ਮਗਰੋਂ ਮਲਿਕ ਸ਼ੋਹਦੇ ਕੋਲ ਹਮੇਸ਼ ਵਾਂਗਰ ਕੋਈ ਨਾ ਕੋਈ ਗੱਲ ਹੁੰਦੀ, ਜਿਹੜੀ ਉਸ ਸਾਰਿਆਂ ਨਾਲ ਸਾਂਝੀ ਕਰਕੇ ਹੀ ਘਰ ਜਾਣਾ ਹੁੰਦਾ। 'ਸਾਰੇ ਬੂਟਾ ਟੀ ਸਟਾਲ ਉੱਤੇ ਅਪੜੋ, ਬੜੀ ਜ਼ਰੂਰੀ ਗੱਲ ਏ। ਪੈਸੇ ਮੈਂ ਕਰ ਲਏ ਨੇ।' ਇਹ ਆਖ ਉਸ ਸਾਰਿਆਂ ਨੂੰ ਭਾਜੜ ਪਾ ਦੇਣੀ ਤੇ ਐਵੇਂ ਹੀ ਇਕ ਅਚੰਭੇ ਨਾਲ ਭਰ ਦੇਣਾ। ਪੈਸੇ ਸਾਡੇ ਕਿਸੇ ਕੋਲ ਨਾ ਹੋਣੇ ਤੇ ਟੀ ਸਟਾਲਾਂ ਉੱਤੇ ਰਾਤਾਂ ਦੇ ਇਕ ਦੋ ਵਜਾਣੇ। ਲੰਮੀਆਂ ਬਹਿਸਾਂ, ਫੈਲਸੂਫ਼ੀਆਂ, ਸਿਆਸਤਾਂ ਤੇ ਇਕ ਦੂਜੇ ਨਾਲ ਤੁਅੱਲਕ ਦੀਆਂ ਗੱਲਾਂ। ਯਾਰੀਆਂ ਵੀ ਰੋਸੇ ਵੀ। ਫੇਰ ਵੀ ਕਈਆਂ ਦਾ ਈ ਘਰ ਜਾਵਣ ਨੂੰ ਦਿਲ ਨਾ ਕਰਨਾ ਤੇ ਪੈਸੇ ਦੇ ਸਿਗਰਟ ਮੁੱਕ ਜਾਣੇ ਤੇ ਸਿਗਟਾਂ ਦੇ ਅਖੀਰੀ ਸੂਟਿਆਂ ਉੱਤੇ ਲੜਾਈਆਂ ਹੋਣੀਆਂ ਤੇ ਮੁੜ ਸਾਰਿਆਂ ਪੈਦਲ ਘਰ ਤੁਰ ਜਾਣਾ। ਸਗੋਂ ਅਹਿਮਦ ਦਾ ਘਰ ਤਾਂ ਅੱਠ ਦਸ ਮੀਲ ਹੁੰਦਾ ਸੀ।

ਕੁਝ ਚਿਰ ਪਿੱਛੋਂ ਮੈਂ ਯੂਨੀਵਰਸਿਟੀ ਦਾਖ਼ਲ ਹੋਇਆ ਤੇ ਉਥੇ ਇਸਲਾਮੀ ਪਾਰਟੀ ਵਾਲਿਆਂ ਕੋਲੋਂ ਇਕ ਦੋ ਵਾਰੀ ਕੁੱਟ ਖਾਵਣ ਮਗਰੋਂ ਗਰਮੀਆਂ ਦੀਆਂ ਛੁੱਟੀਆਂ ਵਿਚ ਹੀ ਪੜ੍ਹਾਈ ਛੱਡ ਮੁਲਕੋਂ ਬਾਹਰ ਤੁਰ ਗਿਆ। ਡੇਢ ਦੋ ਵਰ੍ਹਿਆਂ ਪਿੱਛੋਂ ਪਰਤਿਆ ਪਰ ਹੋਰ ਦੇ ਹੋਰ ਕੰਮਾਂ ਵਿਚ ਰੁੱਝਿਆ ਰਿਹਾ। ਢਿੱਡ ਦੀ ਅੱਗ ਵੀ ਕੁਝ ਗੱਲਾਂ ਭੁਲਾ ਦਿੱਤੀਆਂ ਤੇ ਕੁਝ ਭੁੱਲੀਆਂ ਅੱਗੇ ਲਿਆ ਧਰੀਆਂ। ਨਾ ਉਹ ਕਦੀ ਨਜ਼ਰੀਂ ਪਈ ਨਾ ਕਿਸੇ ਉਹਦੀ ਗੱਲ ਕੀਤੀ। ਲਾਠੀ ਗੋਲੀ ਦੀ ਸਰਕਾਰ ਨੇ ਸਭ ਨੂੰ ਭਜਾ ਦਿੱਤਾ। ਇਕੱਠ ਮੁੱਕ ਗਏ ਤੇ



ਸਾਰਿਆਂ ਹਾਰ ਉਹ ਵੀ ਗਾਇਬ ਹੋ ਗਈ। ਲੋਕ ਘਰਾਂ ਵਿਚ ਚੁੱਪ ਜਿਹੇ ਕਰਕੇ ਬਹਿ ਗਏ।

ਮਲਿਕ ਵੀ ਪਰਦੇਸੀ ਹੋ ਗਿਆ। ਪਿੱਛੇ ਕਿਤੇ ਉਹ ਦੇਸ ਪਰਤਿਆ ਤੇ ਪੁਰਾਣੀਆਂ ਗੱਲਾਂ ਵਿਚ ਉਹਦਾ ਜ਼ਿਕਰ ਵੀ ਹੋਇਆ। ਮਲਿਕ ਆਖਿਆ ਉਹ ਤਾਂ ਤੇਰਾ ਬੜਾ ਪੁੱਛਦੀ ਹੁੰਦੀ ਸੀ। ਸਗੋਂ ਤੇਰੇ ਪਰਦੇਸ ਜਾਵਣ ਪਿੱਛੋਂ ਪਤਾ ਲੈਣ ਲਈ ਘਰ ਤੇਰੀ ਮਾਂ ਨੂੰ ਵੀ ਮਿਲੀ ਸੀ। ਮੈਨੂੰ ਸਾਰੀ ਗੱਲ ਦਾ ਚੇਤਾ ਪਿਆ ਤੇ ਉਹਦੇ ਘਰ ਦੀ ਉਹ ਸ਼ਾਮ ਮੂਰਤ ਹਾਰ ਸਗਵੀਂ ਤੇ ਸਮੁੱਚੀ ਸਾਹਮਣਿਓਂ ਲੰਘ ਗਈ। ਸਾਰਿਆਂ ਰੰਗਾਂ ਤੇ ਰੂਪਾਂ ਨਾਲ ਜਿਵੇਂ ਕਦੀ ਐਵੇਂ ਰੇਤ ਨੂੰ ਫਰੋਲੀਏ ਤਾਂ ਹੇਠੋਂ ਨਰੋਈ ਬੂਟੀ ਨਿਕਲ ਆਉਂਦੀ ਹੈ। ਉਸ ਪੁਰਾਣੀ ਖ਼ੁਸ਼ਬੋਈ ਵਾਂਗਰ ਜਿਹੜੀ ਮੁੜ ਕਿਤੋਂ ਲੰਘਦੇ ਆਏ ਤਾਂ ਹਰ ਸ਼ੈ ਚੇਤੇ ਧਰ ਜਾਂਦੀ ਹੈ। ਮਲਿਕ ਨੂੰ ਗੱਲਾਂ ਕਰਦੇ ਉਥੇ ਬੈਠੇ ਬੈਠੇ ਮੈਨੂੰ ਸਾਰੀ ਗੱਲ ਦੀ ਸਾਰ ਹੋਈ। ਪਰ ਇਕ ਗੱਲ ਦੀ ਸਾਰ ਆਉਂਦਿਆਂ ਕਿੰਨਾ ਵੇਲਾ ਲੰਘ ਜਾਂਦਾ ਏ ਤੇ ਜਦੋਂ ਉਹ ਵਾਪਰੀ ਹੋਵੇ ਤਾਂ ਅਸਲ ਗੱਲ ਕਿੰਜ ਅੱਖੋਂ ਪਰੋਖੇ ਹੋ ਜਾਂਦੀ ਹੈ ?

ਪਰ ਉਹਨੂੰ ਇਕ ਵਾਰ ਮਿਲਣਾ ਜ਼ਰੂਰ ਚਾਹੁੰਦਾ ਸਾਂ। ਪਤਾ ਨਹੀਂ ਕਿਉਂ ? ਖੌਰੇ ਏਸ ਲਈ ਕਿ ਤੁਅੱਲਕ ਦਾ ਭਾਰ ਤਾਂ ਮੇਰੇ ਉੱਤੇ ਹੀ ਸੀ ਤੇ ਉਹ ਮੈਂ ਗੋਲਿਆ ਈ ਨਾ। ਅੱਜ ਉਹ ਐਨੇ ਵਰ੍ਹਿਆਂ ਪਿਛੋਂ ਮਿਲੀ ਸੀ। ਉਸ ਕੋਲ ਖੜ੍ਹੇ, ਉਸ ਨਾਲ ਗੱਲਾਂ ਕਰਦੇ ਅਸੀਂ ਅੱਜ ਦੋਵੇਂ ਪਹਿਲੀ ਵਾਰ ਅਸਲ ਗੱਲ ਦੀ ਸਾਰ ਨਾਲ ਖਲੋਤੇ ਸਾਂ। ਪਰ ਵਿਚ ਵੇਲੇ ਵੀ ਐਨੀ ਵਿੱਥ ਸੀ ਪੈ ਗਈ। ਐਵੇਂ ਪਰ ਆਸ ਜਿਹੀ ਸੀ ਮੈਨੂੰ। ਭਾਵੇਂ ਉਸ ਆਸ ਦੀ ਕੋਈ ਸ਼ਕਲ ਮੇਰੇ ਕੋਲੋਂ ਬਣਦੀ ਨਹੀਂ ਸੀ ਪਈ।

ਅਗਲੇ ਹਫ਼ਤੇ ਉਸ ਪੁਰਾਣੇ ਕਾਫ਼ੀ ਹਾਊਸ ਮਿਲਣਾ ਸੀ। ਕਾਫ਼ੀ ਹਾਊਸ ਦੇ ਬਾਹਰ ਹੀ ਉਹ ਰਿਕਸ਼ੇ ਵਿਚੋਂ ਨਿਕਲਦੀ ਨਜ਼ਰੀਂ ਪੈ ਗਈ। ਗੱਲਾਂ ਕਰਦੇ ਅਸੀਂ ਦੋਵੇਂ ਕਾਫ਼ੀ ਹਾਊਸ ਆ ਕੇ ਬਹਿ ਗਏ। ਉਹਦੇ ਵਿਚ ਹੁਣ ਇਕ ਦਿੜ੍ਹਤਾ ਤੇ ਵਿਸਾਹ ਸੀ ਜਿਹੜਾ ਜ਼ਨਾਨੀਆਂ ਵਿਚ ਹਯਾਤੀ ਨੂੰ ਖਹਿ ਕੇ ਲੰਘਣ ਮਗਰੋਂ ਹੀ ਆਉਂਦਾ ਏ। ਜਦ ਉਹ ਇਕੱਲੀਆਂ ਆਪੋ ਕਿਤੇ ਆ ਜਾ ਸਕਦੀਆਂ ਹਨ ਤੇ ਕਿਸੇ ਬੰਦੇ ਨਾਲ ਕਾਫੀ ਹਾਊਸ ਵਿਚ ਬਹਿ ਕੇ ਗੱਲਾਂ ਵੀ ਕਰ ਲੈਂਦੀਆਂ ਹਨ। ਉਹਦੇ ਵਰਤਾਰੇ ਵਿਚ ਕੁਝ ਇੰਜ ਦੀ ਹੀ ਗੱਲ ਸੀ ਜਿਵੇਂ ਸਾਰੀਆਂ ਗੱਲਾਂ ਤਾਂ ਹੋ ਹਵਾ ਗਈਆਂ ਸਨ ਤੇ ਹਰ ਸ਼ੈ ਮਿਥੀ ਮਿਥਾਈ, ਬਣੀ ਬਣਾਈ ਤੇ ਘੜੀ ਘੜਾਈ ਹੈ। ਆਪਣਾ ਜ਼ਨਾਨੀ ਹੋਵਣ ਜਾਂ ਨਾ ਹੋਵਣ ਵੀ ਉਹਦੇ ਲਈ ਕੋਈ ਗੱਲ ਨਹੀਂ ਸੀ ਜਾਪਦੀ।

ਮੈਂ ਚਾਹ ਦਾ ਆਰਡਰ ਦੇਣ ਲੱਗਾ ਤਾਂ ਉਸ ਡੱਕ ਦਿੱਤਾ। ਅਸਲੋਂ ਉਹਨੇ ਕਿਸੇ ਹੋਰ ਨੂੰ ਏਥੇ ਮਿਲਣਾ ਸੀ। ਮੈਨੂੰ ਤਾਂ ਉਸ ਖ਼ੌਰੇ ਐਵੇਂ ਹੀ ਆਖ ਦਿੱਤਾ ਸੀ। ਫੇਰ ਉਹਨੇ ਬਾਜਵੇ ਦਾ ਨਾਂ ਲਿਆ। 'ਤੂੰ ਤਾਂ ਉਹਨੂੰ ਜਾਣਦਾ ਏਂ।' ਉਸ ਪਹਿਲੀ ਵਾਰ ਪੁਰਾਣੇ ਵੇਲੇ ਦਾ ਚੇਤਾ ਕਰਾਇਆ। ਬਾਜਵਾ ਸਾਡੀ ਢਾਣੀ ਦਾ ਨਹੀਂ ਸੀ ਤੇ ਅਸੀਂ ਵੀ ਕਦੀ ਉਹਨੂੰ ਬਹੁਤਾ ਘਾਹ ਨਹੀਂ ਸੀ ਪਾਇਆ। ਅਸੀਂ ਉਸਨੂੰ ਹੌਲਾ ਤੇ ਪਤਲਾ ਸਮਝਦੇ ਸਾਂ। ਮਾੜੀਆਂ ਜਿਹੀਆਂ ਉਹ ਲਿਖਤਾਂ ਲਿਖਦਾ ਸੀ ਤੇ ਉਹਦਾ ਕੋਈ ਬੇਲੀ ਵੀ ਨਹੀਂ ਸੀ। ਬਦੋਬਦੀ ਉਸ ਕਿਸੇ ਨਾ ਕਿਸੇ ਨਾਲ ਨੱਥੀ ਹੋਵਣ ਦੀ ਕਰਨੀ ਤੇ ਚਾਹ ਪੀਣ ਲੱਗਿਆਂ ਇੰਜ ਸਿਮਟ ਕੇ ਸੂਟੇ ਲਾਉਣੇ ਜਿਵੇਂ ਉਹ ਕੋਈ ਬਹੁਤ ਉੱਚਾ ਤੇ ਵੱਡਾ ਸੂਝਵਾਨ ਏ। ਸਾਨੂੰ ਬੈਠਿਆਂ ਦੋ

ਚਾਰ ਪਲ ਹੀ ਹੋਏ ਹੋਣੇ ਨੇ ਕਿ ਉਹ ਆ ਗਿਆ। ਨਾ ਉਸ ਸਿਹਾਣਿਆ, ਨਾ ਮੈਂ ਕੋਈ ਉਚੇਚ ਵਿਖਾਈ। ਉਹਨੇ ਆਪੋਂ ਹੀ ਉਸ ਨੂੰ ਪੁਰਾਣਾ ਹਵਾਲਾ ਦਿੱਤਾ ਤੇ ਬਾਜਵੇ ਓਪਰੀਅਤ ਨਾਲ ਹੱਥ ਅਗਾਂਹ ਕਰ ਦਿੱਤਾ। 'ਚੰਗਾ ਫੇਰ' ਆਖ ਕੇ ਉਹ ਦੋਵੇਂ ਉੱਠ ਖਲੋਤੇ ਤੇ ਨਾਲ ਹੀ ਬੈਰੇ ਮੇਜ਼ ਉੱਤੇ ਟਾਕੀ ਮਾਰ ਪਾਣੀ ਦੇ ਦੋ ਭਰੇ ਗਲਾਸ ਰੱਖ ਦਿੱਤੇ।

ਪੁੱਛਣ ਲੱਗਾ, 'ਚਾਹ ਲਿਆਵਾਂ ?'

ਹੁਣ ਨਾ ਮੇਰਾ ਫਰੰਤੂ ਤੇ ਕਾਹਲਾ ਸੁਭਾਅ ਰਿਹਾ ਹੈ ਤੇ ਵਾਪਰਦੀ ਅਸਲ ਗੱਲ ਨੂੰ ਅੱਖੋਂ ਪਰੋਖੇ ਨਾ ਹੋਵਣ ਦਾ ਆਹਰ ਵੀ ਜ਼ਰੂਰ ਕਰਨਾ। ਏਸ ਲਈ ਮੈਂ ਅਰਮਾਨ ਨਾਲ ਬਹਿ ਕੇ ਚਾਹ ਪੀਤੀ ਤੇ ਮੁੜ ਕਾਫ਼ੀ ਹਾਊਸ ਤੋਂ ਬਾਹਰ ਮਾਲ ਰੋਡ ਦੀ ਰੇਲਿੰਗ ਨਾਲ ਲਗ ਕੇ ਖਲੋ ਗਿਆ। ਪੁਰਾਣੇ ਵੇਲਿਆਂ ਵਿਚ ਅਸੀਂ ਕਈ ਵਾਰ ਬੰਦਿਆਂ ਨੂੰ ਇੰਜ ਈ ਚੁੱਪ ਚੁਪੀਤੇ ਰੇਲਿੰਗ ਨਾਲ ਕਿੰਨਾ ਕਿੰਨਾ ਚਿਰ ਖਲੋਤੇ ਤੱਕਦੇ ਰਹਿੰਦੇ ਸਾਂ ਤਾਂ ਅਚੰਭਾ ਹੁੰਦਾ ਸੀ। ਉਹ ਗਰਮੀਆਂ ਦੀ ਆਮ ਜਿਹੀ ਤੱਤੀ ਸ਼ਾਮਲ ਸੀ। ਥੱਕੀ ਟੁੱਟੀ ਕਰਮਾਂ ਹਾਰੀ। ਪਰ ਮੇਰੇ ਦਿਲ ਨੇ ਉਸ ਨੂੰ ਸੱਖਣੀ ਤੇ ਉਦਾਸ ਬਣਾ ਦਿੱਤਾ ਸੀ।



## ਕਬੂਤਰ, ਬਨੇਰੇ ਤੇ ਗਲੀਆਂ

ਇਹ ਕਹਾਣੀ ਖ਼ਵਰੇ ਗਾਮੇ ਦੀ ਏ ਜਾਂ ਕਬੂਤਰਾਂ ਦੀ ਜਾਂ ਕੋਠੇ ਦੇ ਬਨੇਰਿਆਂ ਦੀ। ਜਾਂ ਫੇਰ ਇਹ ਮੇਰੀ ਕਹਾਣੀ ਏ। ਨਹੀਂ ਇਹ ਤਾਂ ਮਾਸੀ ਐਸ਼ਾਂ ਦੀ ਕਹਾਣੀ ਏ। ਪਿੱਛੇ ਮੈਂ ਬਟਾਲੇ ਮਾਪਿਆਂ ਦਾ ਜੱਦੀ ਘਰ ਵੇਖਣ ਗਿਆ ਤੇ ਆਪਣਾ ਘਰ ਲੱਭਦਾ ਲੱਭਦਾ ਮਾਸੀ ਐਸ਼ਾਂ ਦਾ ਘਰ ਲੱਭਣ ਲੱਗ ਪਿਆ। ਪਰ ਖ਼ਵਰੇ ਨਾ ਮੈਂ ਆਪਣਾ ਘਰ ਲੱਭਿਆ ਨਾ ਮਾਸੀ ਐਸ਼ਾਂ ਦਾ। ਮਾਂ ਬਟਾਲੇ ਵਾਲੇ ਘਰ ਦੀ ਗੱਲ ਕਰਨੀ ਤੇ ਵਿਚ ਐਵੇਂ ਮਾਸ਼ੀ ਐਸ਼ਾਂ ਦੇ ਘਰ ਦੀ ਗੱਲ ਵੀ ਆ ਜਾਣੀ। 'ਸਾਡਾ ਘਰ ਉੱਚੇ ਟਿੱਬੇ ਭਾਈ ਦੇ ਵੇਹੜੇ ਬਾਜ਼ਾਰ ਦੇ ਖੱਬੇ ਹੱਥ ਸੀ ਤੇ ਸੱਜੇ ਸੀ ਮਾਸੀ ਐਸ਼ਾਂ ਦਾ।' ਬਟਾਲੇ ਦੇ ਡਾਕਟਰ ਸ਼ਾਇਰ ਦੋਸਤ ਨੇ ਜਿਹੜੇ ਦੋ ਬੰਦੇ ਘਰ ਲੱਭਣ ਲਈ ਮੇਰੇ ਨਾਲ ਤੋਰੇ ਸਨ, ਖਿਝ ਪਏ ਰਹੇ ਸਨ, 'ਸਰ ਜੀ ਕਦੇ ਤੁਸੀਂ ਕਹਿੰਦੇ ਓ ਸੱਜੇ ਕਦੀ ਕਹਿੰਦੇ ਓ ਖੱਬੇ।'

'ਲੱਭ ਪਏਗਾ। ਲੱਭ ਪੈਸੀ। ਫੇਰ ਵੇਲਾ ਏ ਸਾਡੇ ਕੋਲ। ਕਾਹਲੀ ਕਾਹਦੀ ਏ ਤੁਹਾਨੂੰ ?'' ਉਹ ਮੈਨੂੰ ਭਜਾਈ ਫਿਰਦੇ ਸਨ ਤੇ ਇਕ ਥਾਂ ਖਲੋਣ ਨਾ ਦੇਂਦੇ ਪਰ ਮੈਂ ਉਨ੍ਹਾਂ ਗਲੀਆਂ, ਮੁਹੱਲਿਆਂ ਵਿਚ ਹੀ ਫਿਰਨਾ ਚਾਹੁੰਦਾ ਸਾਂ। ਘਰ ਲੱਭੇ ਨਾ ਲੱਭੇ ਤਾਂ ਕੀ ਏ ? ਥਾਂ ਤੇ ਇਹੋ ਏ। 'ਸੱਜੇ ਸੀ ਤੁਹਾਡਾ ਘਰ ਕਿ ਖੱਬੇ।' ਉਹ ਉਦਾਸੀਨਤਾ ਨਾਲ ਪੁੱਛ ਰਹੇ ਸਨ। ਇਥੇ ਈ ਸੀ। ਇਹਨਾਂ ਗਲੀਆਂ ਵਿਚ ਈ ਕਿਤੇ।'

'ਮਾਸੀ ਐਸ਼ਾਂ ਦਾ ਘਰ ਸਾਡੇ ਘਰ ਦੀ ਗਲੀ ਦੇ ਸਾਹਮਣੇ ਵਾਲੀ ਗਲੀ ਵਿਚ ਸੀ।' ਵਰ੍ਹਿਆਂ ਤੋਂ ਪਾਰ ਤੁਰਦੀ ਮਾਂ ਦੀ 'ਵਾਜ ਅਚੇਤੀ ਵਗਦੀ ਰਹਿੰਦੀ। ਕ੍ਰਿਸ਼ਨ ਨਗਰ ਸਾਡੇ ਘਰ ਤੋਂ ਕੁਝ ਗਲੀਆਂ ਟੱਪ ਆਖ਼ਰੀ ਸਟਾਪ ਲਾਗੇ ਮਾਸੀ ਐਸ਼ਾਂ ਦਾ ਘਰ ਸੀ। ਸਿੱਧੇ ਬਾਜ਼ਾਰ ਤੋਂ ਕੁਝ ਲੰਮਾ ਪਰ ਅੰਦਰੋਂ ਗਲੀਓਂ ਗਲੀ ਜਾਓ ਤਾਂ ਚੋਖਾ ਨੇੜੇ। ਵੰਡ ਪਿੱਛੋਂ ਲੁੱਟ ਪੁੱਟ ਕੇ ਆਇਆਂ ਨੂੰ ਜਿਹੜੀ ਥਾ ਮਿਲੀ, ਉਹਨੇ ਉਹੋ ਸਾਂਭ ਲਈ। ਪਰ ਮਾਸੀ ਤੋਂ ਇਕ ਭੁੱਲ ਹੋ ਗਈ। ਉਸ ਜਿਹੜਾ ਘਰ ਮੱਲਿਆ ਉਹ ਸੀ ਦੂਜੀ ਮੰਜ਼ਲੇ ਇਕ ਪੁਰਾਣਾ ਜਿਹਾ ਘਰ, ਜਿਹੜਾ ਸਾਡੇ ਵਿੰਹਦੇ ਵਿੰਹਦੇ ਢਹਿੰਦਾ ਢਹਿੰਦਾ ਢਹਿ ਪਿਆ। ਪਰ ਮਾਸੀ ਲਈ ਤਾਂ ਉਹੋ ਘਰ ਸੀ। ਉਸ ਛੱਡਿਆ ਨਾ। ਕੁਝ ਵੇਲਾ ਤਾਂ ਸਾਂਝ ਦੇ ਸੇਕ ਵਿਚ ਵਗ ਗਿਆ ਪਰ ਅਖ਼ੀਰ ਹੇਠਲਿਆਂ ਮੁਕੱਦਮਾ ਤੋਰ ਦਿੱਤਾ। ਮਾਸੀ ਤਾਂ ਝੱਲੀ ਹੋ ਗਈ। 'ਮੈਂ ਈ ਇਨ੍ਹਾਂ ਨੂੰ ਵਾੜਿਆ। ਚਲੋ ਭਈ ਤੁਸਾਂ ਹੇਠਾਂ ਰਹਿ ਲੋ, ਅਸੀਂ ਉੱਤੇ ਰਹਿ ਪੈਨੇ ਆਂ। ਉਸ ਵੇਲੇ ਕਿਹਨੂੰ ਹੋਸ਼ ਸੀ ? ਕੋਈ ਵੀ ਘਰ ਮੱਲ ਲੈਂਦੇ ? ਨਾਲੇ ਅਸਾਂ ਸੋਚਿਆ ਅਸਾਂ ਤਾਂ ਮੁੜ

ਜਾਣਾ ਏ। ਕਿਹੜਾ ਇਥੇ ਬਹਿ ਰਹਿਣਾ ਏ। ਕਿੰਨੇ ਘਰ ਖਾਲੀ ਸਨ। ਅੱਲ੍ਹਾ ਬਖਸ਼ ਤੇਰੇ ਤਾਏ ਨੂੰ ਜਿਹੜਾ ਲਾਟ ਸਾਹਬ ਵਿਚ ਕੰਮ ਕਰਦਾ ਸੀ ਕਿੰਨੇ ਈ ਘਰ ਵਿਖਾਏ। ਪੋਪੇ ਦੇ ਪਿਉ ਆਖਿਆ ਹੁਣ ਇਥੇ ਆ ਬੈਠੇ ਆਂ ਇਹੋ ਠੀਕ ਏ। ਕਦੇ ਸੋਚਿਆ ਸੀ। ਉਸ ਵੇਲੇ ਇੰਜ ਹੋਣਾ ਏ ਸਾਡੇ ਨਾਲ।'

ਮਾਸੀ ਦਾ ਖਾਵੰਦ ਤਾਂ ਸਾਡੀ ਹੋਸ਼ ਤੋਂ ਅਗਦੋਂ ਈ ਜਹਾਨੋਂ ਤੁਰ ਗਿਆ ਹੋਇਆ ਸੀ। ਮਾਂ ਤੇ ਖ਼ਵਰੇ ਮਾਸੀ ਦੀ ਸਾਂਝ ਦੇ ਭੇਤ ਦੀ ਇਹੋ ਪੀੜ ਸੀ ਪਈ ਦੋਵਾਂ ਦੇ ਖਾਵੰਦ ਉਹਨਾਂ ਦੀ ਭਰ ਜਵਾਈ ਵਿਚ ਤੁਰ ਗਏ। ਮਾਸੀ ਦੇ ਤਿੰਨ ਪੁੱਤਰ ਸਨ। ਦੋ ਪਰਦੇਸ ਵਗ ਗਏ, ਇਕ ਸੀ ਕੋਲ। ਵੱਡੇ ਦੀ ਤਾਂ ਕੋਈ ਉੱਘ ਸੁੱਘ ਨਹੀਂ ਸੀ। ਬਸ ਐਨੀ ਖ਼ਬਰ ਸੀ ਪਈ ਢੇਰ ਬਰਫ਼ਾਂ ਵਾਲੇ ਦੇਸ ਸੀ। ਨਾ ਕਦੇ ਉਸ ਚਿੱਠੀ ਪੱਤਰ ਪਾਇਆ ਨਾ ਕਦੇ ਅਸਾਂ ਉਸ ਨੂੰ ਤੱਕਿਆ ਸੀ। ਪਤਾ ਨਹੀਂ ਕਿਹੜੇ ਵੇਲੇ ਉਹ ਕਿਹੜੇ ਪਰਦੇਸ ਗਿਆ ? ਪਰ ਵਲਾਇਤ ਵਾਲਾ ਖਰਚਾ ਪਾਣੀ ਘੱਲਦਾ ਰਹਿੰਦਾ। ਜਿਸ ਨਾਲ ਘਰ ਚੱਲਦਾ। ਪਹਿਲਾ ਪੁੱਤਰ ਮਾਸੀ ਦਾ ਬਟਾਲੇ ਹੋਇਆ, ਪਰ ਦੂਜੇ ਦੋਵੇਂ ਲਾਹੌਰ ਆ ਹੋਏ। ਨਿੱਕਾ ਯੂਨੀਵਰਸਿਟੀ ਵਿਚ ਸੀ ਤੇ ਮੈਥੋਂ ਚਾਰ ਪੰਜ ਵਰ੍ਹੇ ਵੱਡਾ ਹੋਣਾ ਏ। ਅਵਾਮੀ ਪਾਰਟੀ ਦਾ ਨਵਾਂ ਰਾਜ ਆਇਆ ਤਾਂ ਉਹ ਨਵੀਂ ਸਿਆਸਤ ਵਿਚ ਵਲਿਆ ਗਿਆ। ਉਹ ਰਾਤੀਂ ਚਿਰਕੇ ਘਰ ਆਉਂਦਾ। ਅਸੀਂ ਤਾਂ ਨਿੱਕਿਆਂ ਹੁੰਦਿਆਂ ਤੋਂ ਹੀ ਮਾਸੀ ਦੇ ਘਰ ਜਾਂਦੇ ਹੁੰਦੇ ਸਾਂ। ਪਿੱਛੋਂ ਬਟਾਲੇ ਦੀ ਸਾਂਝ। ਮਾਸੀ ਦੇ ਖਾਵੰਦ ਦੇ ਗੁਜ਼ਰਨ ਪਾਰੋਂ ਤੇ ਦੋਵੇਂ ਪੁੱਤਰਾਂ ਦੇ ਪਰਦੇਸੀ ਹੋਵਣ ਨਾਲ ਮਾਸੀ ਦਾ ਘਰ ਪੁਰਾਣਾ ਜਿਹਾ ਤਾਂ ਪਹਿਲੇ ਈ ਸੀ ਹੁਣ ਉੱਕਾ ਸੱਖਣ ਹੋ ਗਿਆ। ਨਿੱਕਾ ਪੁੱਤਰ ਸਵੇਰੇ ਯੂਨੀਵਰਸਿਟੀ ਟੁਰ ਜਾਂਦਾ ਤੇ ਮਾਸੀ ਸਾਰਾ ਦਿਨ ਘਰ ਇਕੱਲੀ ਹੁੰਦੀ। ਅਸੀਂ ਈ ਸੌਦੇ ਲਿਆ ਕੇ ਦੇਣੇ ਤੇ ਮਾਸੀ ਦਾ ਖ਼ਿਆਲ ਰੱਖਣਾ। ਦੂਜੇ ਤੀਜੇ ਕੋਈ ਸ਼ੈ ਪੱਕ ਕੇ ਮਾਸੀ ਵੱਲ ਲੈ ਜਾਂਦੇ ਜਾਂ ਮਾਸੀ ਆਪੇ ਸਾਡੇ ਘਰ ਆ ਜਾਂਦੀ ਤੇ ਮਾਂ ਨਾਲ ਚਿਰਾਂ ਬੈਠੀ ਗੱਪਾਂ ਮਾਰਦੀ ਰਹਿੰਦੀ। ਮਾਸੀ ਘਰ ਜਾਂਦੇ ਤੇ ਉਹ ਉਡੀਕਦੀ ਹੁੰਦੀ। ਦੂਜੀ ਮੰਜ਼ਲੇ ਦੋ ਵੱਡੇ ਵੱਡੇ ਕਮਰੇ, ਨਿੱਕਾ ਜਿਹਾ ਵਿਹੜਾ ਤੇ ਇਕ ਪਾਸੇ ਇਕ ਕੋਠੜੀ। ਕੋਠੜੀ ਵਿਚ ਗਾਮੇ ਤੇ ਰੱਖੀ ਰਹਿੰਦੀਆਂ ਸਨ।

ਪਰ ਨਹੀਂ ਮੈਂ ਤਾਂ ਕਹਾਣੀ ਕਹਿਣ ਲੱਗਾ ਸਾਂ ਗਾਮੇ ਦੀ ਤੇ ਕਬੂਤਰਾਂ ਦੀ। ਗਾਮੇ ਦੀ ਕਹਾਣੀ ਸਾਡੇ ਬਟਾਲੇ ਦੇ ਜੱਦੀ ਘਰ ਵਾਂਗ ਵੇਲੇ ਦੀ ਧੂੜ ਵਿਚ ਗਵਾਚ ਗਈ ਏ।

ਨਿੱਕਿਆਂ ਹੁੰਦਿਆਂ ਅਸਾਂ ਗਾਮੇ ਨੂੰ ਤੱਕਿਆ। ਕ੍ਰਿਸ਼ਨ ਨਗਰ ਉਹ ਸਾਡੀ ਟਾਬਰੀ ਦੇ ਘਰਾਂ ਵਿਚ ਭਾਂਡੇ ਧੋਂਦੀ ਸੀ ਪਰ ਗਾਮੇ ਦੀ ਕਹਾਣੀ ਰੱਖੀ ਤੋਂ ਬਿਨਾਂ ਪੂਰੀ ਨਹੀਂ ਹੁੰਦੀ। ਜਿਵੇਂ ਬਟਾਲੇ ਆਪਣਾ ਘਰ ਲੱਭਦਾ ਲੱਭਦਾ ਮੈਂ ਐਸ਼ਾਂ ਦਾ ਘਰ ਲੱਭਣ ਲੱਗ ਪਿਆ ਸਾਂ। ਐਵੇਂ ਗਾਮੇ ਦੀ ਕਹਾਣੀ ਨਾਲ ਰੱਖੀ ਦੀ ਕਹਾਣੀ ਵੀ ਕਰਨੀ ਪੈਣੀ ਏ। ਕ੍ਰਿਸ਼ਨ ਨਗਰ ਦੀਆਂ ਗਲੀਆਂ ਵਿਚੋਂ ਲੰਘਦਿਆਂ ਗਾਮੇ ਤੇ ਰੱਖੀ ਕਦੇ ਨਹੀਂ ਭੁੱਲਦੀਆਂ ਮੈਨੂੰ। ਰੱਖੀ ਨੇ ਪਿੱਛੋਂ ਗਾਮੇ ਦਾ ਲੜ ਫੜਿਆ ਹੋਣਾ ਤੇ ਗਾਮੇ ਸਿੱਧਾ ਮੂੰਹ ਚੁੱਕ ਕੇ ਵਗੀ ਜਾਣਾ ਤੇ ਰੱਖੀ ਨੰਗੀ ਪੈਰੀਂ ਤ੍ਰਿਖੀ ਤ੍ਰਿਖੀ ਆਪਣੀ ਪੋਟਲੀ ਸਾਂਭਦੇ ਗਾਮੇ ਪਿੱਛੇ ਲੱਗੇ ਆਉਣਾ। ਜਿਵੇਂ ਉਹਦੇ ਵਜੂਦ ਦਾ ਕੋਈ ਅੰਗ ਹੋਵੇ। ਇਨ੍ਹਾਂ ਦੋਵਾਂ ਦੀ ਕੋਈ ਇਕੱਲੀ ਸੂਰਤ ਚੇਤੇ ਵਿਚ ਚਿਤਰਦੀ ਨਹੀਂ। ਇਕ ਕਲਬੂਤ ਤੇ ਦੋ ਰੂਹਾਂ। ਨਾ ਕੋਈ ਅੰਗ ਸਾਕ, ਨਾ ਟੱਬਰਦਾਰੀ।



ਜਿਹੜਾ ਰੱਖ ਲਵੇ, ਉਸੇ ਘਰ ਰਹਿ ਪੈਣਾ। ਫੇਰ ਝੇੜਾ ਕਰਕੇ ਮਾਸੀ ਐਸ਼ਾਂ ਕੋਲ ਈ ਆ ਜਾਣਾ ਤੇ ਅਖ਼ੀਰ ਉਹ ਮਾਸੀ ਐਸ਼ਾਂ ਦੇ ਘਰ ਦਾ ਈ ਇਕ ਜੀਣ ਬਣ ਗਈਆਂ ਤੇ ਜਦ ਤੀਕ ਮਾਸੀ ਜੀਵੀ ਉਸੇ ਘਰ ਰਹੀਆਂ।

ਪਿੱਛੇ ਕਿੰਨੇ ਹੀ ਵਰ੍ਹਿਆਂ ਮਗਰੋਂ ਆਪਾ ਉਲਫਤ ਅਮਰੀਕਾ ਤੋਂ ਆਈ ਤੇ ਮੈਂ ਉਸ ਤੋਂ ਗਾਮੇ ਦਾ ਪੁੱਛਿਆ। ਬੜੀ ਹੈਰਾਨ ਹੋਈ। 'ਤੈਨੂੰ ਚੇਤੇ ਏ। ਮੈਂ ਤਾਂ ਆਪ ਲੱਭਦੀ ਉਹਨੂੰ ਕੱਲ੍ਹ ਈ ਮਿਲ ਕੇ ਆਈ ਆਂ।' ਦੱਸਣ ਲੱਗੀ, 'ਮੇਰੇ ਸਾਹਮਣੇ ਗਾਮੇ ਪਿੰਡੋਂ ਆਈ ਸੀ। ਪਿੱਛੋਂ ਚੰਗੀ ਭਲੀ ਸੀ। ਮਲਿਕ ਨੇ, ਰਾਵੀ ਲਾਗੇ ਇਨ੍ਹਾਂ ਦੀਆਂ ਜ਼ਮੀਨਾਂ ਸਨ। ਜਦ ਇਹਦਾ ਵਿਆਹ ਹੋਇਆ ਇਹਨੇ ਰੱਖੀ ਨੂੰ ਨਾਲ ਈ ਰੱਖਿਆ। ਰੱਖੀ ਬਾਲਪਨ ਤੋਂ ਅੱਲ੍ਹਾ ਲੋਕ ਸੀ ਜਾਂ ਮੁੜ ਹੋ ਗਈ ਪਤਾ ਨਹੀਂ। ਪਰ ਇਹਦਾ ਇਲਾਜ ਕਿਸੇ ਕਰਾਇਆ ਨਾ। ਵਿਆਹ ਹੋਇਆ ਤਾਂ ਇਹਦੇ ਖਾਵੰਦ ਨੂੰ ਇਹਨੂੰ ਰੱਖੀ ਪਾਰੋਂ ਕੱਢ ਦਿੱਤਾ। ਆਂਹਦਾ ਸੀ, 'ਜਾਂ ਰੱਖੀ ਨੂੰ ਰੱਖ ਜਾਂ ਆਪੇ ਰਹਿ'। ਮੁੜ ਭਰਾਵਾਂ ਨਾਲ ਝੇੜਾ ਕਰਕੇ ਰੱਖੀ ਨੂੰ ਨਾਲ ਲੈ ਮਾਸੀ ਐਸ਼ਾਂ ਕੋਲ ਆ ਗਈ। ਸੁਣਿਆ ਏ ਭਰਾਵਾਂ ਨਾਲ ਭੋਇੰ ਦਾ ਵੀ ਝੇੜਾ ਸੀ। ਪਰ ਇਸ ਕਦੇ ਦੱਸਿਆ ਨਹੀਂ। ਕਦੇ ਕੋਈ ਗੱਲ ਕੀਤੀ ਨਹੀਂ। ਅਸੀਂ ਤਾਂ ਸਦਾ ਮਾਸੀ ਐਸ਼ਾਂ ਦੇ ਘਰ ਈ ਤੱਕਿਆ ਏ ਇਹਨੂੰ। ਪਿੱਛੋਂ ਮਿਲਣ ਨਹੀਂ ਆਇਆ ਕਦੀ ਕੋਈ।

ਚਿੱਟੀ ਗੋਰੀ ਗਾਮੇ ਪੂਰੀ ਜੱਟੀ ਸੀ। ਭਰਿਆ ਜੁੱਸਾ ਤੇ ਨੱਕ ਵਿਚ ਲੌਂਗ ਪਰ ਮਜ਼ਾਲ ਏ ਪਈ ਕੋਈ ਭੈੜੀ ਅੱਖੀਂ ਤੱਕੇ। ਆਪ ਤਾਂ ਉਹ ਸ਼ੋਹਦੀ ਕਿਸੇ ਨੂੰ ਤੱਕਦੀ ਈ ਨਹੀਂ ਸੀ। ਬਸ ਚੁੱਪ ਚੁਪੀਤੀ ਕੰਮੀਂ ਰੁੱਝੀ ਰਹਿੰਦੀ। ਮੂੰਹ ਉੱਤੇ ਰੋਹ ਤੇ ਖਿਝ ਵਿਚਕਾਰ ਜਿਹੀ ਕੋਈ ਗੱਲ, ਅਵਾਜ਼ਾਰੀ ਵੀ ਨਹੀਂ ਆਖ ਸਕਦੇ। ਬਸ ਆਲ ਦਵਾਲ ਤੋਂ ਕੁਝ ਨਾ ਮਨਜ਼ੂਰੀ ਤੇ ਜੱਗ ਤੋਂ ਬੇਪਰਵਾਹੀ ਜਿਹੀ, ਰਿਜ਼ਕ ਉਦਾਸ ਜਿਹਾ। ਸ਼ਾਦੀ ਗ਼ਮੀ ਨਾ ਦਿਲ ਤੋਂ ਮਾਨਣੀ।

ਗਾਮੇ ਇਕੋ ਕੰਮ ਕਰਦੀ ਸੀ। ਭਾਂਡੇ ਧੋਣ ਦਾ। ਹੋਰ ਕਿਸੇ ਸ਼ੈ ਨੂੰ ਹੱਥ ਨਾ ਲਾਉਣਾ। ਸਫਾਈ ਸੁਥਰਾਈ, ਝਾੜ ਪੂੰਝ ਜਾਂ ਹੋਰ ਕੋਈ ਕੰਮ ਉਹ ਕਦੇ ਨਾ ਕਰਦੀ। ਕਈ ਵਾਰ ਜ਼ਨਾਨੀਆਂ ਖਿਝ ਜਾਂਦੀਆਂ, ਪਰ ਉਸਦੇ ਸਿਰ ਜੂੰ ਨਾ ਰੀਂਘਦੀ। ਅਖੇ ਭਾਂਡੇ ਧਵਾਣੇ ਹਨ ਤਾਂ ਧੁਵਾਓ ਨਹੀਂ ਤਾਂ ਮਰਜ਼ੀ ਤੁਹਾਡੀ। ਉਂਜ ਕੰਮ ਉਹ ਨੀਝੀਂ ਕਰਦੀ। ਬਸ ਆਪਣੀ ਗੱਲ ਨਾਲ ਮਤਲਬ।

ਰੱਖੀ ਅੱਲ੍ਹਾ ਲੋਕ ਸੀ। ਉੱਕਾ ਸੁੱਕੀ ਸੜੀ ਤੇ ਪਿੰਡੇ ਉੱਤੇ ਮਾਸ ਦੀ ਰਤਾ ਬੋਟੀ ਨਾ। ਬਸ ਝੱਲਿਆਂ ਵਾਂਗ ਮੂੰਹ ਹਿਲਾਈ ਜਾਣਾ ਜਿਵੇਂ ਕਿਸੇ ਨਾਲ ਗੱਲਾਂ ਕਰਦੀ ਹੋਵੇ ਜਾਂ ਕਿਸੇ ਨੂੰ ਬੁਲਾਉਂਦੀ ਜਾਂ ਹੋੜਦੀ ਹੋਵੇ, ਪਤਾ ਨਹੀਂ। ਤ੍ਰਭਕਦੀ ਤ੍ਰਭਕਦੀ। ਜਾਂ ਫੇਰ ਐਵੇਂ ਦੰਦੀਆਂ ਕੱਢ ਕੇ ਹੱਸਦੇ ਰਹਿਣਾ। ਗਾਮੇ ਤੋਂ ਇਕ ਪਲ ਉਸ ਵੱਖ ਨਾ ਹੋਣਾ। ਜਦ ਗਾਮੇ ਭਾਂਡੇ ਧੋਣੇ ਉਸ ਨਾਲ ਵਿਛ ਕੇ ਬੈਠ ਰਹਿਣਾ ਤੇ ਆਪਣੀ ਪੋਟਲੀ ਖੋਲ੍ਹ ਖੋਲ੍ਹ ਵੇਖਦੀ ਨੇ ਦੰਦੀਆਂ ਕੱਢਦੇ ਰਹਿਣਾ। ਪੋਟਲੀ ਵਿਚ ਉਸ ਕੁੱਲ ਜਹਾਨ ਦੀਆਂ ਸ਼ੈਆਂ ਲਕੋਈਆਂ ਹੁੰਦੀਆਂ ਸਨ। ਵਾਲਾਂ ਦੇ ਕਲਿੱਪ, ਪਿੰਨਾਂ, ਸਾਬਣ-ਦਾਨੀਆਂ, ਸਿਗਰਟਾਂ ਦੀਆਂ ਖਾਲੀ ਡੱਬੀਆਂ, ਟੁੱਥ ਬੁਰਸ਼, ਤਕੀਏ ਦੇ ਗਿਲਾਫ਼, ਬਾਲਾਂ ਦੇ ਖਿਡੌਣੇ, ਕੈਂਚੀਆਂ, ਸੈਂਟ ਆਦਿ ਨਿੱਕੀਆਂ ਖਾਲੀ ਬੋਤਲਾਂ, ਖਾਲੀ ਨਹੁੰ ਪਾਲਸ਼ ਦੀਆਂ ਸ਼ੀਸ਼ਿਆਂ, ਪਾਊਡਰ ਦੇ ਖ਼ਾਲੀ ਡੱਬੇ ਦੇ ਰੱਬ ਜਾਣੇ ਹੋਰ ਕੀ ਸੀ।

ਆਪਣੀ ਪੋਟਲੀ ਨੂੰ ਉਹ ਹੱਥ ਨਾ ਲਾਉਣ ਦੇਂਦੀ। ਜਿਹੜੀ ਸ਼ੈ ਗਵਾਚ ਜਾਣੀ ਸਾਰਿਆਂ ਆਖਣਾ ਰੱਖੀ ਦੀ ਪੋਟਲੀ ਫੋਲੋ। ਪਰ ਉਹ ਹੱਥ ਲਾਉਣ ਦੇਵੇ ਤਾਂ ਨਾ। ਅਖ਼ੀਰ ਅਗਲੇ ਪੋਟਲੀ ਨੂੰ ਖੋਹਣ ਦੀ ਕਰਨੀ ਤੇ ਰੱਖੀ ਗਾਮੇ ਦੇ ਪਿੱਛੇ ਲੁਕਣ ਦੀ ਕਰਨੀ। ਉਹਦੇ ਨਾਲ ਈ ਚਿੰਬੜ ਜਾਣਾ। ਪਰ ਗਾਮੇ ਜ਼ਰਾ ਨਾ ਖਿਝਣਾ ਤੇ ਆਪਣੇ ਧਿਆਨੇ ਲੱਗੇ ਰਹਿਣਾ। ਅਖ਼ੀਰ ਅਗਲੇ ਜ਼ੋਰਾਵਰੀ ਕਰਨ ਦੀ ਕਰਨੀ ਤੇ ਉਸ ਬੇਵਸ ਹੋ ਕੇ ਪੋਟਲੀ ਵਗਾਹ ਮਾਰਨੀ। ਸਾਰੀਆਂ ਸ਼ੈਆਂ ਖੇਰੂੰ-ਖੇਰੂੰ ਹੋ ਜਾਣੀਆਂ ਤੇ ਅਗਲੇ ਪੱਚੀ ਹੋਣਾ। ਖੋਹਣ ਆਲੇ ਆਪੇ ਸਾਰੀਆਂ ਸ਼ੈਆਂ ਸਾਂਭਣੀਆਂ ਤੇ ਪੋਟਲੀ ਪਰਤਾਉਣ ਦੀ ਕਰਨੀ। ਪਰ ਰੱਖੀ ਰੁੱਸ ਜਾਣਾ ਤੇ ਮੁੜ ਪੋਟਲੀ ਨੂੰ ਹੱਥ ਨਾ ਲਾਉਣਾ। ਪਰ ਅਗਲੇ ਦਿਨ ਉਸ ਮੁੜ ਪੋਟਲੀ ਬੁੱਕਲ ਵਿਚ ਸਾਂਭੀ ਹੋਣੀ।

ਮਾਸੀ ਦੇ ਘਰ ਧੁਰ ਕੋਠੇ ਇਕ ਨਿੱਕਾ ਜਿਹਾ ਕਮਰਾ ਜਾਂ ਸਟੋਰ ਸੀ ਪਰ ਅਸਲੋਂ ਉਹ ਥਾਂ ਕਬੂਤਰਾਂ ਮੱਲੀ ਹੋਈ ਸੀ। ਪਤਾ ਨਹੀਂ ਕਿਥੋਂ ਕਿਹੜੇ ਵੇਲੇ ਕਬੂਤਰਾਂ ਉਥੇ ਡੇਰੇ ਲਾਏ ਸਨ। ਖ਼ਵਰੇ ਵੰਡ ਤੋਂ ਪਹਿਲਾਂ ਦੇ ਹੀ ਉਥੇ ਹੋਵਣ। ਪਰ ਅਸੀਂ ਉਸ ਕਮਰੇ ਨੂੰ ਕਬੂਤਰਾਂ ਦਾ ਖੁੱਡਾ ਈ ਕਹਿੰਦੇ ਸਾਂ। ਸਾਡੇ ਲਈ ਅਸਲ ਵਿਚ ਤਾਂ ਖੁੱਲ੍ਹ ਦੀ ਥਾਂ ਮਾਸੀ ਦਾ ਉਹ ਧੁਰ ਕੋਠਾ ਈ ਸੀ। ਥੱਲੇ ਮਾਸੀ ਇਕੱਲੀ ਹੋਣਾ ਤੇ ਅਸੀਂ ਸਾਰਾ ਦਿਨ ਕੋਠੇ ਚੜ੍ਹੇ ਰਹਿਣਾ। ਗੁੱਡੀਆਂ ਉਡਾਣੀਆਂ, ਕਬੂਤਰ ਉਡਾਣੇ, ਬਾਜ਼ੀਆਂ ਲਾਣੀਆਂ, ਖੇਡਾਂ ਕਰਨੀਆਂ। ਐਨੇ ਕਬੂਤਰ ਸਨ ਪਈ ਕੋਈ ਸ਼ੁਮਾਰ ਨਹੀਂ ਸੀ। ਗੁਟਕੂੰ-ਗੁਟਕੂੰ ਦੀਆਂ ਵਾਜਾਂ ਤੇ ਵਿੱਠਾਂ ਦੀ ਨਿੰਮੀ ਨਿੰਮੀ ਮੁਸ਼ਕ ਚੁਫੇਰੇ ਖਿਲਰੀ ਰਹਿਣੀ। ਸਗੋਂ ਮਾਸੀ ਦੇ ਘਰ ਵੜਦਿਆਂ ਸਾਰ ਪੌੜੀਆਂ ਚੜ੍ਹਦੇ ਵਿੱਠਾਂ ਦੀ ਇਹ ਮੁਸ਼ਕ ਨਾਸਾਂ ਨੂੰ ਵੱਜਣੀ। ਸਾਡੀ ਟਾਬਰੀ ਦੇ ਕਈ ਸੌਖੇ ਜੀਅ ਇਸ ਪਾਰੋਂ ਮਾਸੀ ਦੇ ਘਰ ਹੀ ਨਾ ਆਉਂਦੇ ਪਈ ਕੌਣ ਉਥੇ ਜਾ ਕੇ ਵਿੱਠਾਂ ਸੁੰਘਦਾ ਫਿਰੇ ਤੇ ਜ਼ਨਾਨੀਆਂ ਗੱਲ ਕਰਦਿਆਂ ਮੂੰਹ ਉੱਤੇ ਚੁੰਨੀ ਕਰ ਲੈਣੀ। ਪਰ ਅਸਲੋਂ ਇਹ ਬਹਾਨਾ ਈ ਸੀ ਮਾਸੀ ਦੇ ਘਰ ਨਾ ਜਾਵਣ ਦਾ। ਉਨ੍ਹਾਂ ਦੇ ਤੁਲਵੀਂ ਜੋ ਨਹੀਂ ਸੀ ਮਾਸੀ।

ਵਰ੍ਹੇ ਛਿਮਾਹੀ ਸਾਨੂੰ ਮਾਸੀ ਵੱਢੀ ਦੇਣੀ ਤੇ ਅਸਾਂ ਕੱਛੇ ਪਾ ਕੇ ਸਾਰੇ ਕਬੂਤਰਾਂ ਨੂੰ ਉਡਾ ਕੇ ਧੁਰ ਕੋਠੇ ਖੁੱਡਾ ਧੋਣਾ। ਥੱਲਿਉਂ ਬਾਲਟੀਆਂ ਭਰ ਭਰ ਪਾਣੀ ਲਿਆਣਾ ਤੇ ਇਸ ਨਾਲ ਹੇਠਾਂ ਤੀਕ ਪੌੜੀਆਂ ਪਾਣੀ ਲੱਥਣ ਪਾਰੋਂ ਵਿੱਠਾਂ ਨਾਲ ਭਰ ਜਾਣੀਆਂ। ਜਿਹਨੇ ਆਉਣਾ ਸੁੱਥਣ ਚੁੱਕ ਕੇ ਤੋਬਾ ਤੋਬਾ ਕਰਕੇ ਪਰਤ ਜਾਣਾ। ਹੇਠਲਿਆਂ ਵੱਖ ਬੋਲਣਾ। ਕਬੂਤਰ ਬਹੁਤੇ ਉੱਡਣੇ ਨਾ ਉਹ ਝੱਬ ਕੋਠੇ ਲਹਿ ਪੈਂਦੇ ਜਾਂ ਬਹੁੰ ਨਿਉਂ ਕੇ ਕੋਠੇ ਦਵਾਲੇ ਉੱਡਦੇ ਰਹਿੰਦੇ। ਪਰ ਜਦ ਕਬੂਤਰ ਉੱਡਣੇ ਹਰ ਇਕ ਨੂੰ ਅਚੰਭਾ ਹੋਣਾ ਪਈ ਐਨੇ ਢੇਰ ਕਬੂਤਰ ਮਾਸੀ ਪਾਲੇ ਹੋਏ ਨੇ। ਉਡਦਿਆਂ ਮੁਹੱਲੇ ਛਾਂ ਜਿਹੀ ਕਰ ਦੇਂਦੇ ਸਨ ਮਾਸੀ ਦੇ ਕਬੂਤਰ। ਸਾਡੇ ਘਰ ਜਿਹੜਾ ਰੋਟੀ ਟੁੱਕਰ ਬਿਹਾ ਬਚਣਾ, ਇਹ ਮਿਥਿਆ ਹੋਇਆ ਸੀ ਪਈ ਉਹ ਮਾਸੀ ਦੇ ਕਬੂਤਰਾਂ ਲਈ ਏ। ਕਈ ਘਰਾਂ 'ਚੋਂ ਰੋਜ਼ ਸੁੱਕੀਆਂ ਰੋਟੀਆਂ ਕਬੂਤਰਾਂ ਲਈ ਆਉਣੀਆਂ। ਮਾਸੀ ਦੇ ਕਬੂਤਰ ਸਾਡੇ ਚਿੱਤ ਚੇਤੇ ਵਿਚ ਸੱਦਾ ਵੱਸੇ ਰਹਿਣੇ, ਨਿੱਤ ਉੱਡਦੇ ਰਹਿਣੇ।

ਇਨ੍ਹਾਂ ਕਬੂਤਰਾਂ ਨਾਲ ਇਕ ਹੋਰ ਕਹਾਣੀ ਜੁੜੀ ਹੋਈ ਏ। ਕਦੀ ਕਦਾਈਂ ਕਬੂਤਰਾਂ ਨੂੰ ਬਿੱਲੀ ਪੈ ਜਾਣੀ। ਕਬੂਤਰਾਂ ਦੇ ਖੁੱਡੇ ਦਾ ਬੂਹਾ ਖੁੱਲ੍ਹਾ ਰਹਿ ਜਾਣਾ ਜਾਂ ਸ਼ਾਮੀਂ ਕਿਸੇ ਨੂੰ



ਕੁੰਡੀ ਫਸਾਣੀ ਭੁੱਲ ਜਾਣੀ ਤੇ ਅੱਧ ਰਾਤੀਂ ਕਬੂਤਰਾਂ ਨੂੰ ਬਿੱਲੀ ਪੈ ਜਾਣੀ। ਬਿੱਲੀ ਪੈਣ ਦੀ ਇਹ ਕਹਾਣੀ ਕਈ ਦਿਨ ਤੁਰਦੀ ਰਹਿਣੀ। ਮੁਹੱਲੇ ਦੇ ਨਿੱਕੇ ਬਾਲਾਂ ਆ ਆ ਕੋਠੇ ਉੱਤੇ ਫੱਟੜ ਮੋਏ ਕਬੂਤਰਾਂ ਨੂੰ ਤੱਕਣਾ। ਸਾਡਾ ਤੇ ਮਾਸੀ ਦਾ ਰੋਣ ਨਿਕਲ ਜਾਣਾ। ਰਾਤੀਂ ਜਦ ਬਿੱਲੀ ਪੈਣੀ ਤੇ ਹਜ਼ਾਰਾਂ ਪਰਾਂ ਦੀਆਂ ਵਾਜਾਂ ਆਉਣੀਆਂ। ਜਿਵੇਂ ਕੋਈ ਵੱਡਾ ਜਿਹਾ ਫੱਟੜ ਪਖੇਰੂ ਉੱਭੇ ਸਾਹ ਲੈਂਦਾ ਸਾਡੇ ਕੋਠੇ ਦਵਾਲੇ ਘੇਰੇ ਕੱਟਦਾ ਹੋਵੇ ਤੇ ਸਾਨੂੰ ਡਰ ਜਿਹਾ ਆਉਣਾ ਪਰ ਬਿੱਲੀ ਆਪਣਾ ਕੰਮ ਵਿਖਾ ਛਾਈਂ ਮਾਈਂ ਹੋ ਜਾਣਾ ਤੇ ਪਿੱਛੇ ਉਸ ਛੱਡ ਜਾਣੇ ਕਬੂਤਰਾਂ ਦਾ ਟੁੱਟੇ ਪਰ, ਕੰਧਾਂ ਉੱਤੇ ਲਹੂ ਦੀਆਂ ਛਿੱਟਾਂ ਤੇ ਅੱਧ ਮੋਏ ਕਬੂਤਰਾਂ ਦੀਆਂ ਨੰਗੀਆਂ ਲੋਥਾਂ ਤੇ ਤੜਫਦੇ ਬੋਟ। ਅਸੀਂ ਪਾਣੀਆਂ ਦੀਆਂ ਬਾਲਟੀਆਂ ਭਰ ਭਰ ਕੰਧਾਂ ਧੋਣੀਆਂ। ਕਬੂਤਰਾਂ ਦੇ ਖੁੱਡੇ ਨੂੰ ਕੁੰਡੀ ਤਾਂ ਲਾਈ ਨਹੀਂ ਜਾ ਸਕਦੀ ਸੀ। ਕਬੂਤਰਾਂ ਚੋਗੇ ਲਈ ਅੰਦਰ ਬਾਹਰ ਆਉਣਾ ਜਾਣਾ ਵੀ ਤਾਂ ਹੁੰਦਾ ਸੀ।

ਓਦੋਂ ਮੈਂ ਵਿਹਲਾ ਸਾਂ। ਦਸਵੀਂ ਦੇ ਇਮਤਿਹਾਨ ਪਿਛੋਂ ਕਦੀ ਇਧਰ ਕਦੀ ਉਧਰ। ਹਰ ਸ਼ੈ ਨਵੀਂ ਨਵੀਂ ਭਰੀ ਭਰੀ ਲੱਗਣੀ। ਹਰ ਕੰਮ ਚਾਈਂ ਚਾਈਂ ਕਰਨ ਨੂੰ ਮਨ ਲੋਚਣਾ। ਚੜ੍ਹਦੇ ਜਜ਼ਬਿਆਂ ਪਾਰੋਂ ਅਸਮਾਨੀਂ ਲੱਗੇ ਕਬੂਤਰਾਂ ਵਾਂਗ ਅੱਖੀਂ ਨੀਲੇ, ਸਲੇਟੀ ਰੰਗ ਮਚਣੇ। ਮਾਸੀ ਦੇ ਪੁੱਤਰ ਪੋਪੇ ਦਾ ਕਮਰਾ ਕਿਤਾਬਾਂ ਨਾਲ ਭਰਿਆ ਹੋਇਆ ਸੀ। ਘਰ ਤਾਂ ਉਹ ਹੁੰਦਾ ਨਹੀਂ ਸੀ। ਖ਼ਬਰੇ ਕਿਸੇ ਵੇਲੇ ਪੜ੍ਹਦਾ ਸੀ ? 'ਚਰਾਗ਼ ਜਲਤਾ ਰਹਾ' ਤੇ ਗੋਰਕੀ ਦਾ 'ਮਾਂ' ਮੈਂ ਉਹਦੀਆਂ ਕਿਤਾਬਾਂ ਵਿਚੋਂ ਹੀ ਪੜ੍ਹੇ। ਕੁੱਲ ਦੀ ਸਾਂਝ ਤੇ ਮਾੜਿਆਂ ਲਈ ਪੀੜ ਦੀ ਜਾਗ ਉਹਦੀਆਂ ਕਿਤਾਬਾਂ ਈ ਲਾਈ। ਪੋਪਾ ਬਹੁਤ ਮਾੜਾ ਜਿਹਾ ਤੇ ਚੁੱਪ ਚੁਪੀਤਾ ਜਿਹਾ ਸੀ। ਭੇਦ ਭਰਿਆ। ਮੈਨੂੰ ਤਾਂ ਉਹ ਬਾਲ ਈ ਸਮਝਦਾ ਸੀ। ਲਹੂ ਵਾਂਝਿਆ, ਮੁੱਖ ਧਵਾਂਖਿਆ ਜਿਹਾ। ਸਿਗਰਟ ਚਾਹ ਦਾ ਸ਼ੌਕੀਨ। ਘਰ ਦੀ ਕਿਸੇ ਗੱਲ ਨਾਲ ਉਸ ਨੂੰ ਉੱਕਾ ਨਾ ਕੋਈ ਲਾਭ ਗਰਜ਼ ਸੀ। ਬਸ ਕਦੀ ਕਦਾਈਂ ਐਤਵਾਰ ਨੂੰ ਉਹਦੇ ਸੱਜਣ ਆਉਂਦੇ ਤੇ ਸਿਗਰਟਾਂ ਤੇ ਚਾਹਵਾਂ ਪੀ ਪੀ ਗੱਲਾਂ ਮਾਰ ਮਾਰ ਫਾਵੇ ਹੋ ਜਾਂਦੇ। ਮਾਸੀ ਨੂੰ ਪੁੱਤਰ ਦੇ ਆਏ ਯਾਰਾਂ ਬੇਲੀਆਂ ਦਾ ਚਾਅ ਚੜ੍ਹਿਆ ਰਹਿਣਾ। ਚਲੋ ਇਸ ਬਹਾਨੇ ਅੱਜ ਤਾਂ ਘਰੀਂ ਏ।

ਮਾਸੀ ਨੂੰ ਇਕ ਚਾਅ ਇਹ ਸੀ ਪਈ ਘੱਟੋ ਘੱਟ ਇਸ ਪੁੱਤਰ ਦਾ ਵਿਆਹ ਤਾਂ ਹੱਥੀਂ ਕਰ ਦਿਆਂ। ਪਹਿਲੇ ਦੋਵੇਂ ਤਾਂ ਉਡਾਰੀ ਮਾਰ ਗਏ ਸਨ। ਮਾਸੀ ਮੁਹੱਲੇ ਦੀਆਂ ਜ਼ਨਾਨੀਆਂ ਕੋਲੋਂ ਨਵੀਂ ਜਵਾਨੀ ਚੜ੍ਹਦੀਆਂ ਕੁੜੀਆਂ ਦੀਆਂ ਟੋਹਾਂ ਲੈਣੀਆਂ ਤੇ ਮਾਂ ਮੇਰੀ ਨਾਲ ਵੀ ਐਵੇਂ ਚਿਰਾਂ ਤੀਕ ਟੱਬਰ ਦੀਆਂ ਕੁੜੀਆਂ ਦਾ ਅੱਗੜ ਪਿੱਛੜ ਫੋਲਦਿਆਂ ਰਹਿਣਾ। ਗੁਰਦਾਸਪੁਰੋਂ, ਬਟਾਲਿਉਂ ਆ ਲਾਹੌਰ ਵੱਸਿਆਂ ਬਾਰੇ ਪੁੱਛਾਂ ਕੱਢਦੀਆਂ। ਇਨ੍ਹੀਂ ਦਿਨੀਂ ਅਸਚਰਜ ਗੱਲ ਹੋਈ। ਮਾਸੀ ਦੇ ਖ਼ਬਰੇ ਨੇੜਿਉਂ ਜਾਂ ਦੁਰਾਡਿਉਂ ਅੰਗਾਂ ਸਾਕਾਂ 'ਚੋਂ ਇਕ ਕੁੜੀ ਮਾਸੀ ਕੋਲ ਰਹਿਣ ਆ ਲੱਥੀ। ਮਾਂ ਉਹਦੀ ਇਹ ਆਖ ਕੁੜੀ ਨੂੰ ਛੱਡ ਗਈ ਕਿ ਮਾਸੀ ਕੋਲੋਂ ਹੁਣ ਹਾਂਡੀ ਟੁੱਕਰ ਦਾ ਆਹਰ ਨਹੀਂ ਹੁੰਦਾ। ਖ਼ਵਰੇ ਪਹਿਲੇ ਵੀ ਕਦਾਈਂ ਆਈ ਹੋਣੀ ਏ ਤੇ ਮਾਸੀ ਕੋਲ ਰਹੀ ਹੋਣੀ ਏ ਪਰ ਧਿਆਨ ਨਹੀਂ ਸੀ ਕੀਤਾ। ਪਰ ਹੁਣ ਉਮਰ ਈ ਅਜਿਹੀ ਸੀ ਕਿ ਸਾਰਾ ਦਿਨ ਕੋਠੇ ਉੱਤੇ ਚੜ੍ਹ ਐਵੇਂ ਆਨੇ ਬਹਾਨੇ ਲੋਕਾਂ ਦੇ ਘਰੀਂ ਝਾਤੀਆਂ ਪਾਣੀਆਂ। ਉਹ ਕੁੜੀ ਬਸ ਐਵੇਂ ਜਿਹੀ ਈ ਸੀ। ਮਧਰਾ ਕੱਦ, ਨਾ ਰੰਗ ਪੱਕਾ ਨਾ ਚਿੱਟਾ, ਵਿਚ ਈ ਕਿਤੇ, ਸਲੇਟੀ ਜਿਹਾ। ਜੰਗਲੀ ਕਬੂਤਰਾਂ ਵਰਗੀ। ਆਈ ਤਾਂ ਉਹ

ਮਾਸੀ ਕੋਲ ਸੇਵਾ ਕਰਨ ਈ ਸੀ, ਪਰ ਅਸਲੋਂ ਗੱਲ ਇਹ ਸੀ ਕਿ ਮਾਸੀ ਉਹਨੂੰ ਨਿੱਕੇ ਨਾਲ ਪਰਨਾਉਣ ਲਈ ਰੀਝੀ ਹੋਈ ਸੀ ਪਰ ਪੋਪੇ ਨੂੰ ਵਿਹਲ ਕਿਥੇ ? ਉਹਨੇ ਤਾਂ ਉਹਦੇ ਵੱਲ ਤੱਕਿਆ ਈ ਨਾ। ਪੋਪੇ ਨਾਲ ਮੇਰੀ ਸਾਂਝ ਢੇਰ ਸੀ। ਭਰਾਵਾਂ ਵਰਗੇ ਸਾਂ ਅਸੀਂ। ਮੈਨੂੰ ਅੱਜ ਲੱਗਦਾ ਏ ਕਿ ਉਹ ਖ਼ਵਰੇ ਜ਼ਨਾਨੀ ਵੈਰੀ ਪੱਖ ਦਾ ਬੰਦਾ ਸੀ। ਅਖੇ ਜ਼ਨਾਨੀਆਂ ਕੋਲ ਜਾਵਣ ਨਾਲ ਬੰਦੇ ਦੇ ਸਿਰੜ ਨੂੰ ਢਾਅ ਲੱਗ ਜਾਂਦੀ ਹੈ। ਜਾਂ ਫਿਰ ਯੂਨੀਵਰਸਿਟੀ ਵਿਚ ਕਿਸੇ ਨਾਲ ਮਨ ਪਰਚਾਈ ਬੈਠਾ ਸੀ। ਨੈਨਾ ਸਾਡੇ ਗੱਲ ਕਰਦਿਆਂ ਕਮਰੇ ਵਿਚ ਆਉਣਾ ਤੇ ਉਹਨੇ ਮੈਨੂੰ ਅੱਖ ਮਾਰਨੀ। ਪਰ ਗੱਲ ਹਾਸੇ ਰੌਲੇ ਪੈ ਜਾਣੀ। ਉਂਜ ਰੱਜ ਕੇ ਸੁਘੜ ਸੀ ਤੇ ਮੈਂ ਜਦ ਵੀ ਮਾਸੀ ਵੱਲ ਆਨਾ ਉਹਨੇ ਮੇਰੇ ਕਰਨ ਜੋਗ ਕੋਈ ਨਾ ਕੋਈ ਕੰਮ ਕੱਢਿਆ ਹੋਣਾ। ਇਹ ਕੰਮ ਕਰ ਦੇ, ਉਹ ਕੰਮ ਕਰ ਦੇ, ਬਾਜ਼ਾਰੋਂ ਇਹ ਲੈ ਆ, ਉਹ ਲੈ ਆ। ਮੇਰੇ ਤੋਂ ਤਾਂ ਦੋ ਚਾਰ ਵਰ੍ਹੇ ਵੱਡੀ ਈ ਹੋਣੀ ਏ। ਅਸਲੋਂ ਉਹ ਪੋਪੇ ਦੇ ਈ ਹਾਣ ਦੀ ਸੀ।

ਉਹਦੇ ਵਾਲਾਂ 'ਚੋਂ ਅਜੀਬ ਜਿਹੀ ਵਾਸ਼ਨਾ ਆਉਣੀ ਤੇ ਅੱਖਾਂ ਵਿਚ ਦੀਵੇ ਬਲਦੇ ਲੱਗਣੇ। ਕਦੇ ਮੈਨੂੰ ਜਾਪਣਾ ਖ਼ਬਰੇ ਰੋਂਦੀ ਰਹਿੰਦੀ ਤੇ ਤਾਹੀਉਂ ਅੱਖਾਂ ਵੱਤਰ ਜਿਹੀਆਂ ਨੇ। ਉਂਜ ਸੀ ਉਹ ਮਾੜਕੂ ਜਿਹੀ। ਭੁੱਖਾਂ ਦੀ ਮਾਰੀ। ਮੈਨੂੰ ਸਮਝ ਨਾ ਪੈਣੀ ਉਸ ਵਿਚ ਸੋਹਣ ਕੀ ਸੀ ? ਉਂਜ ਚੰਗੀ ਚੰਗੀ ਲੱਗਣੀ। ਮਨ ਲੋਚਣਾ ਕੋਲ ਈ ਰਹਵੇ। ਸਦਾ ਮਾਸੀ ਦੇ ਘਰ ਰਹਿ ਪਵੇ। ਕਿਤੇ ਜਾਵੇ ਨਾ। ਖ਼ਬਰੇ ਉਹਦਾ ਹੋਵਣ ਦੀ ਉਹਦਾ ਸੁਹੱਪਣ ਸੀ। ਗੱਲ੍ਹਾਂ ਅੰਦਰ ਵੜੀਆਂ ਹੋਈਆਂ। ਪਿੰਡੇ ਉੱਤੇ ਮਾਸ ਹੈ ਵੀ ਸੀ ਕਿ ਨਾ। ਪਰ ਪੋਪਾ ਵੀ ਤਾਂ ਇੰਜ ਦਾ ਹੀ ਸੀ।

ਉਹਨੀਂ ਦਿਨੀਂ ਮੁੜ ਗਾਮੇ ਦੇ ਵਿਆਹ ਦੀ ਗੱਲ ਹਿੱਲੀ। ਕੁਝ ਬੰਦੇ ਜ਼ਨਾਨੀਆਂ ਗਾਮੇ ਨੂੰ ਵੇਖਣ ਆਏ ਤੇ ਪਸੰਦ ਕਰ ਗਏ। ਮੈਨੂੰ ਭੈੜੀ ਸ਼ੈ ਇਹ ਲੱਗੀ ਪਈ ਮੈਂ ਖਾਵਣ ਲਈ ਜਿੰਨੀਆਂ ਵੀ ਸ਼ੈਆਂ ਲਿਆਇਆ ਸਾਂ ਸਾਰੀਆਂ ਮੁਕਾ ਗਏ। ਮੈਨੂੰ ਤਾਂ ਉੱਕਾ ਦਿਲ ਨੂੰ ਨਾ ਵੱਜੇ। ਹੋਛੇ ਜਿਹੇ। ਅਚਨਚੇਤ ਵਿਆਹ ਦੀ ਤਰੀਕ ਵੀ ਮਿੱਥੀ ਗਈ। ਬੜੀ ਹੈਰਾਨੀ ਹੋਈ ਮੈਨੂੰ ਪਈ ਗਾਮੋ ਘਰੋਂ ਹੁਣ ਸਦਾ ਲਈ ਤੁਰ ਜਾਸੀ। ਕਿਸੇ ਰੱਖੀ ਦਾ ਨਾ ਸੋਚਿਆ। ਗਾਮੇ ਆਖਿਆ, 'ਮੇਰੇ ਨਾਲ ਈ ਰਹਿਸੀ। ਨਾਲ ਈ ਰੱਖਸਾਂ ਇਹਨੂੰ ਮੈਂ। ਵੱਖ ਕਿਉਂ ਕਰਾਂ ਇਸ ਨੂੰ ? ਵਿਸਾਹ ਨਹੀਂ ਕਿਸੇ ਉੱਤੇ ਮੈਨੂੰ।' ਗਾਮੇ ਖ਼ਬਰੇ ਪਤਾ ਨਹੀਂ ਕਿਥੋਂ ਇਕ ਪੁਰਾਣਾ ਟਰੰਕ ਕੱਢਿਆ ਤੇ ਵਿਚੋਂ ਗਹਿਣੇ ਤੇ ਦੂਜੇ ਲੀੜੇ ਲੱਤੇ ਵੀ ਕੱਢੇ। ਸਾਡੀ ਟਾਬਰੀ ਵੀ ਹੱਥ ਪਵਾਇਆ ਤੇ ਟਰੰਕ ਨੂੰ ਪਾਲਸ਼ ਕਰਕੇ ਸਾਰੀਆਂ ਸ਼ੈਆਂ ਸੰਵਾਰ ਕੇ ਸਾਂਭ ਕੇ ਟਰੰਕ ਵਿਚ ਜੋੜ ਦਿੱਤੀਆਂ ਗਈਆਂ। ਕੁਝ ਸੂਟਾਂ ਨੂੰ ਟਾਂਕੇ ਲਾ ਕੇ ਵਰੀ ਦਾ ਸ਼ਗਨ ਵੀ ਪੂਰਾ ਹੋ ਗਿਆ। ਗਾਮੇ ਦਾ ਹੋਣ ਵਾਲਾ ਖਾਵੰਦ ਰੰਡਵਾ ਸੀ ਤੇ ਗੁਜ਼ਰੀ ਜ਼ਨਾਨੀ 'ਚੋਂ ਜੰਮੇ ਦੋ ਤਿੰਨ ਬਾਲਾਂ ਨੂੰ ਪਾਲਣ ਸਾਂਭਣ ਦਾ ਰੌਲਾ ਸੀ ਖ਼ਵਰੇ। ਉਹ ਟਾਂਗੇ ਵਿਚ ਬਹਿ ਕੇ ਆਏ। ਮੌਲਵੀ ਸਾਹਿਬ ਹੋਰਾਂ ਨਿਕਾਹ ਪੜ੍ਹਿਆ ਤੇ ਗਾਮੇ ਨੂੰ ਵਿਦਿਆ ਕਰ ਦਿੱਤਾ ਗਿਆ। ਨਾ ਵਾਜੇ ਨਾ ਸ਼ਹਿਨਾਈਆਂ। ਚੁੱਪ ਚੁਪੀਤੇ ਈ ਸੱਭੋ ਕੁਝ ਹੋਇਆ। ਮਾਸੀ ਦਾ ਘਰ ਮੁੜ ਬਹੁੰ ਸੁੰਵਾਂ ਜਿਹਾ ਹੋ ਗਿਆ। ਮਾਸੀ ਚੁੱਪ ਜਿਹੀ ਕਰ ਗਈ। ਨੈਨਾ ਘਰ ਸਾਂਭ ਲਿਆ।

ਇਕ ਦਿਨ ਮੈਂ ਮਾਸੀ ਵੱਲ ਆਇਆ ਤੇ ਉੱਚੀ ਉੱਚੀ ਗੱਲਾਂ ਕਰਨ ਦੀਆਂ ਵਾਜਾਂ ਆਉਣ ਪਈਆਂ। ਜਾਪਿਆ ਪ੍ਰਾਹੁਣੇ ਢੁੱਕੇ ਪਏ ਨੇ। ਅਗਾਂਹ ਕਮਰੇ ਵਿਚ ਇਕ ਜਵਾਨ



ਸੋਹਣਾ ਮੁੰਡਾ ਬੰਦ ਗਲੇ ਦਾ ਸਵੈਟਰ ਪਾ ਕੇ ਗੱਪਾਂ ਮਾਰਦਾ ਪਿਆ ਸੀ ਤੇ ਨੈਨਾ, ਮਾਸੀ ਤੇ ਪੋਪਾ ਉੱਚੀ ਉੱਚੀ ਹੱਸਦੇ ਪਏ ਸਨ। ਸੂਹ ਲੱਗੀ ਕਰਾਚੀ ਤੋਂ ਆਇਆ ਏ ਲਾਹੌਰ ਦੀਆਂ ਸੈਰਾਂ ਕਰਨ। ਨੈਨਾ ਵਾਂਗਰ ਇਹ ਵੀ ਮਾਸੀ ਦੇ ਸਾਕਾਂ ਵਿਚੋਂ ਏ। ਹਵਾਈ ਫ਼ੌਜ ਵਿਚੋਂ ਸਿਖਲਾਈ ਲੈਂਦਾ ਪਿਆ ਏ। ਬਹੁਤਾ ਅਚੰਭਾ ਮੈਨੂੰ ਨੈਨਾ ਉੱਤੇ ਹੋਇਆ ਜਿਹੜੀ ਉਹਦੇ ਉੱਤੇ ਡੁੱਲ੍ਹ ਜਾਂਦੀ ਸੀ। ਖਿਦਮਤਾਂ ਕਰੀ ਜਾਂਦੀ ਸੀ। ਮੇਰਾ ਤਾਂ ਉਸ ਨਾਲ ਕੋਈ ਸਾਂਗਾ ਨਹੀਂ ਸੀ ਪਰ ਚੰਗਾ ਨਾ ਲੱਗਾ ਮੈਨੂੰ। ਕਈ ਦਿਨ ਮੈਂ ਮਾਸੀ ਵੱਲ ਗਿਆ ਈ ਨਾ। ਐਵੇਂ ਦੁਖੀ ਜਿਹਾ ਹੋਇਆ ਭੌਂਦਾ ਰਿਹਾ। ਕਬੂਤਰਾਂ ਨੂੰ ਦਾਨਾ ਪਾਣ ਵੀ ਨਾ ਆਇਆ। ਭਾਵੇਂ ਮਾਸੀ ਦੇ ਸੱਦੇ ਆਉਂਦੇ ਰਹੇ। ਰੋਜ਼ ਮਾਂ ਸੁਨੇਹਾ ਦੇਣਾ ਪਈ ਮਾਸੀ ਬੁਲਾਂਦੀ ਪਈ ਏ। ਅਖ਼ੀਰ ਇਕ ਦਿਨ ਤੁਰ ਈ ਗਿਆ। ਖ਼ਬਰ ਲੱਗੀ ਪਈ ਨੈਨਾ ਤਾਂ ਕਰਾਚੀਉਂ ਆਏ ਮੁੰਡੇ ਨਾਲ ਫਿਲਮ ਵੇਖਣ ਗਈ ਹੋਈ ਏ। ਇਹਨੇ ਭੈਣ-ਚੋ ਨੇ ਕਦ ਜਾਣਾ ਏ ? ਨੱਥੀ ਈ ਹੋ ਗਿਆ ਏ ਮਾਂ ਦਾ ਯਾਰ। ਉਥੇ ਈ ਸਾਂ ਮੈਂ ਜਦ ਉਹ ਹੱਸਦੇ ਚੋਹਲਾਂ ਕਰਦੇ ਫਿਲਮ ਵੇਖ ਕੇ ਪਰਤੇ। ਨੈਨਾ ਤਾਂ ਮੈਨੂੰ ਵੇਖ ਕੇ ਗਾਇਬ ਹੋ ਗਈ ਸਾਹਮਣੇ ਨਾ ਆਈ। ਮਾਸੀ ਦੱਸਿਆ ਮੁੰਡੇ ਨੇ ਕੱਲ੍ਹ ਪਰਤ ਜਾਣਾ ਏ।

ਅਗਲੇ ਦਿਹਾੜੇ ਸਵਖਤੇ-ਸਵਖਤੇ ਮਾਸੀ ਦਾ ਸੁਨੇਹਾ ਅਪੜਿਆ ਪਈ ਰਾਤ ਕਬੂਤਰਾਂ ਨੂੰ ਬਿੱਲੀ ਪੈ ਗਈ ਏ। ਮੈਂ ਆਉਂਦੇ-ਆਉਂਦੇ ਕਿੰਨਾ ਈ ਚਿਰ ਲਾ ਦਿੱਤਾ। ਪਹਿਲੇ ਮੈਂ ਕਦੀ ਇੰਜ ਨਹੀਂ ਸੀ ਕੀਤਾ। ਕਰਾਚੀਉਂ ਆਇਆ ਮੁੰਡਾ ਜਾਵਣ ਲਈ ਤਿਆਰ ਹੋਇਆ ਬੈਠਾ ਸੀ। ਉਹੋ ਪੂਰੇ ਗਲੇ ਦਾ ਸਵੈਟਰ ਪਾਈ, ਖ਼ੁਸ਼ਬੋਆਂ ਲਾਈ, ਜੰਟਲਮੈਨ ਬਣਿਆ, ਅਟੈਚੀ ਕੇਸ ਸਾਂਭੀ ਟੈਕਸੀ ਨੂੰ ਉਡੀਕੇ ਪਿਆ। ਮਾਸੀ ਕੋਲੋਂ ਉਸ ਪਿਆਰ ਲਿਆ, ਮੇਰੇ ਨਾਲ ਓਪਰਾ ਜਿਹਾ ਹੱਥ ਮਿਲਾਇਆ ਤੇ ਪੌੜੀਆਂ ਲਹਿ ਕੇ ਬੂਹੇ ਖਲੋਤੀ ਟੈਕਸੀ ਬਹਿ ਕੇ ਨਿਕਲ ਗਿਆ। ਓਦੋਂ ਸਾਲਮ ਟੈਕਸੀ ਖਾਸ ਬੰਦੇ ਈ ਮੰਗਵਾਂਦੇ ਸਨ। ਬੜੇ ਟਹਿਕੇ ਨਾਲ ਗਿਆ ਸੀ ਉਹ। ਖਸਮਾਂ ਨੂੰ ਖਾਵੇ ਸਾਨੂੰ ਕੀ ?

ਤ੍ਰਿਖਾ ਨੱਸਦਾ ਮੈਂ ਧੁਰ ਕੋਠਾ ਚੜ੍ਹਿਆ ਤੇ ਖੁੱਡੇ ਦੀਆਂ ਕੰਧਾਂ ਲਹੂ ਨਾਲ ਭਰੀਆਂ ਪਈਆਂ ਸਨ। ਕਬੂਤਰਾਂ ਦੀਆਂ ਅੱਧਖੋਈਆਂ ਫੱਟੜ ਲੋਥਾਂ 'ਤੇ ਟੁੱਟੇ ਪਰ ਚੁਫ਼ੇਰੇ ਖਿੱਲਰੇ ਪਏ ਸਨ। ਨੈਨਾ ਮੈਨੂੰ ਨਜ਼ਰੀਂ ਨਾ ਪਈ। ਮੈਂ ਸਫਾਈ ਵਿਚ ਰੁੱਝ ਗਿਆ ਤੇ ਥੱਲਿਉਂ ਪਾਣੀ ਦੀਆਂ ਬਾਲਟੀਆਂ ਲਿਆ ਲਿਆ ਕੇ ਖੁੱਡਾ ਤੇ ਕੰਧਾਂ ਧੋਣ ਡਹਿ ਪਿਆ। ਖੁੱਡੇ ਦੇ ਪਿਛਲੇ ਪਾਸਿਉਂ ਮੈਨੂੰ ਕਿਸੇ ਦੀਆਂ ਡੁਸਕੀਆਂ ਲੈਣ ਦੀ ਵਾਜ ਆਈ। ਨੈਨਾ ਭੁੰਜੇ ਅੱਡੀਆਂ ਭਾਰ ਬੈਠੀ, ਲੱਤਾਂ ਵਿਚ ਮੂੰਹ ਦੇ ਹੌਲੀ ਹੌਲੀ ਹਉਕੇ ਭਰ ਭਰ ਡੁਸਕਦੀ ਪਈ ਸੀ। ਉਹਦਾ ਪਤਲਾ ਜਿਹਾ ਸਰੀਰ ਕੰਬਦਾ ਪਿਆ ਸੀ। ਮੈਂ ਤਾਂ ਡੌਰ-ਭੌਰ ਹੋ ਗਿਆ। ਕੁਝ ਪੱਲੇ ਨਾ ਪਿਆ। ਸਮਝ ਤਾਂ ਮੈਨੂੰ ਕਈ ਵਰ੍ਹਿਆਂ ਪਿੱਛੋਂ ਆਈ ਪਰ ਅਸਲੋਂ ਗੱਲ ਕੀ ਹੋਈ ਸੀ ? ਮੈਂ ਤਾਂ ਇਕੋ ਕੰਮ ਕਰ ਸਕਦਾ ਸਾਂ ਪਈ ਪਾਣੀ ਦੀਆਂ ਬਾਲਟੀਆਂ ਲਿਆ ਕੇ ਲਹੂ ਧੋਵਾਂ। ਮੈਂ ਬਾਲਟੀਆਂ ਲਿਆ ਲਿਆ ਕੇ ਖੁੱਡੇ 'ਚੋਂ ਕੰਧਾਂ ਉੱਤੋਂ ਲਹੂ ਦੀਆਂ ਛਿੱਟਾਂ ਧੋਤੀਆਂ, ਟੁੱਟੇ ਪਰ ਸਾਂਭ ਕੇ ਇਕ ਥਾਂ ਹੰਝੂ ਦਿੱਤੇ ਤੇ ਸਾਰੇ ਕਬੂਤਰਾਂ ਨੂੰ ਉਡਾ ਦਿੱਤਾ। ਸੋਟੀ ਫੜ ਕੇ ਝੱਲਿਆਂ ਵਾਂਗ ਉਹਨਾਂ ਨੂੰ ਕੋਠੇ ਦੇ ਬਨੇਰਿਆਂ ਤੋਂ ਉਡਾਈ ਜਾਵਾਂ। ਇਕ ਪਲਕ ਵਿਚ ਉਹ ਅਸਮਾਨੀਂ ਜਾ ਲੱਗੇ। ਜੇ ਕੋਈ ਬਨੇਰੇ ਲੱਥਣ ਦੀ ਕਰਦਾ ਮੈਂ ਸ਼ੁਦਾਈਆਂ ਹਾਰ ਉਹਨਾਂ ਨੂੰ

ਨਸਦਾ ਉਡਾ ਦੇਂਦਾ। ਉੱਡ ਜਾਓ...ਉੱਡ ਜਾਓ...ਉੱਡ ਜਾਓ।

ਤੇ ਅਖ਼ੀਰ ਮੈਂ ਹਵਿਆ ਕੋਠੇ ਦੇ ਬਨੇਰੇ ਕੋਲ ਜਾ ਖਲੋਤਾ। ਨੈਨਾ ਕਿੰਨੇ ਹੀ ਚਿਰ ਮਗਰੋਂ ਮੇਰੇ ਲਾਗੇ ਈ ਬਨੇਰੇ ਕੋਲ ਆ ਖਲੋਤੀ ਤੇ ਆਪਣੇ ਹੱਥ ਬਨੇਰੇ ਉੱਤੇ ਰੱਖ ਕੇ ਉੱਡਦੇ ਕਬੂਤਰਾਂ ਨੂੰ ਵੇਖਣ ਡਹਿ ਪਈ। ਜਿਹੜੇ ਹੁਣ ਅਸਮਾਨੀ ਜਾ ਲੱਗੇ ਸਨ। ਉਹਦਾ ਮੂੰਹ ਲੱਥਾ ਹੋਇਆ ਸੀ। ਨੁੱਚੜਿਆ ਹੋਇਆ। ਮੋਏ ਕਬੂਤਰ ਦੀ ਲੋਥ ਵਾਂਗ। ਸ਼ਾਮ ਰਿਮਕੇ ਰਿਮਕੇ ਕ੍ਰਿਸ਼ਨ ਨਗਰ ਦੇ ਪੁਰਾਣੇ ਘਸਮੈਲੇ ਬਨੇਰਿਆਂ ਤੋਂ ਲਹਿੰਦੀ ਗਲੀਆਂ ਦੇ ਨਿੰਮ੍ਹੇ ਨਿੰਮ੍ਹੇ ਚਾਨਣ ਨੂੰ ਮਿਟਾਂਦੀ ਗਵਾਚਣ ਲੱਗ ਪਈ। ਸਲੇਟੀ ਬਨੇਰਿਆਂ ਵਰਗੀ ਸਲੇਟੀ ਸ਼ਾਮ। ਇਕ ਪਲ ਲਈ ਨੈਨਾ ਬਨੇਰੇ ਤੇ ਸ਼ਾਮ ਇਕੋ ਰੰਗ ਵਿਚ ਰੰਗੇ ਗਏ।

ਥੱਲੇ ਗਲੀ 'ਚੋਂ ਬਾਬਾ ਟੈਮ, ਗਲੀ ਦਾ ਝੱਲਾ ਆਪਣੀ ਇਕੋ ਬਾਂਹ ਇਕੋ ਪਾਸੇ ਹੀ ਉੱਚੀ ਜਿਹੀ ਚੁੱਕ ਕੇ ਘਰਾਂ ਦੇ ਬੂਹਿਆਂ ਨੂੰ ਵੱਜਦਾ ਦੂਜੀ ਬਾਂਹ ਜ਼ੋਰ ਜ਼ੋਰ ਦੀ ਮਾਰਦਾ ਡਿੱਗਦਾ ਢਹਿੰਦਾ ਰਿੜ੍ਹਦਾ ਜਾਂਦਾ ਸੀ ਤੇ ਉੱਚੀ ਉੱਚੀ ਆਖੀ ਜਾਂਦਾ ਸੀ, 'ਆਪਣੀ ਮਾਂ ਕੋਲੋਂ ਜਾ ਕੇ ਪੁੱਛ ਉਹਦਾ ਟੈਮ ਕੀ ਹੋਇਆ ਏ। ਆਪਣੀ ਭੈਣ ਕੋਲੋਂ ਜਾ ਕੇ ਪੁੱਛ ਟੈਮ ਕੀ ਹੋਇਆ ਏ।' ਬਾਬੇ ਟੈਮ ਦੀ ਛੇੜ ਸੀ, 'ਬਾਬਾ ਟੈਮ ਕੀ ਹੋਇਆ ਏ' ਤੇ ਅੱਗੋਂ ਉਹ ਪੁੱਛਣ ਵਾਲੇ ਦੀ ਮਾਂ ਭੈਣ ਨੂੰ ਪੁਣਨ ਲੱਗ ਪੈਂਦਾ ਸੀ।

ਖ਼ਬਰੇ ਕੀ ਸੁਝਿਆ ਪਈ ਮੈਂ ਆਪ ਮੁਹਾਰੇ ਹੌਲੀ ਜਿਹੇ ਆਪਣਾ ਹੱਥ ਨੈਨਾ ਦੇ ਹੱਥ ਉੱਤੇ ਰੱਖ ਦਿੱਤਾ। ਉਹ ਤ੍ਰਭਕ ਕੇ ਪਿਛਾਂਹ ਹਟੀ। ਦੀਵੇ ਵਾਲੀਆਂ ਅੱਖਾਂ ਭਾਂਬੜ ਬਣ ਗਈਆਂ। "ਤੂੰ...ਤੂੰ...ਤੂੰ ਬਸ ਕਬੂਤਰਾਂ ਦੀਆਂ ਵਿੱਠਾਂ ਧੋਇਆ ਕਰ...ਜੇ ਬਿੱਲੀ ਪੈ ਜਾਵੇ ਤੇ ਲਹੂ ਦੀਆਂ ਛਿੱਟਾਂ ਪੂੰਝਿਆ ਕਰ...ਉਹਨਾਂ ਦੀਆਂ ਲੋਥਾਂ...।" ਉਸ ਰੋਹ ਨਾਲ ਕੰਬਦੀ ਨੇ ਹੱਥ ਚੁੱਕ ਕੇ ਸੈਨਤਾਂ ਕਰ ਕਰ ਕੁਰਲਾਉਂਦੇ ਆਖਿਆ ਤੇ ਥਪਕ ਥਪਕ ਕਰਦੀ ਤ੍ਰਿਖ ਨਾਲ ਪੌੜੀਆਂ ਲਹਿ ਗਈ।

ਅਚਨਚੇਤ ਗਲੀ ਵਿਚ ਰੌਲਾ ਪਿਆ, 'ਆ ਗਈ, ਆ ਗਈ ਸਾਡੇ ਗਾਮੇ ਆ ਗਈ। ਆ ਗਈ, ਆ ਗਈ...।' ਤੇ ਟਾਂਗਾ ਮਾਸੀ ਦੇ ਬੂਹੇ ਆ ਅਟਕਿਆ। ਟਾਂਗੇ ਵਾਲੇ ਅੱਗੋਂ ਨਵਾਂ ਪਾਲਸ਼ ਹੋਇਆ ਟਰੰਕ ਚੁੱਕ ਕੇ ਸਾਡੇ ਬੂਹੇ ਧਰਿਆ ਤੇ ਟਾਂਗੇ ਦੇ ਪਿਛਲੇ ਪਾਸਿਉਂ ਉਂਜ ਦੀਆਂ ਉਂਜ ਈ, ਸਦਾ ਇਕੋ ਜਿਹੀਆਂ, ਇਕ ਦੂਜੇ ਨਾਲ ਜੁੜੀਆਂ ਕੰਧ ਉੱਤੇ ਲੱਗੀ ਪੁਰਾਣੀ ਮੂਰਤ ਵਾਂਗ ਵੇਲੇ ਵਿਚ ਕੈਦ ਗਾਮੇ ਤੇ ਰੱਖੀ ਟਾਂਗੇ ਤੋਂ ਲਹਿ ਕੇ ਬੂਹੇ ਆ ਢੁਕੀਆਂ। ਗਾਮੇ ਰੱਖੀ ਹਮੇਸ਼ ਲਈ ਆਪਣੇ ਨਵੇਂ ਵਿਆਹ ਘਰੋਂ ਪਰਤ ਆਈਆਂ ਸਨ। ਮੁੜ ਕਦੀ ਨਾ ਜਾਵਣ ਲਈ। ਉਹੋ ਪੁਰਾਣੀ ਗੱਲ, 'ਜੇ ਵਸਣਾ ਈ ਤਾਂ ਰੱਖੀ ਨੂੰ ਛੱਡ।' ਪਰ ਗਾਮੇ ਕਿਵੇਂ ਰੱਖੀ ਨੂੰ ਛੱਡੇ ? ਅਗਲੇ ਦਿਹਾੜੇ ਨੈਨਾ ਆਪਣੇ ਘਰ ਪਰਤ ਗਈ। ਮੁੜ ਕਦੀ ਨਾ ਮੁੜਨ ਲਈ। ਘਰ ਦੇ ਕੰਮ ਮੁੜ ਗਾਮੇ ਸਾਂਭ ਲਏ ਤੇ ਜਦ ਤੀਕ ਮਾਸੀ ਜੀਵੀ ਗਾਮੇ ਉਥੇ ਈ ਰਹੀ।

ਰੱਖੀ ਦੀ ਛੇੜ ਵਿਆਹ ਸੀ। ਕਦੀ ਕਦਾਈਂ ਅਸਾਂ ਉਹਨੂੰ ਛੇੜਨਾ, ਚਲੋ ਭਈ ਰੱਖੀ ਦਾ ਵਿਆਹ ਕਰੋ। ਚਲੋ ਭਈ ਰੱਖੀ ਦੇ ਵਿਆਹ ਦੀ ਤਿਆਰੀ ਕਰੋ। ਆਹਾ ਜੀ ਰੱਖੀ ਦੀ ਜੰਞ ਆਵੇਗੀ। ਆਹਾ ਜੀ ਰੱਖੀ ਦਾ ਲਾੜਾ ਆਵੇਗਾ ਤੇ ਰੱਖੀ ਆਪਣੀ ਪੋਟਲੀ ਨੂੰ ਛਾਤੀਆਂ ਨਾਲ ਲਾ ਕੇ ਲੱਜ ਨਾਲ ਮਰਦੀ ਜਾਵੇ ਜਿਵੇਂ ਉਹਦਾ ਵੱਸ ਹੋਵੇ ਤੇ ਉਹ ਵੀ



ਪੋਟਲੀ ਵਿਚ ਲੁਕ ਜਾਵੇ ਤੇ ਮੁੜ ਕਦੀ ਕਿਸੇ ਨੂੰ ਨਜ਼ਰ ਨਾ ਆਵੇ ਪਰ ਗਾਮੇ ਮੁੜ ਕਦੀ ਵਿਆਹ ਦੀ ਗੱਲ ਨਾ ਛੋਹੀ ਤੇ ਮੁੜ ਨਾ ਕਿਸੇ ਨੂੰ ਕਦੇ ਕੋਈ ਖ਼ਿਆਲ ਆਇਆ। ਆਪਣੀ ਪੂਰੀ ਭਰ ਜਵਾਨੀ ਉਹਨੇ ਮਾਸੀ ਦੇ ਘਰ ਲੰਘਾ ਛੋੜੀ। ਲੋਕਾਂ ਦੇ ਘਰੀਂ ਭਾਂਡੇ ਧੋ ਧੋ ਕੇ।

ਭੁੱਟੋ ਫਾਹੇ ਲੱਗਾ ਤੇ ਪੋਪਾ ਫੜਿਆ ਗਿਆ। ਅਸੀਂ ਡਰਦੇ ਥਾਣੇ ਨਾ ਜਾਈਏ। ਸੂਹ ਨਾ ਲੱਗੇ ਪਈ ਕਿਥੇ ਡੱਕਿਆ ਹੋਇਆ ਸੂ। ਮੈਂ ਤੇ ਮਾਸੀ ਕਚਹਿਰੀਆਂ ਥਾਣੇ ਭੁਗਤਾਂਦੇ ਫਾਵੇ ਹੋ ਗਏ ਪਰ ਮਾਸੀ ਕਿਹੜੀ ਪਿੱਛੇ ਰਹਿਣ ਵਾਲੀ ਸੀ ? ਉਸ ਵੀ ਭੁੱਟੋ ਦਾ ਖ਼ਤਮ ਕਰਾਇਆ ਤੇ ਸਾਰੀ ਗਲੀ ਪੁਲਿਸ ਨਾਲ ਭਰ ਗਈ ਪਰ ਪੂਰੇ ਮੁਹੱਲੇ ਦੀ ਕੋਈ ਜ਼ਨਾਨੀ ਅਜਿਹੀ ਨਹੀਂ ਸੀ ਜਿਹੜੀ ਵਿੱਠਾਂ ਵਾਲੀਆਂ ਪੌੜੀਆਂ ਚੜ੍ਹ ਕੇ ਖ਼ਤਮ ਪੜ੍ਹਨ ਨਾ ਆਈ ਹੋਵੇ। ਵਰ੍ਹੇ ਪਿਛੋਂ ਕੈਦ ਕੱਟ ਕੇ ਪੋਪਾ ਪਰਤਿਆ ਤੇ ਮਾਸੀ ਨਾ ਚਾਹੁੰਦਿਆਂ ਵੀ ਉਹਨੂੰ ਵਲਾਇਤ ਦੂਜੇ ਪੁੱਤਰ ਕੋਲ ਘੱਲ ਦਿੱਤਾ ਪਈ ਜਦ ਦੇਸ਼ ਆਜ਼ਾਦ ਹੋਏ ਉਹ ਪਰਤ ਆਵੇ। ਪਰ ਦੇਸ਼ ਨੇ ਕਿੰਨੀ ਵਾਰ ਆਜ਼ਾਦ ਹੋਣਾ ਏ ?

ਪੁੱਤਰ ਦੇ ਇੰਜ ਜਾਵਣ ਦਾ ਹਿਰਖ ਅਜੇ ਸੱਜਰਾ ਈ ਸੀ ਪਈ ਹੇਠਲੀ ਮੰਜ਼ਲ ਵਾਲਿਆਂ ਦਾ ਪਿਛਲੇ ਪੰਝੀ ਵਰ੍ਹਿਆਂ ਤੋਂ ਤੋਰਿਆ ਮੁਕੱਦਮਾ ਮਾਸੀ ਹਾਰ ਗਈ। ਪਰ ਛੱਡਦੇ ਛੱਡਦੇ ਘਰ ਦਾ ਕਬਜ਼ਾ ਲੈਂਦੇ ਲੈਂਦੇ ਵੀ ਕਈ ਵਰ੍ਹੇ ਲੰਘ ਗਏ। ਘਰ ਉੱਕਾ ਢਹਿਣ ਵਾਲਾ ਸੀ। ਹੇਠਾਂ ਵੀ ਇਕ ਦੋ ਬੰਦੇ ਰਹਿ ਗਏ ਸਨ ਜਿਹੜੇ ਘਰ ਉੱਤੇ ਕਬਜ਼ੇ ਦੀ ਉਡੀਕ ਵਿਚ ਬੈਠੇ ਸਨ। ਆਖਦੇ ਦੋ ਚਾਰ ਲੱਖ ਲਓ ਤੇ ਘਰ ਛੱਡੋ। ਪਰ ਮਾਸੀ ਘਰ ਨਾ ਛੱਡਿਆ। ਕਮਰਿਆਂ ਦੇ ਫਰਸ਼ ਟੁੱਟ ਗਏ, ਛੱਤਾਂ ਅੱਧੀਆਂ ਢਹਿ ਗਈਆਂ। ਬਸ ਪੌੜੀਆਂ ਸਬੂਤੀਆਂ ਸਨ, ਉਹ ਵੀ ਦੂਜੀ ਮੰਜ਼ਲ ਤੀਕ। ਧੁਰ ਕੋਠੇ ਜਾਵਣ ਲਈ ਫੱਟਿਆਂ ਨਾਲ ਟੇਕਾਂ ਲਾਈਆਂ ਹੋਈਆਂ ਸਨ। ਗਾਮੇ ਦੀ ਕੋਠੜੀ ਵਿਚ ਬਾਲੇ ਫਸਾ ਕੇ ਮਸਾਂ ਛੱਤ ਖਲ੍ਹਾਰੀ ਹੋਈ ਸੀ ਤੇ ਫਰਸ਼ ਵਿਚ ਮੋਰੇ ਪਏ ਹੋਏ ਸਨ। ਸਾਡਾ ਆਪਣਾ ਸਾਂਝਾ ਘਰ ਵੀ ਚਾਚਿਆਂ ਡੀਫੈਂਸ ਵਿਚ ਕੋਠੀ ਪਾਉਣ ਵਿਚ ਵੇਚ ਦਿੱਤਾ ਪਰ ਮਾਸੀ ਦਾ ਅਜੇ ਕ੍ਰਿਸ਼ਨ ਨਗਰ ਵਾਲਾ ਘਰ ਹੈ ਸੀ। ਮੈਂ ਮੁਕੱਦਮੇ ਦੀਆਂ ਤਾਰੀਖ਼ਾਂ ਭੁਗਤਣ ਜਾਣਾ। ਮੁਕੱਦਮਾ ਤਾਂ ਅਜੇ ਖ਼ਬਰੇ ਕੁਝ ਵਰ੍ਹੇ ਹੋਰ ਰਿੜ੍ਹ ਜਾਂਦਾ ਪਰ ਮਾਸੀ ਆਪੇ ਈ ਸਾਹ ਪੂਰੇ ਕਰ ਗਈ। ਗਾਮੇ ਅਖ਼ੀਰ ਤਕ ਉਹਦੇ ਨਾਲ ਰਹੀ। ਉਸ ਟੁੱਟੇ ਘਰ ਇਕ ਵੇਲੇ ਨਿਰੀਆਂ ਤਿੰਨ ਸਵਾਣੀਆਂ ਈ ਰਹਿੰਦੀਆਂ ਰਹੀਆਂ।

ਪਰ ਕਹਾਣੀ ਤਾਂ ਗਾਮੇ ਦੀ ਏ ਜਿਹੜੀ ਰੱਖੀ ਨਾਲ ਪੱਕੀ ਰਹੀ। ਗਾਮੇ ਅਜੇ ਵੀ ਜਿਊਂਦੀ ਏ ਤੇ ਕ੍ਰਿਸ਼ਨ ਨਗਰ ਦੇ ਪੁਰਾਣੇ ਕਬਰਸਤਾਨ ਲਾਗੇ ਰਹਿੰਦੀ ਏ ਰੱਖੀ ਨਾਲ। ਗਾਮੇ ਨੂੰ ਹਮੇਸ਼ ਕੋਈ ਨਾ ਕੋਈ ਮਾਸੀ ਐਸ਼ਾਂ ਲੱਭ ਈ ਜਾਂਦੀ ਏ।

ਮਾਂ ਦੀ ਵਾਜ ਪਿੱਛਾ ਕਰਦੀ ਰਹਿੰਦੀ ਏ, 'ਬਟਾਲੇ ਸਾਡੇ ਘਰ ਦੇ ਸਾਹਮਣੇ ਗਲੀ ਦੇ ਦੂਜੇ ਬੰਨੇ ਐਸ਼ਾਂ ਦਾ ਘਰ ਸੀ।' ਬਟਾਲੇ ਆਪਣਾ ਘਰ ਲੱਭਦਾ ਲੱਭਦਾ ਮੈਂ ਮਾਸੀ ਐਸ਼ਾਂ ਦਾ ਘਰ ਲੱਭਣ ਲੱਗ ਪਿਆ ਸੀ।

ਮੇਰੇ ਬਟਾਲਿਉਂ ਪਰਤਣ ਮਗਰੋਂ ਮੇਰੇ ਪਿਉ ਦੇ ਛੇ ਭਰਾਵਾਂ ਵਿਚੋਂ ਇਕੱਲਾ ਜੀਉਂਦਾ ਚਾਚਾ ਜਦ ਬਟਾਲੇ ਦੀਆਂ ਖਿੱਚੀਆਂ ਤਸਵੀਰਾਂ ਵੇਖਣ ਆਇਆ ਤੇ ਇਕ ਤਸਵੀਰ ਨੂੰ ਵੇਖਦਿਆਂ ਸਾਰ ਹੀ ਮੂੰਹ ਉੱਤੇ ਸਿੰਝਾਣ ਦਾ ਆਨੰਦ ਮਾਣਦਾ ਹੋਇਆ ਆਖਣ ਲੱਗਾ, 'ਇਹ ਗਲੀ ਮਾਸੀ ਐਸ਼ਾਂ ਦੇ ਘਰ ਜਾਂਦੀ ਸੀ।'

## ਮੀਂਹ, ਬੂਹੇ ਤੇ ਬਾਰੀਆਂ

ਮੀਂਹ ਪੈਂਦਾ ਪਿਆ ਏ ਤੇ ਮੈਂ ਬਾਰੀ ਲਾਗੇ ਬੈਠਾ ਹਾਂ।

ਛੱਤਾਂ, ਚੁਬਾਰਿਆਂ, ਪੜਛੱਤੀਆਂ, ਕੰਧਾਂ ਤੇ ਪਰਨਾਲਿਆਂ ਰਾਹੀਂ ਪਾਣੀ ਡਿੱਗਦਾ ਪਿਆ ਏ, ਵਗਦਾ ਪਿਆ ਏ, ਡਿੱਗੀ ਜਾਂਦਾ ਏ, ਵਗੀ ਜਾਂਦਾ ਏ। ਧੋਈ ਜਾਂਦਾ ਏ ਸਾਡੀ ਗਲ਼ੀ। ਮਿੱਟੀ, ਗਾਰ, ਕੱਖ ਤੇ ਗੰਦ ਸਭੇ ਰੋੜ੍ਹੀ ਜਾਂਦਾ ਏ। ਮੁੰਡਿਆਂ ਦੇ ਲੱਕ ਲੱਕ ਤੀਕ ਪਾਣੀ ਹੋ ਗਿਆ ਹੋਣਾ ਏ ਵੱਡੇ ਬਾਜ਼ਾਰ। ਮੁਹੱਲੇ ਦੀ ਮੁੰਡੀਰ ਉਥੇ ਨਹਾਂਵਦੀ ਹੋਣੀ ਏ ਤੇ ਵਿਚ ਪਾਣੀ ਪਲਾਂਘਾ ਮਾਰ-ਮਾਰ ਇਕ ਦੂਜੇ ਉੱਤੇ ਸੁੱਟਦੀ ਹੋਣੀ ਏ। ਪੀਲੀ ਕੋਠੀ ਵਾਲੇ ਅਸ਼ਰਫ ਸਾਹਿਬ ਕਹਿੰਦੇ ਨੇ ਇਸ ਗਾਰ ਰਲੇ ਪਾਣੀ ਵਿਚ ਨਹਾਵਣ ਨਾਲ ਫੋੜੇ ਫਿਨਸੀਆਂ ਨਿਕਲਦੇ ਨੇ, ਪਰ ਹਨੀਫਾ ਬਰਫ਼ ਵਾਲਾ ਕਹਿੰਦਾ ਏ ਮਰਦੇ ਨੇ।

ਇਹ ਗੱਲਾਂ ਹੁਣ ਪੁਰਾਣੀਆਂ ਨਹੀਂ ਹੋ ਗਈਆਂ ਹੋਈਆਂ ? ਨਾ ਵੱਡੇ ਬਾਜ਼ਾਰ ਪਾਣੀ ਖੜ੍ਹਾ ਹੁੰਦਾ ਏ, ਨਾ ਮੁੰਡੇ ਨਹਾਂਦੇ ਨੇ। ਨਵਾਂ ਸੀਵਰੇਜ ਜੋ ਪੈ ਗਿਆ ਏ ਵੱਡੇ ਬਾਜ਼ਾਰ ਵਿਚ। ਸਾਡਾ ਪੁਰਾਣਾ ਮੁਹੱਲਾ ਨਵੇਂ ਵਜ਼ੀਰੇ ਆਜ਼ਮ ਦੇ ਹਲਕੇ ਵਿਚ ਜੋ ਆ ਗਿਆ ਹੋਇਆ ਏ।

ਸਾਡੇ ਘਰ ਦੇ ਪਰਨਾਲੇ 'ਚੋਂ ਮਿੱਟੀ ਰੰਗਾ ਤੂੜੀ ਰਲਿਆ ਪਾਣੀ ਡਿੱਗੀ ਜਾਂਦਾ ਏ ਤੇ ਕੋਠਾ ਸਾਡਾ ਖੁਰੀ ਜਾਂਦਾ ਏ। ਚਿੰਤਾ ਲੱਗੀ ਪਈ ਏ ਮੈਨੂੰ। ਸਾਨੂੰ ਈ ਛੱਤਣਾ ਪੈਣਾ ਏ ਕੋਠਾ ਮੁੜ। ਟੱਬਰ ਸਾਡੇ ਨੂੰ ਕੰਮੀ ਲਾ ਦੇਣਾ ਏ ਚਾਚੀ ਤੇ ਆਪ ਦੋ ਗੁੱਤਾਂ ਕਰਕੇ ਪ੍ਰਾਹੁਣਿਆਂ ਵਾਂਗ ਰੰਗਲੇ ਪਲੰਘ ਉੱਤੇ ਜਾ ਬਹਿਣਾ ਏ।

ਵੱਡੇ ਸਾਂਦੇ ਤੋਂ ਸਾਇਕਲ ਪਿੱਛੇ ਮੈਂ ਤੂੜੀ ਦੀ ਬੋਰੀ ਲਿਆਸਾਂ। ਜੇ ਸਾਇਕਲ ਸਿੱਧੀ ਕਰਾਂ ਤੇ ਬੋਰੀ ਇਕ ਪਾਸੇ ਉੱਲਰ ਜਾਣੀ ਏ ਤੇ ਜੇ ਬੋਰੀ ਨੂੰ ਸਾਵਾਂ ਕਰਾਂ ਤਾਂ ਸਾਇਕਲ ਸਿੱਧੀ ਨਹੀਂ ਰਹਿਣੀ। ਫੇਰ ਅਸਗਰ ਗੁੱਜਰ ਕਿਆਂ ਤੋਂ ਗੋਹਾ ਦਾਬੜਾ ਵਿਚ ਚੁੱਕ ਕੇ ਲਿਆਣਾ ਪੈਣਾ ਏ। ਓਸ ਹਮੇਸ਼ ਮੇਰੇ ਵਜੂਦ ਤੋਂ ਵੱਧ ਦਾਬੜੇ ਵਿਚ ਲੱਦ ਦੇਣਾ ਏ ਤੇ ਉੱਤੋਂ ਮਾਰਨੀਆਂ ਨੇ ਗੱਲਾਂ। ਮੈਥੋਂ ਚੁੱਕਿਆ ਨਹੀਂ ਜਾਣਾ। ਗੱਡ ਵਾਲੇ ਚੀਕਨੀ ਮਿੱਟੀ ਦੀਆਂ ਤਿੰਨ ਗੱਡੀਆਂ ਗਲੀ ਵਿਚ ਈ ਸੁੱਅ ਜਾਣੀਆਂ ਨੇ। ਮਿੱਟੀ ਵਿਚ ਗੋਹਾ ਤੇ ਤੂੜੀ ਰਲਾ ਕੇ ਤੇ ਵਿਚਕਾਰ ਪਾਣੀ ਦੀ ਥਾਂ ਬਣਾ ਕੇ ਕੱਛੇ ਪਾ ਕੇ ਜਦ ਅਸੀਂ ਗਿੱਲੀ ਮਿੱਟੀ ਉੱਤੇ ਨੱਚਾਂਗੇ ਤੇ ਫਿਰ ਭੁੱਲ ਜਾਵਾਂਗੇ ਸੱਭੇ ਕੁਝ। ਬਾਰੀ ਦੀ ਭੀਤ ਵਿਚੋਂ ਸਾਡਾ ਤਮਾਸ਼ਾ ਤਕਸੀ ਚਾਚੀ।



ਮੇਰੀ ਵੱਡੀ ਭੈਣ ਤੇ ਮਾਂ ਸਾਰਾ ਕੋਠਾ ਲਿਪਣਗੀਆਂ ਤੇ ਚਾਚੀ ਸਿਆਲਾਂ ਵਿਚ ਸੁਥਰੇ ਕੋਠੇ ਉੱਤੇ ਮੰਜੀ ਡਾਹ ਕੇ ਧੁੱਪ ਸੇਕੇਗੀ। ਮੈਂ ਹੁਣ ਵੱਡਾ ਹੋ ਗਿਆ ਹਾਂ ਤੇ ਚਾਚੀ ਮੈਨੂੰ ਕੋਈ ਕੰਮ ਨਹੀਂ ਆਖਦੀ। ਪਰ ਨਿੱਕੇ ਭਰਾਵਾਂ ਛਾਛੀ ਤੇ ਕਾਛੀ ਨੂੰ ਅਜੇ ਵੀ ਸਾਰਾ ਕੰਮ ਕਰਨਾ ਪੈਂਦਾ ਏ। ਕਾਛੀ ਪਰਦੇਸ ਟੁਰ ਗਿਆ ਹੋਇਆ ਏ ਕਦ ਦਾ। ਚਾਚੀ ਕਦੇ ਗੌਲਿਆਂ ਵੀ ਨਹੀਂ ਹੋਣਾ ਕਿ ਕਾਛੀ ਵੀ ਕਦੀ ਪਰਦੇਸ ਟੁਰ ਜਾਵੇਗਾ। ਗੋਰਿਆਂ ਦੇ ਦੇਸ ਵਿਚ। ਚਾਚੀ ਦੇ ਦੋਵੇਂ ਪੁੱਤਰ ਵੀ ਤਾਂ ਅਮਰੀਕਾ ਟੁਰ ਗਏ ਨੇ। ਉਹ ਆਪੇ ਵੀ ਹੁਣ ਉਥੇ ਈ ਰਹਿੰਦੀ ਏ। ਕਈ ਬੰਦਿਆਂ ਮੈਥੋਂ ਪੁੱਛਿਆ ਪਈ ਕੀ ਗੱਲ ਹੋਈ ਪਈ ਚਾਚੀ ਤੈਥੋਂ ਕੰਮ ਲੈਣਾ ਤੇ ਕਲਾਮ ਕਰਨਾ ਛੱਡ ਦਿੱਤਾ। ਪ੍ਰੀਤ ਵਾਂਗੂੰ ਕੌੜ ਨੂੰ ਵੀ ਪਾਲਣਾ ਪੈਂਦਾ ਏ। ਮੇਰੇ ਅੰਦਰ ਵੀ ਸਤਾਰਾਂ ਵਰ੍ਹਿਆਂ ਦੀ ਕੌੜ ਸੀ ਚਾਚੇ ਚਾਚੀ ਨਾਲ।

ਪਿਓ ਦੇ ਪੂਰੇ ਹੋਣ ਮਗਰੋਂ ਅਸਾਡਾ ਚਾਚੇ ਨਾਲ ਈ ਰਹਿਣਾ ਹੋਇਆ। ਮੈਂ ਕੌੜ ਪਾਲਦਾ ਤੇ ਸੜਦਾ ਬਲਦਾ ਰਿਹਾ। ਮੈਂ ਨਾ ਚਾਚੀ ਨਾਲ ਲੜਿਆ ਨਾ ਬਦਕਲਾਮੀ ਕੀਤੀ। ਬਸ ਚੁੱਪ ਕਰ ਕੇ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਿਆ ਸੀ। ਚਾਚੀ ਮਾਂ ਨਾਲ ਵਿਹੜੇ ਵਿਚ ਲੜਦੀ ਪਈ ਸੀ। ਮੈਂ ਉਤਲੀ ਬਾਰੀ ਵਿਚ ਖਲੋਤਾ ਸਾਂ। ਐਵੇਂ ਮੇਰੀ ਚੁੱਪ ਤੱਕਣੀ ਦਾ ਪਰਛਾਵਾਂ ਉਹਦੀਆਂ ਅੱਖਾਂ ਉੱਤੋਂ ਲੰਘਿਆ। ਉਹਨੇ ਕੌੜ ਨਾਲ ਉਤਲੀ ਮੰਜ਼ਲੇ ਤੱਕਿਆ। 'ਤੂੰ ਕੀ ਆਨੇ ਟੱਡ ਕੇ ਤੱਕਦਾ ਪਿਆ ਏਂ ?" ਪਹਿਲੋਂ ਕਦੀ ਅੱਖ ਨਹੀਂ ਸੀ ਚੁੱਕੀ। ਇਕੋ ਚੁੱਪ ਦੇ ਪਲ ਵਿਚ ਡਰਦੇ ਸਤਾਰਾਂ ਵਰ੍ਹਿਆਂ ਉੱਤੇ ਮੈਂ ਪੁੱਠੇ ਪੈਰੀਂ ਪੈਂਡਾ ਕੀਤਾ ਤੇ ਅੱਖ ਨਾ ਝਮਕੀ। ਜਦ ਮੈਂ ਹਿਲਿਆ ਤੇ ਚਾਚੀ ਹੰਕਾਰ ਨਾਲ ਸਿਰ ਮਾਰ ਕੇ 'ਹੂੰ' ਆਖ ਕੇ ਕਮਰੇ ਵੜ ਗਈ। ਉਹਨੂੰ ਕੀ ਪਤਾ ਪੈਰਾਂ ਤੋਂ ਮੈਂ ਕੰਬ ਰਿਹਾ ਸਾਂ।

ਉਹ ਦਿਨ ਤੋਂ ਮੁੜ ਉਸ ਨਾ ਮੈਨੂੰ ਕੋਈ ਕੰਮ ਕਿਹਾ ਨਾ ਕਲਾਮ ਕੀਤਾ। ਤੀਹ ਪੈਂਤੀ ਵਰ੍ਹੇ ਹੋ ਗਏ ਨੇ ਜੱਦੀ ਘਰ ਵਿਕਿਆ, ਪੁਰਾਣਾ ਮੁਹੱਲਾ ਛੁਟਿਆ ਪਰ ਕੌੜ ਨਾ ਮੁੱਕੀ। ਕਾਮਰੇਡ ਬਾਲੀ ਮੈਨੂੰ ਮੱਤ ਦਿੰਦਾ ਹੁੰਦਾ ਸੀ। ਕੌੜ ਨੂੰ ਪੁੱਠਾ ਕਰਦੇ, ਤੇਰਾ ਦੁੱਖ ਮੁੱਕ ਜਾਵੇਗਾ। ਚਾਚੀ ਵਲੇ ਪਿਆਰ ਨਾਲ ਤੱਕ, ਮੱਤ ਦਿੰਦਾ ਸੀ। ਪਤਾ ਨਹੀਂ ਚਾਚੀ ਨੇ ਕਿੰਨਾ ਜਿਉਣਾ ਏਂ। ਹਰ ਵਾਰ ਅਮਰੀਕਾ ਤੋਂ ਆਉਂਦੀ ਏ ਤੇ ਪਹਿਲੇ ਤੋਂ ਵੱਧ ਵਲ ਹੁੰਦੀ ਏ, ਜੀਵੀ ਜਾਂਦੀ ਏ, ਵਧੀ ਫੁੱਲੀ ਜਾਂਦੀ ਏ।

ਮੀਂਹ ਪਈ ਜਾਂਦਾ ਏ ਤੇ ਮੈਂ ਬਾਰੀ ਤੋਂ ਤੱਕੀ ਜਾਨਾਂ। ਸਾਹਮਣੇ ਬਾਜੀ ਨਸੀਮ ਦਾ ਘਰ ਏ ਤੇ ਭ਼ਾਤੀ ਸਿੱਧੀ ਗਲੀ ਤੋਂ ਪਾਰ ਉਹਨਾਂ ਦੇ ਵਿਹੜੇ ਪੈਂਦੀ ਏ। ਹੁਣੇ ਹੁਣੇ ਬਾਜੀ ਨਸੀਮ ਦੀ ਧਰੇਕ ਵਾਂਗ ਵਧਦੀ ਧੀ ਕੋਠੇ ਉੱਤੋਂ ਸੁੱਕਣੇ ਪਾਏ ਕਪੜੇ ਲਾਹ ਕੇ ਗਈ ਏ ਤੇ ਮਾਂ ਉਹਦੀ ਪਿੱਛੇ ਪਿੱਛੇ ਆਈ ਏ। ਮਾਂ ਉਹਦੀ ਨੂੰ ਪਤਾ ਏ ਮੈਂ ਬਾਰੀ ਕੋਲ ਖਲਾ ਆਂ। ਮਾਂ ਉਹਦੀ ਨੂੰ ਹਰ ਵੇਲੇ ਪਤਾ ਹੁੰਦਾ ਏ ਬਸ ਉਹਦੀ ਧੀ ਨੂੰ ਪਤਾ ਨਹੀਂ ਹੁੰਦਾ। ਪਿੱਛੇ ਮੈਂ ਆਪਣੇ ਘਰ ਦੇ ਬੂਹੇ ਅੱਗੇ ਪਿਸ਼ਾਬ ਕਰਦਾ ਪਿਆ ਸਾਂ। ਜਦ ਮੈਂ ਖਲੋ ਕੇ ਨਾਲਾ ਬੰਨ੍ਹਦਾ ਪਿਆ ਸਾਂ ਤਾਂ ਬਾਜੀ ਨਸੀਮ ਆਪਣੇ ਬੂਹੇ ਅੱਗੇ ਖਲੋਤੀ ਸੀ। ਨਾਸਾਂ ਫੜਕਾ ਕੇ ਆਖਣ ਲੱਗੀ, 'ਤੂੰ ਖ਼ੈਰ ਨਾਲ ਵੱਡਾ ਹੋ ਗਿਆ ਏਂ। ਰੋਟੀ ਨੂੰ ਚੋਚੀ ਤਾਂ ਨਹੀਂ ਕਹਿੰਦਾ। ਪਰ ਅੰਦਰ ਪਿਸ਼ਾਬ ਕਰਿਆ ਕਰ।'

ਮੈਂ ਹੈਰਾਨ, ਬਿਟ ਬਿਟ ਉਹਦਾ ਮੂੰਹ ਤੱਕੀ ਗਿਆ। ਬਾਜੀ ਨਸੀਮ ਦੀਆਂ ਅੱਖੀਆਂ

ਕਿੰਨੀਆਂ ਮੋਟੀਆਂ ਤੇ ਕਾਲੀਆਂ ਸ਼ਾਹ ਨੇ। ਕਿੰਨੇ ਵਰ੍ਹੇ ਤੋਂ ਉਹਦਾ ਬੰਦਾ ਕਿਸੇ ਅਰਥ ਮੁਲਕ ਵਿਚ ਏ। ਹਰ ਵਰ੍ਹੇ ਆਉਂਦਾ ਏ ਤੇ ਉਹਨੂੰ ਇਕਬਾਲ ਦੇ ਜਾਂਦਾ ਏ। ਇਕ ਦੋ ਵਰ੍ਹੇ ਪਹਿਲਾਂ ਤਾਂ ਬਾਜੀ ਮੈਥੋਂ ਘਰ ਦਾ ਸੌਦਾ ਮੰਗਵਾਉਂਦੀ ਹੁੰਦੀ ਸੀ ਤੇ ਹੁਣ ਆਨੇ ਟੱਡਣ ਲੱਗ ਪਈ ਏ। ਪਰ ਮੈਂ ਤਾਂ ਨਾ ਉਹਨੂੰ ਵੇਖਦਾ ਆਂ ਨਾ ਉਹਦੀ ਜੁਆਨ ਹੁੰਦੀ ਧੀ ਨੂੰ। ਬਸ ਉਹਨਾਂ ਦਾ ਘਰ ਹੀ ਸਾਡੇ ਸਾਹਮਣੇ ਏ ਤੇ ਝਾਤੀ ਸਿੱਧੀ ਉਹਨਾਂ ਦੇ ਘਰ ਪੈਂਦੀ ਏ। ਨਾਲੇ ਉਹਦੀ ਧੀ ਤਾਂ ਕਿਸੇ ਨੂੰ ਵੀ ਨਹੀਂ ਵੇਖਦੀ। ਉਹਨੂੰ ਈ ਸਾਰੇ ਵੇਖਦੇ ਨੇ ਤੇ ਉਹ ਆਪ ਤਾਂ ਬਸ ਸ਼ੀਸ਼ਾ ਈ ਵੇਖਦੀ ਰਹਿੰਦੀ ਏ। ਦੋਹਾਂ ਮਾਵਾਂ ਧੀਆਂ ਦੇ ਵਾਲ ਕਿੰਨੇ ਲੰਮੇ ਨੇ। ਬਾਜੀ ਨਸੀਮ ਦਾ ਸਹੁਰਾ ਹਰ ਐਤਵਾਰ ਨੂੰ ਵਿਹੜੇ ਬਹਿ ਕੇ ਸਿਰ ਨੂੰ ਖਜ਼ਾਬ ਲਾਉਂਦਾ ਰਹਿੰਦਾ ਏ ਜਾਂ ਫਿਰ ਪੁਰਾਣੀ ਸਾਇਕਲ ਧੋਂਦਾ ਰਹਿੰਦਾ ਏ। ਹਰ ਦੂਜੇ ਚੌਥੇ ਮਹੀਨੇ ਕਾਲੇ ਰੰਗ ਦੀ ਨਿੱਕੀ ਡੱਬੀ ਲਿਆ ਕੇ ਸਾਇਕਲ ਨੂੰ ਰੰਗਦਾ ਰਹਿੰਦਾ ਏ। ਸੁਣਿਆ ਉਸ ਤਿੰਨ ਵਿਆਹ ਕੀਤੇ ਪਰ ਹੁਣ ਤਾਂ ਇਕ ਵੀ ਉਹਦੇ ਨਾਲ ਨਹੀਂ।

ਬਾਜੀ ਨਸੀਮ ਹੁਣ ਪਤਾ ਨਹੀਂ ਕਿਥੇ ਏ ? ਅਚਨਚੇਤ ਉਹਨਾਂ ਘਰ ਛੱਡ ਦਿੱਤਾ। ਕਹਿੰਦੇ ਉਹ ਕਿਰਾਏ ਉੱਤੇ ਸਨ ਤੇ ਮੁਕੱਦਮਾ ਚੱਲਦਾ ਪਿਆ ਸੀ। ਨਵੇਂ ਆਏ ਕੌਣ ਨੇ ?

ਮੀਂਹ ਪਈ ਜਾਂਦਾ ਏ ਤੇ ਮੈਂ ਬਾਰੀ ਕੋਲ ਬੈਠਾਂ। ਬਾਜੀ ਨਸੀਮ ਦੇ ਬੂਹੇ ਅੱਗੇ ਪਾਣੀ ਖਲੋ ਜਾਣਾ ਏ, ਸ਼ਰੀਫ ਹੱਟੀ ਆਲੇ ਦੇ ਕੋਲ ਵੀ, ਗੁੱਜਰਾਂ ਦੇ ਵਾੜੇ ਵੀ ਤੇ ਉਹ ਆਪਣੀਆਂ ਮੱਝਾਂ ਗਲ਼ੀ ਵਿਚ ਚੋਣਗੇ। ਮਾਸੀ ਦੇ ਵਿਹੜੇ ਵੀ ਪਾਣੀ ਭਰ ਜਾਣਾ ਏਂ। ਰਾਤੀ ਉਥੋਂ ਡੱਡੂਆਂ ਦੀਆਂ ਵਾਜਾਂ ਆਉਣੀਆਂ ਨੇ। ਕਹਿੰਦੇ ਮਾਸੀ ਦੇ ਸਿਰ ਦਾ ਸਾਈਂ ਫ਼ਕੀਰ ਹੋ ਗਿਆ ਸੀ। ਕੁਝ ਸੁਣਾਂਦੇ ਅਸਾਂ ਫਲਾਣੀ ਥਾਂ ਭਿਖਿਆ ਮੰਗਦੇ ਤੱਕਿਆ ਸੀ। ਕੁਝ ਆਖਦੇ ਨਸ਼ੇ ਕਰਦਾ ਏ ਤੇ ਮਜ਼ਾਰਾਂ ਉੱਤੇ ਪਿਆ ਰਹਿੰਦਾ ਏ। ਅਸਾਂ ਕਦੀ ਨਹੀਂ ਅੱਖੀਂ ਡਿੱਠਾ। ਮਾਸੀ ਦੇ ਵਿਹੜੇ ਅੱਕ ਦੇ ਬੂਟੇ, ਧਰੇਕ ਤੇ ਅਮਰੂਦਾਂ ਦੇ ਰੁੱਖ ਨੇ। ਮਾਸੀ ਕੁਕੜੀਆਂ ਪਾਲੀਆਂ ਹੋਈਆਂ ਨੇ ਤੇ ਉਹਨਾਂ ਦੇ ਆਂਡੇ ਵੇਚ ਕੇ ਗੁਜ਼ਾਰਾ ਕਰਦੀ ਏ।

ਬਾਬੇ ਸ਼ਰੀਫ ਨੇ ਹੱਟੀਆਂ ਦੇ ਰਾਹ ਉੱਤੇ ਵਿੱਥ ਨਾਲ ਇੱਟਾਂ ਵਿਛਾ ਦਿੱਤੀਆਂ ਨੇ। ਬਾਲ ਤਾਂ ਛਲਾਂਗਾਂ ਮਾਰ ਕੇ ਇੱਟਾਂ ਟਪਦੇ ਪਾਣੀ ਨਾਲ ਖੇਡਾਂ ਕਰਦੇ ਹੱਟੀ ਅੱਪੜ ਜਾਣੇ ਨੇ ਪਰ ਅੰਕਲ ਜ਼ਮੀਲ ਸਾਹਿਬ ਜੇ ਸੌਦਾ ਲੈਣ ਆਏ ਤਾਂ ਉਹਨਾਂ ਕੋਲੋਂ ਇਕ ਇੱਟ ਤੋਂ ਦੂਜੇ ਤਾਈਂ ਪੈਰ ਈ ਨਹੀਂ ਪੁੱਟਿਆ ਜਾਣਾ। ਬਾਲਾਂ ਕੁਝ ਚਿਰ ਉਹਨਾਂ ਨੂੰ ਉਡੀਕਣਾ ਏਂ ਤੇ ਮੁੜ ਛੜੱਪੇ ਮਾਰ ਪਾਣੀ 'ਚੋਂ ਤਰਿੱਖੇ ਲੰਘਣਾ ਏਂ ਤੇ ਛਿੱਟਾਂ ਉਹਨਾਂ ਉੱਤੇ ਪੈਣੀਆਂ ਨੇ। ਉਹਨਾਂ ਗਾਲ੍ਹਾਂ ਕੱਢਣੀਆਂ ਨੇ—'ਕੁੱਤੇ ਦੇ ਤੁਖ਼ਮੋ, ਬੱਦ ਦੇ ਬੀਓ ਮ.ਗ਼ਰਬ ਦੀ ਨਮਾਜ਼ ਪੜ੍ਹਨੀ ਸੀ ਮੈਂ ਮਸੀਤੇ ਜਾ ਕੇ।' ਭਾਵੇਂ ਮੀਂਹ ਹੋਵੇ ਭਾਵੇਂ ਹਨੇਰੀ, ਉਹਨੇ ਆਪਣੀ ਪੁਰਾਣੀ ਛਤਰੀ ਨਾਲ ਮਸੀਤੇ ਨਮਾਜ਼ ਪੜ੍ਹਨ ਜ਼ਰੂਰ ਜਾਣਾ ਹੁੰਦਾ ਏ। ਛੱਤਰੀ ਖ਼ੌਰੇ ਅੰਗਰੇਜ਼ਾਂ ਦੇ ਵੇਲੇ ਦੀ ਏ। ਥਾਂ-ਥਾਂ ਤਰੋਪੇ ਲੱਗੇ ਹੋਏ ਨੇ। ਬਾਜੀ ਨਸੀਮ ਦਾ ਸਹੁਰਾ ਆਪਣੀ ਸਾਇਕਲ 'ਤੇ ਅੰਕਲ ਜਮੀਲ ਸਾਹਿਬ ਆਪਣੀ ਛੱਤਰੀ ਤੋਂ ਖਲਾਸੀ ਕਿਉਂ ਨਹੀਂ ਕਰਾਂਦੇ ?

ਮੀਂਹ ਪੈ ਰਿਹਾ ਏ ਤੇ ਮੈਨੂੰ ਪਤਾ ਏ ਸਾਡੇ ਘਰ ਦੇ ਨਾਲ ਦੇ ਕੋਠੇ ਉੱਤੇ ਸੋਨੀਆ ਤੇ ਉਹਦੀ ਨਿੱਕੀ ਭੈਣ ਨਹਾਉਂਦੀ ਹੋਣੀ ਏ। ਪਰ ਮੈਂ ਕਿਹੜੇ ਕੋਠੇ 'ਤੇ ਜਾਵਾਂ ? ਮੰਜੀਆਂ ਵੀ ਲਾਹ ਲਈਆਂ ਹੋਣੀਆਂ ਨੇ ਤੇ ਜੇ ਉਹਨਾਂ ਦੀ ਭੈਣ ਬੁਸ਼ਰਾ ਨੇ ਤੱਕ ਲਿਆ ਤਾਂ ਉਸ ਮੀਂਹ



ਦੇ ਨਾਲ ਹਨ੍ਹੇਰੀ ਵੀ ਝੁਲਾ ਦੇਣੀ ਏ। ਨਾਲੇ ਸੋਨੀਆ ਦਾ ਕੋਈ ਕੀ ਕਰੇ ? ਇਕ ਨਾਲ ਟਿਕੇ ਤਾਂ ਗੱਲ ਏ। ਜਿਹੜੇ ਮੁੰਡੇ ਕੋਲ ਚਾਰ ਛਿੱਲੜ ਨੇ, ਦੋ ਚਾਰ ਪੈਂਟਾਂ ਨੇ, ਨਹਾਤਾ ਧੋਤਾ ਰਹਿੰਦਾ ਏ, ਕਾਲੀ ਐਨਕ ਲਾਂਦਾ ਏ, ਉਹ ਈ ਉਹਨੂੰ ਚੰਗਾ ਲੱਗਣਾ ਏ। ਬੁਸ਼ਰਾ ਨੂੰ ਵੇਖੋ ! ਵਿਆਹ ਤੋਂ ਪਹਿਲਾਂ ਕਿਸੇ ਨੂੰ ਵੀ ਉਸ ਮੂੰਹ ਨਾ ਲਾਇਆ। ਭਾਵੇਂ ਉਹ ਵੀ ਸੁਹਣੀ ਈ ਸੀ। ਸੁਹਣੇ ਈ ਹੋਂਦੇ ਨੇ ਕਸ਼ਮੀਰੀ। ਵਿਆਹ ਦਾ ਕਿੰਨਾ ਚਾਅ ਸੀ ਉਸ ਨੂੰ। ਮਰੀ ਜਾਂਦੀ ਸੀ। ਵਿਆਹ ਹੋਇਆ ਪਰ ਨਿਬਾਹ ਨਾ ਹੋਇਆ। ਛੇਵੇਂ ਮਹੀਨੇ ਤੋਂ ਜਿਓਂ ਘਰ ਆ ਕੇ ਬੈਠੀ, ਬੰਦਾ ਲੈਣ ਈ ਨਾ ਆਇਆ। ਮੂੰਹ ਫੱਟ ਸੀ ਉਹ ਹਮੇਸ਼ਾ ਤੋਂ ਈ। ਹੁਣ ਝੇੜੇ ਕਰਦੀ ਰਹਿੰਦੀ ਏ ਸਾਰਾ ਦਿਨ। ਹਰ ਫੇਰੀ ਵਾਲੇ ਨਾਲ ਉਹਦੀ ਲੜਾਈ। ਬਾਜ਼ਾਰ ਵਿਚ ਹਰ ਹੱਟੀ ਵਾਲੇ ਨਾਲ ਉਹਦੀ ਖਰਖਸ਼। ਸਾਡੇ ਉਹ ਗੁਆਂਢੀ ਨੇ। ਕੰਧ ਨਾਲ ਕੰਧ ਸਾਂਝੀ ਏ। ਗਰਮੀਆਂ ਵਿਚ ਉਹਨਾਂ ਦੇ ਘਰ ਜਾਵਾਂ ਤੇ ਉਹਨਾਂ ਦੀ ਮਾਂ ਗਲ ਵਿਚ ਬਿਨਾਂ ਕਮੀਜ਼ ਦੇ, ਮਲਮਲ ਦੀ ਚੁੰਨੀ ਨੂੰ ਗਿੱਲਿਆਂ ਕਰਕੇ ਪਿੰਡੇ ਉੱਤੇ ਲਿਆ ਹੁੰਦਾ ਏ। ਕਸ਼ਮੀਰੀ ਖੁੱਲ੍ਹੇ ਡੁੱਲ੍ਹੇ ਬਿਨਾਂ ਸ਼ਰਮ ਤੋਂ ਕੱਪੜੇ ਬਦਲ ਲੈਂਦੇ ਨੇ। ਕਿੰਨੀ ਵਾਰ ਸੋਚਨਾ ਰੱਬ ਕਰੇ ਕੋਈ ਬੁਸ਼ਰਾ ਨੂੰ ਦੱਸ ਈ ਦੇਵੇ ਪਈ ਉਹ ਅਜੇ ਵੀ ਸੁਹਣੀ ਏਂ। ਸਾਰੇ ਘਰ ਦਾ ਕੰਮ ਉਹਨੇ ਸਾਂਭਿਆ ਹੋਇਆ ਤੇ ਹਰ ਇਕ ਨਾਲ ਖਿਝਦੀ ਤੇ ਖਹਿੰਦੀ ਰਹਿੰਦੀ ਏ ਤੇ ਝੇੜਾ ਕਰੀ ਜਾਂਦੀ ਏ...ਕਰੀ ਜਾਂਦੀ ਏ।

ਕੀਹਨੇ ਦੱਸਿਆ ਸੀ ਬੁਸ਼ਰਾ ਦਾ ਦੂਜਾ ਵਿਆਹ ਹੋ ਗਿਆ ਏ ? ਖ਼ੌਰੇ ਹੁਣ ਕਿਸ ਹਾਲ ਵਿਚ ਏ ? ਕਿੰਨੇ ਈ ਵਰ੍ਹੇ ਹੋ ਗਏ ਨੇ। ਕੋਈ ਖ਼ੈਰ ਖ਼ਬਰ ਨਹੀਂ ਮਿਲੀ। ਮੇਰਾ ਵੀ ਫੇਰਾ ਨਹੀਂ ਲੱਗਾ।

ਮੀਂਹ ਅਜੇ ਵੀ ਪੈਂਦਾ ਪਿਆ ਏ ਤੇ ਕੁਵੈਤ ਵਾਲੀ ਭਜਦੀ ਸਾਹਮਣਿਓਂ ਲੰਘੀ ਏ। ਬਾਜੀ ਨਸੀਮ ਕਿਆਂ ਦੇ ਪਛਵਾੜੇ ਕੁਵੈਤ ਵਾਲੀ ਦਾ ਘਰ ਏ। ਉਹਦਾ ਇਕੋ ਪੁੱਤਰ ਏ ਤੇ ਉਹ ਕੁਵੈਤ ਏ। ਵੱਡਾ ਸਾਰਾ ਘਰ ਤੇ ਉਹ ਅਜੇ ਵੀ ਕੱਲੀ। ਨੌਕਰ ਵੀ ਕੋਈ ਨਹੀਂ ਰੱਖਿਆ ਹੋਇਆ ਸੂ। ਪਿੱਛੋਂ ਕਿਸੇ ਪਿੰਡ ਦੀ ਏ। ਕਦੀ ਕਦਾਰ ਕੋਈ ਬੰਦਾ ਜ਼ਨਾਨੀ ਆਂਦੇ ਨੇ ਕੁਝ ਦਿਨ ਰਹਿ ਕੇ ਮੁੜ ਜਾਂਦੇ ਨੇ। ਕੁਵੈਤ ਵਾਲੀ ਦੇ ਇਕੱਲੇ ਪੁੱਤਰ ਦਾ ਅਜੇ ਵਿਆਹ ਨਹੀਂ ਹੋਇਆ। ਕਈ ਵਰ੍ਹਿਆਂ ਤੋਂ ਸਾਕ ਲੱਭਦੀ ਪਈ ਏ। ਹਰ ਵਰ੍ਹੇ ਉਹਦਾ ਪੁੱਤਰ ਆਉਂਦਾ ਏ ਤੇ ਵਿਆਹ ਕੀਤੇ ਬਿਨਾਂ ਪਰਤ ਜਾਂਦਾ ਏ। ਕਿਸੇ ਵੇਲੇ ਕੁਵੈਤ ਵਾਲੀ ਦਾ ਘਰ ਬੰਦ ਹੋਂਦਾ ਸੀ। ਹਿੰਦੂਆਂ ਦੇ ਵੇਲੇ ਦਾ ਪੁਰਾਣਾ ਘਰ ਤੇ ਕਹਿੰਦੇ ਪਈ ਇਥੇ ਭੂਤਾਂ ਦਾ ਡੇਰਾ ਏ। ਬਸੰਤ ਉੱਤੇ ਉਹਨਾਂ ਦੇ ਘਰ ਗੁੱਡੀਆਂ ਡਿੱਗਦੀਆਂ ਪਰ ਜੇਰਾ ਨਹੀਂ ਸੀ ਹੁੰਦਾ ਕਿਸੇ ਦਾ ਲੁੱਟਣ ਦਾ। ਇਕ ਦਿਨ ਕੁਵੈਤ ਵਾਲੀ ਟਾਂਗੇ ਉੱਤੇ ਆਈ ਤੇ ਘਰੀਂ ਚਾਨਣ ਹੋਇਆ। ਜਦ ਉਸ ਦੱਸਿਆ ਪਈ ਮੇਰਾ ਪੁੱਤਰ ਕੁਵੈਤ ਏ ਤੇ ਉਸ ਵਿਆਹ ਕਰਨਾ ਏ ਤੇ ਕਿੰਨੀਆਂ ਈ ਜੁਆਨ ਕੁੜੀਆਂ ਦੀਆਂ ਮਾਵਾਂ ਉਹਦੀ ਸੇਵਾ ਵਿਚ ਰੁੱਝ ਗਈਆਂ। ਪਰ ਜਦ ਤਿੰਨ ਚਾਰ ਵਰ੍ਹੇ ਉਹਦੇ ਪੁੱਤਰ ਕਿਸੇ ਨਾਲ ਵੀ ਵਿਆਹ ਨਾ ਕੀਤਾ ਤੇ ਜ਼ਨਾਨੀਆਂ ਉਹਨੂੰ ਮੂੰਹ ਲਾਣਾ ਈ ਬੰਦ ਕਰ ਦਿੱਤਾ ਤੇ ਸੌ ਸੌ ਗੱਲਾਂ ਕਰਨ ਲੱਗ ਪਈਆਂ। ਮੈਨੂੰ ਪਤਾ ਏ ਕੁਵੈਤ ਵਾਲੀ ਗੁੜ ਆਲੇ ਚੌਲ ਜਾਂ ਪੂੜੇ ਪਕਾਏਗੀ ਤੇ ਸਾਡੇ ਘਰ ਜ਼ਰੂਰ ਲੈ ਕੇ ਆਏਗੀ। ਸਹੇਲੜੀ ਜੋਏ ਉਹ ਮਾਂ ਮੇਰੀ ਦੀ। ਦੋਵੇਂ ਹਰ ਜ਼ੁਮੇਰਾਤ ਨੂੰ ਸਵੇਲ਼ੇ ਸਵੇਲ਼ੇ ਹੱਥ ਵਿਚ

ਤਸਬੀਹਾਂ ਫੜ ਕੇ ਚਿੱਟੀਆਂ ਚੁੰਨੀਆਂ ਮੂੰਹ ਦੇ ਦੰਦਾਂ ਵਿਚ ਦੇ ਕੇ 'ਅੱਲ੍ਹਾ ਹੂ ਅੱਲ੍ਹਾ ਹੂ' ਕਰਦੀਆਂ ਦਾਤਾ ਸਾਹਿਬ ਪੈਦਲ ਜਾਂਦੀਆਂ ਨੇ।

ਕਿੰਨੇ ਈ ਵਰ੍ਹੇ ਕੁਵੈਤ ਵਾਲੀ ਦਾ ਪੁੱਤਰ ਆਉਂਦਾ ਰਿਹਾ ਤੇ ਫੇਰ ਮੁੜ ਕਦੇ ਨਾ ਆਇਆ। ਕਿੰਨੇ ਈ ਵਰ੍ਹੇ ਹੋ ਗਏ ਨੇ ਕੁਵੈਤ ਵਾਲੀ ਨੂੰ ਗੁਜ਼ਰਿਆਂ ਤੇ ਹੁਣ ਪਤਾ ਨਹੀਂ ਉਹਨਾਂ ਦੇ ਘਰ ਕੌਣ ਬਹਿੰਦਾ ਏ ? ਮੀਂਹ ਪਈ ਜਾਂਦਾ ਏ ਤੇ ਮੈਂ ਬਾਰੀ ਕੋਲ ਬੈਠਾ ਆਂ...ਹੋਰ ਕੀ ਕਰਾਂ ?

ਬਾਜੀ ਨਸੀਮ ਕਿਆਂ ਦੇ ਸੱਜੇ ਪਾਸੇ ਸਈਅਦ ਅਲੀ ਹੈਦਰ ਵਾਸਤੀ ਹੋਰਾਂ ਦਾ ਘਰ ਏ। ਹੈਦਰ ਵਾਸਤੀ ਮੇਰੇ ਨਾਲ ਕਾਲਜ ਵਿਚ ਹੀ ਏ ਪਰ ਉਹਦਾ ਗਰੁੱਪ ਦੂਜਾ ਏ। ਹੈਦਰ ਵਾਸਤੀ ਦੇ ਦੋ ਵੱਡੇ ਭਰਾ ਤੇ ਤਿੰਨ ਵੱਡੀਆਂ ਭੈਣਾਂ ਨੇ। ਪਿਉ ਉਹਦਾ ਆਲਮ ਏ, ਕਈ ਕਿਤਾਬਾਂ ਲਿਖੀਆਂ ਉਸ। ਪਰ ਹੁਣ ਕਈ ਵਰ੍ਹਿਆਂ ਤੋਂ ਮੰਜੇ ਲੱਗਾ ਹੋਇਆ ਏ। ਜ਼ਨਾਨੀ ਉਹਦੀ ਉਹਨੂੰ ਕਈ ਵਰ੍ਹਿਆਂ ਤੋਂ ਦਵਾਈਆਂ ਖੁਆਈ ਜਾਂਦੀ ਏ ਪਰ ਉਹ ਵੱਲ ਈ ਨਹੀਂ ਹੋ ਰਿਹਾ। ਵੱਡੀਆਂ ਤਿੰਨੇ ਭੈਣਾਂ ਯੂਨੀਵਰਸਿਟੀਆਂ ਤੀਕ ਪੜ੍ਹੀਆਂ ਤੇ ਨੌਕਰੀ ਕਰਦੀਆਂ ਨੇ। ਪਹਿਲੇ ਸਾਕ ਪਸੰਦ ਨਾ ਆਏ। ਹੁਣ ਆਉਂਦਾ ਕੋਈ ਨਹੀਂ। ਜਾਪਦਾ ਏ ਤਿੰਨੇ ਭੈਣਾਂ ਰੁੱਸੀਆਂ ਹੋਈਆਂ ਨੇ ਆਪਣੇ ਆਪ ਤੋਂ। ਵੇਲੇ ਤੋਂ, ਭਰਾਵਾਂ ਤੋਂ, ਮਾਪਿਆਂ ਤੋਂ ਤੇ ਪਤਾ ਨਹੀਂ ਕੀਹਦੇ-ਕੀਹਦੇ ਕੋਲੋਂ। ਭਰਾ ਆਖਦੇ ਨੇ ਜਦ ਤੀਕ ਭੈਣਾਂ ਦੇ ਵਿਆਹ ਨਹੀਂ ਹੁੰਦੇ, ਅਸਾਂ ਵੀ ਨਹੀਂ ਕਰਨੇ। ਭੈਣਾਂ ਕਦੇ ਬਾਰੀ ਕੋਲ ਨਹੀਂ ਖਲੋਂਦੀਆਂ। ਮੀਂਹ ਨਹੀਂ ਵੇਖਦੀਆਂ, ਕਦੀ ਵਿਹੜੇ ਨਹੀਂ ਨਹਾਉਂਦੀਆਂ, ਕਿਸੇ ਨਾਲ ਗੱਲ ਨਹੀਂ ਕਰਦੀਆਂ। ਬਸ ਉਹਨਾਂ ਨੂੰ ਰੋਹ ਏ। ਸਾਰੇ ਭੈਣ ਭਰਾ ਨੌਕਰੀਆਂ ਕਰੀ ਜਾਂਦੇ ਨੇ ਤੇ ਬੁੱਢੇ ਹੋਈ ਜਾਂਦੇ ਨੇ, ਹੋਈ ਜਾਂਦੇ ਨੇ।

ਸਈਅਦ ਅਲੀ ਹੈਦਰ ਵਾਸਤੀ ਹੁਣ ਘਰ ਢਾਹ ਕੇ ਮਾਰਕੀਟ ਪਾ ਲਈ ਹੋਈ ਏ। ਦੂਜੇ ਬੰਨਿਓਂ ਉਹਨਾਂ ਦਾ ਘਰ ਬਜ਼ਾਰ ਨੂੰ ਜੁ ਲੱਗਦਾ ਸੀ। ਪਰ ਉਹ ਕਿਥੇ ਨੇ ? ਕਦੀ ਉੱਘ-ਸੁੱਘ ਨਹੀਂ ਮਿਲੀ। ਹੈਦਰ ਵਾਸਤੀ ਵੀ ਨਾ ਕਦੀ ਮਿਲਿਆ ਨਾ ਨਜ਼ਰੀਂ ਪਿਆ ਏ।

ਮੀਂਹ ਅਜੇ ਰੁਕਿਆ ਨਹੀਂ। ਆਪਣੇ ਘਰ ਦੀ ਦੂਜੀ ਮੰਜ਼ਿਲ ਦੀ ਬਾਰੀ ਤੋਂ ਮੈਂ ਸਾਹਮਣੇ ਬਾਜੀ ਨਸੀਮ ਕਿਆਂ ਤੋਂ ਖੱਬੇ ਪਾਸੇ ਗਲੀ ਦੀ ਨੁੱਕਰੇ ਰਿਆਜ਼ ਡਾਕੀਏ ਨੂੰ ਘਰ ਦੀ ਬਾਰੀ ਕੋਲ ਬੈਠਾ ਤਕਨਾਂ ਵਾ।

ਰਿਆਜ਼ ਡਾਕੀਆ ਕਦੀ ਦਾ ਰਿਟਾਇਰ ਹੋ ਗਿਆ। ਥੱਲੇ ਘਰ ਕਿਰਾਏ ਉੱਤੇ ਚੜ੍ਹਿਆ ਹੋਇਆ ਸੂ ਤੇ ਉੱਤੇ ਦੋ ਕਮਰਿਆਂ ਵਿਚ ਉਹ ਕੱਲਾ ਰਹਿੰਦਾ ਏ। ਇਹ ਘਰ ਵੀ ਉਹਨੇ ਪੰਦਰਾਂ ਵੀਹ ਵਰ੍ਹਿਆਂ ਪਿੱਛੋਂ ਇੱਟ-ਇੱਟ ਜੋੜ ਕੇ ਉਸਾਰਿਆ ਏ। ਮੁਹੱਲੇ ਵਿਚ ਕਮੇਟੀਆਂ ਪਾ ਪਾ ਕੇ ਚਾਰ ਪੈਸੇ ਜੋੜਦਾ ਏ ਤੇ ਘਰ ਉੱਤੇ ਲਾ ਦਿੰਦਾ ਏ।

ਕਹਿੰਦੇ ਨੇ ਉਹਦੀ ਜ਼ਨਾਨੀ ਬਹੁੰ ਸੁਹਣੀ ਸੀ। ਤਿੱਖਾ ਨੱਕ, ਸਾਂਵਲਾ ਰੰਗ, ਮੱਧਰਾ ਕੱਦ ਤੇ ਪਿੱਛਾ ਭਾਰਾ। ਚਾਰ ਬਾਲਾਂ ਸਣੇ ਉਹ ਖੁਰਸ਼ੀਦ ਨਾਲ ਉਧਲ ਗਈ। ਪਰ ਨਹੀਂ! ਉਧਲੀ ਉਹ ਖੁਰਸ਼ੀਦ ਨਾਲ ਈ ਸੀ ਪਰ ਵੱਸੀ ਉਹਦੇ ਨਾਲ ਨਹੀਂ। ਖੁਰਸ਼ੀਦ ਨੂੰ ਤਾਂ ਉਹਨੇ ਧੁਰਾ ਬਣਾਇਆ ਆਪਣੇ ਪੁਰਾਣੇ ਯਾਰ ਤਾਈਂ ਅੱਪੜਨ ਲਈ। ਖੁਰਸ਼ੀਦ ਰਿਕਸ਼ਾ ਚਲਾਉਂਦਾ ਸੀ। ਇਕ ਦਿਨ ਜਦ ਰਿਆਜ਼ ਨੌਕਰੀ ਉੱਤੇ ਗਿਆ ਹੋਇਆ ਸੀ, ਖੁਰਸ਼ੀਦ ਬਿਨਾਂ ਬੂਹਾ ਖੜਕਾਏ ਉਹਦੇ ਬੂਹੇ ਦਾ ਫਾਟ ਚੁੱਕ ਕੇ ਅੰਦਰ ਵੜ ਗਿਆ। ਰਿਆਜ਼ ਦੀ



ਜ਼ਨਾਨੀ ਦੇ ਰੌਲੇ ਦੀ ਵਾਜ ਆਈ ਤੇ ਲੋਕਾਂ ਖੁਰਸ਼ੀਦ ਨੂੰ ਉਹਦੇ ਘਰੋਂ ਨਿਕਲ ਨੱਸਦੇ ਨੂੰ ਤੱਕਿਆ। ਖੁਰਸ਼ੀਦ ਬਹੁਤ ਉੱਚਾ ਲੰਮਾ ਗੱਭਰੂ ਸੀ। ਉਹਨੂੰ ਡੱਕਣ ਦਾ ਜ਼ੇਰਾ ਨਾ ਹੋਇਆ ਕਿਸੇ ਦਾ। ਦੋ ਤਿੰਨ ਦਿਨਾਂ ਮਗਰੋਂ ਮੁੜ ਇੰਜ ਹੀ ਹੋਇਆ। ਹੁੰਦੇ-ਹੁੰਦੇ ਦਿਨ ਦਿਹਾੜੇ ਖੁਰਸ਼ੀਦ ਰਿਆਜ਼ ਦੇ ਘਰ ਜਾ ਵੜਦਾ ਪਰ ਉਹਦੀ ਜ਼ਨਾਨੀ ਦੀ ਵਾਜ ਈ ਨਾ ਆਉਂਦੀ। ਰਿਆਜ਼ ਨੂੰ ਪਤਾ ਲੱਗਾ ਤੇ ਉਸ ਰੋਜ਼ ਘਰ ਆ ਕੇ ਜ਼ਨਾਨੀ ਦਾ ਕੁੱਟ ਕੁਟਾਪਾ ਕਰਨਾ। ਬਾਲਾਂ ਦੇ ਉੱਚੀ-ਉੱਚੀ ਰੋਵਣ ਦਾ ਰੌਲਾ ਪੂਰੇ ਮੁਹੱਲੇ ਸੁਣਿਆ ਜਾਣਾ। ਅਖੀਰ ਇਕ ਦਿਹਾੜੇ ਉਹਦੀ ਜ਼ਨਾਨੀ ਖੁਰਸ਼ੀਦ ਨਾਲ ਈ ਨਿਕਲ ਗਈ। ਉਸ ਬਾਲ ਸਾਂਭੇ, ਇਕ ਦੋ ਗਠੜੀਆਂ ਬੰਨ੍ਹੀਆਂ ਤੇ ਸਾਰਾ ਸੋਨਾ ਰੁਪਿਆ ਹੂੰਝ ਹਾਂਝ ਕੇ ਖੁਰਸ਼ੀਦ ਨਾਲ ਰਿਕਸ਼ੇ ਬਹਿ ਕੇ ਟੁਰ ਗਈ ਤੇ ਮੁੜ ਕਦੇ ਨਾ ਆਈ। ਮੁਹੱਲੇ ਦੇ ਬੁੱਢੇ ਬਾਬੇ ਅੱਜ ਵੀ ਪੁਰਾਣੀ ਡੱਠੀ ਨੂੰ ਚੇਤਿਓਂ ਲੰਘਾ ਕੇ ਉਹਦੇ ਸੁਹੱਪਣ ਨੂੰ ਮੋਹ ਨਾਲ ਚਿਤਾਰਦੇ ਨੇ।

ਕੁਝ ਦਿਨਾਂ ਮਗਰੋਂ ਖੁਰਸ਼ੀਦ ਪਰਤ ਆਇਆ। ਰਿਆਜ਼ ਉਹਦੇ ਖਿਲਾਫ਼ ਪੁਲਿਸ ਵਿਚ ਪਹਿਲੋਂ ਈ ਪਰਚਾ ਦਿੱਤਾ ਹੋਇਆ ਸੀ। ਪਰ ਰਾਤੀ ਈ ਥਾਣੇ ਤੋਂ ਮੁੜ ਆਇਆ। ਉਹਦਾ ਆਖਣਾ ਸੀ ਉਹ ਮੈਨੂੰ ਵੀ ਛੱਡ ਕੇ ਆਪਣੇ ਵਿਆਹ ਤੋਂ ਪਹਿਲੋਂ ਦੇ ਈ ਕਿਸੇ ਯਾਰ ਦੇ ਨਾਲ ਟੁਰ ਗਈ ਏ ਤੇ ਕਰਾਚੀ ਜਾ ਵਸੀ ਏ। ਜ਼ਨਾਨੀ ਦੇ ਜਾਵਣ ਤੋਂ ਕੁਝ ਦਿਨਾਂ ਮਗਰੋਂ ਰਿਆਜ਼ ਆਪਣੇ ਬਾਲਾਂ ਤੇ ਜ਼ਨਾਨੀ ਨੂੰ ਚੇਤੇ ਕਰ ਰੋਂਦਾ। ਉਹਨੇ ਮੁੜ ਵਿਆਹ ਕਰਨ ਦੇ ਲੱਖ ਆਹਰ ਕੀਤੇ ਪਰ ਵਿਆਹ ਕਰਵਾਉਣ ਵਾਲੀਆਂ ਵਿਚ ਵਿਚੋਲੀਆਂ ਉਹਨੂੰ ਲੁੱਟ ਪੁੱਟ ਲੈ ਜਾਂਦੀਆਂ ਪਰ ਉਹਦਾ ਵਿਆਹ ਨਾ ਹੁੰਦਾ। ਸਿੱਧੜ ਤਾਂ ਉਹ ਸਦਾ ਤੋਂ ਸੀ।

ਰਿਆਜ਼ ਡਾਕੀਏ ਨੂੰ ਸਾਰੇ ਪੁਰਾਣੇ ਮੁਹੱਲੇ ਦੇ ਲੋਕਾਂ ਦਾ ਪਤਾ ਏ। ਚਾਲੀ ਸਾਲ ਦੀ ਨੌਕਰੀ ਪਿੱਛੋਂ ਉਹ ਰਿਟਾਇਰ ਹੋਇਆ। ਜਦ ਦਾ ਸਰਕਾਰ ਨੇ ਗਲੀਆਂ, ਮੁਹੱਲਿਆਂ ਤੇ ਸੜਕਾਂ ਦੇ ਨਾਂ ਬਦਲੇ ਨੇ ਰਿਆਜ਼ ਡਾਕੀਏ ਨੂੰ ਅੱਲ੍ਹਾ ਭਾਣੇ ਕੰਮ ਲੱਭ ਗਿਆ ਏ। ਉਹਨੂੰ ਈ ਪੁਰਾਣੇ ਮੁਹੱਲਿਆਂ ਦੇ ਨਾਂ ਯਾਦ ਨੇ। ਸਗੋਂ ਹਰ ਘਰ ਦੇ ਇਕ ਇਕ ਜੀਅ ਦਾ ਪਤਾ ਏ। ਪੁਰਾਣੇ ਪਤਿਆਂ ਉੱਤੇ ਜਿਹੜੀਆਂ ਚਿੱਠੀਆਂ ਆਉਂਦੀਆਂ ਨੇ ਨਵੇਂ ਡਾਕੀਏ ਉਹਦੇ ਕੋਲੋਂ ਈ ਆ ਕੇ ਪੁੱਛਦੇ ਨੇ—'ਅਰਜਨ ਰੋਡ, ਸ਼ਿਵਾ ਜੀ ਸਟਰੀਟ, ਕ੍ਰਿਸ਼ਨਾ ਗਲੀ।' ਰਿਆਜ਼ 'ਕੱਲਾ ਰਹਿੰਦਾ ਏ ਤੇ ਰੋਟੀ ਟੁੱਕਰ ਆਪ ਪਕਾਂਦਾ ਏ। ਅਸਾਂ ਤਾਂ ਜਦ ਦਾ ਉਹਨੂੰ ਤੱਕਿਆ ਏ ਉਹਦੇ ਧੌਲੇ ਨੇ ਤੇ ਬਿਮਾਰ ਏ। ਜਾਪਦਾ ਏ ਉਹ ਵੇਲੇ ਤੋਂ ਬਾਹਰ ਏ। ਉਹਦੇ ਲਈ ਨਾ ਵੇਲਾ ਲੰਘਦਾ ਏ, ਨਾ ਘਟਦਾ ਏ ਸਗੋਂ ਉਹ ਵੇਲੇ ਤੋਂ ਬਾਹਰ ਹੋ ਕੇ ਲੰਘਦੇ ਵੇਲੇ ਨੂੰ ਤੱਕਦਾ ਰਹਿੰਦਾ ਏ। ਕਈ ਵਰ੍ਹਿਆਂ ਤੋਂ ਚੁੱਪ ਚੁਪੀਤਾ ਬੈਠਾ ਤੱਕੀ ਜਾਂਦਾ ਏ। ਕੈਰਮ ਬੋਰਡ ਖੇਡਦਿਆਂ ਮੁੰਡਿਆਂ ਨੂੰ, ਬਾਂਦਰ ਕਿਲਾ ਖੇਡਦਿਆਂ ਨੂੰ, ਬਸੰਤ ਉੱਤੇ ਪਤੰਗਾਂ ਨੂੰ, ਬਾਜ਼ੀ ਲੱਗੇ ਕਬੂਤਰਾਂ ਨੂੰ, ਗਲੀ ਵਿਚੋਂ ਲੰਘਦੀ ਖਲਕਤ ਨੂੰ ਉਹ ਤੱਕੀ ਜਾਂਦਾ ਏ...ਤੱਕੀ ਜਾਂਦਾ ਏ।

ਮੀਂਹ ਮੱਠਾ ਹੋ ਗਿਆ ਏ ਤੇ ਗਲੀ ਵਿਚ ਨ੍ਹਾਤੀ ਧੋਤੀ ਤਾਰਕੋਲ ਦੀ ਸੜਕ ਵਾਂਗ ਸਲੇਟੀ ਸ਼ਾਮ ਲੱਥ ਪਈ ਏ।

ਜ਼ਫਰੀ ਆ ਜਾਂਦਾ ਤੇ ਚੰਗਾ ਸੀ। ਉਹਦੇ ਕੋਲ ਸਿਗਰਟਾਂ ਦੀ ਡੱਬੀ ਵੀ ਹੋਣੀ ਏ।

ਸਾਰੇ ਯਾਰਾਂ ਬੂਟਾ ਟੀ ਸਟਾਲ ਉੱਤੇ ਇਕੱਠੇ ਹੋਣਾ ਏਂ ਤੇ ਰੋਜ਼ ਵਾਂਗਰ ਰਾਤੀ ਅਸਾਂ ਚਿਰਕੇ ਘਰ ਆਉਣਾ ਏਂ। ਭਾਦੋਂ ਦਾ ਅਖੀਰੀ ਮੀਂਹ ਏ ਤੇ ਅਮਜਦ ਸਾਹਬ ਸਿਆਲ ਤੋਂ ਅਗਦੋਂ ਈ ਚੁੜ-ਮੁੜ ਕੀਤਾ ਅੱਧੀਆਂ ਬਾਹਵਾਂ ਵਾਲਾ ਸਵੈਟਰ ਪਾ ਕੇ ਪਾਣੀ ਤੋਂ ਬਚਦੇ ਗੜਵੀ ਫੜ ਕੇ ਦੁੱਧ ਲੈਣ ਜਾਂਦੇ ਪਏ ਨੇ।

ਚੰਗਾ ਸੀ ਜੇ ਜ਼ਫਰੀ ਆ ਜਾਂਦਾ। ਦੋ ਤਿੰਨ ਗਲੀਆਂ ਛੱਡ ਕੇ ਈ ਉਹਦਾ ਘਰ ਏ। ਮੈਂ ਆਪੇ ਈ ਨਾ ਪਤਾ ਕਰਾਂ ? ਪਰ ਉਹਦੇ ਪਿਓ ਨੇ ਆਖ ਦੇਣਾ ਏ ਪਈ ਉਹ ਤਾਂ ਘਰ ਈ ਨਹੀਂ। ਨਾਲੇ ਇਕ ਦੋ ਗੱਲਾਂ ਵੀ ਸੁਣਾ ਦੇਣੀਆਂ ਨੇ।

ਹੁਣ ਬਾਜੀ ਨਸੀਮ ਦੀਆਂ ਮੋਟੀਆਂ-ਮੋਟੀਆਂ ਕਾਲੀਆਂ ਸ਼ਾਹ ਅੱਖਾਂ ਵਾਂਗ ਰਾਤ ਲੱਥ ਪੈਣੀ ਏ। ਰਾਤ ਨੂੰ ਤਿੱਖੀ ਹਵਾ ਝੁੱਲਣੀ ਏ ਤੇ ਬੂਹੇ ਬਾਰੀਆਂ ਰਾਹੀਂ ਆਉਂਦੇ ਨਿੰਮ੍ਹੇ-ਨਿੰਮ੍ਹੇ ਚਾਨਣ ਵਿਚ ਗਲੀ ਵਿਚ ਖਲੋਤੇ ਪਾਣੀਆਂ ਉੱਤੇ ਹਵਾ ਪਾਰੋਂ ਸੱਪ ਲਹਰਦੇ ਜਾਪਣੇ ਨੇ। ਅਚੇਤ ਵਿਚ ਬਾਰੀ 'ਚੋਂ ਤੱਕੇ ਇਹ ਰੰਗ ਕਦੇ ਵੀ ਫਿੱਕੇ ਨਹੀਂ ਪੈਣੇ...ਮੀਂਹ, ਸ਼ਾਮ ਤੇ ਰਾਤ ਦੇ। ਗਲੀ ਦੀ ਇਕੱਲੀ ਸਟਰੀਟ ਲਾਈਟ ਦੇ ਫਿੱਕੇ ਚਾਨਣ ਵਿਚ ਬਸ ਚੁੱਪ ਈ ਸੱਖਣੀ ਹੋਣੀ ਏ। ਅਲੀ ਹੈਦਰ ਵਾਸਤੀ ਦੇ ਘਰ ਦੀ ਬੱਤੀ ਕਿੰਨੀ ਈ ਦੇਰ ਬਲਦੀ ਰਹਿਣੀ ਏ ਤੇ ਬੁਸ਼ਰਾ ਕਿਆਂ ਦੇ ਘਰੋਂ ਗੱਲਾਂ ਕਰਨ ਦੀਆਂ 'ਵਾਜਾਂ ਆਉਂਦੀਆਂ ਰਹਿਣੀਆਂ ਏ। ਰਿਆਜ਼ ਡਾਕੀਏ ਨੇ ਰੇਡੀਓ ਉੱਤੇ ਵੱਜਦੇ ਪੁਰਾਣੇ ਹਿੰਦੋਸਤਾਨੀ ਗਾਣਿਆਂ ਉੱਤੇ ਕਈਆਂ ਕੰਨ ਲਾਏ ਹੋਣੇ ਨੇ।

ਮੈਂ ਯਾਰਾਂ ਨਾਲ ਟੀ ਸਟਾਲ ਉੱਤੇ ਚਾਹ ਸੁੜਕਦੇ ਹੋਣਾ ਏ ਤੇ ਤਕੀ ਤੇ ਪ੍ਰੋਫ਼ੈਸਰ ਐਵੇਂ ਈ ਕਿਸੇ ਗੱਲ ਉੱਤੇ ਅੜ ਕੇ ਸਾਰਿਆਂ ਨੂੰ ਬੋਰ ਕਰੀ ਜਾਣਾ ਏ ਤੇ ਮੈਨੂੰ ਗੁਲਾਬੋ ਈ ਚੇਤੇ ਆਈ ਜਾਣੀ ਏ। ਮੀਂਹ ਪਵੇ ਨਾ ਪਵੇ ਅਸਾਂ ਬਾਰੀ ਕੋਲ ਈ ਖਲੋਤੇ ਰਹਿ ਜਾਣਾ ਏ। ਸਵਾਦਲੀ ਗੱਲ ਇਹ ਏ ਪਈ ਗੁਲਾਬੋ ਹੇਠਲੀ ਮੰਜ਼ਿਲ 'ਤੇ ਰਹਿੰਦੀ ਏ ਤੇ ਉਹਦੇ ਘਰ ਅੱਗੇ ਪਾਣੀ ਵੀ ਨਹੀਂ ਖਲੋਂਦਾ। ਤੁਸੀਂ ਆਖਸੋ ਮੈਂ ਗੁਲਾਬੋ ਦਾ ਤੇ ਦੱਸਿਆ ਈ ਨਹੀਂ। ਮੈਂ ਹੁਣ ਗੁਲਾਬੋ ਦਾ ਕੀ ਦੱਸਾਂ ? ਖ਼ੌਰੇ ਹੁਣ ਉਹ ਕਿਥੇ ਏ ?



## ਪੂਰਾ ਅਧੂਰਾ

ਉਹ ਆਪਣਿਆਂ ਵਿਚੋਂ ਉੱਠ ਉਹਦੇ ਨਾਲ ਤੁਰ ਪਿਆ।

ਬਸ ਉਹ ਮੇਰੇ ਕੋਲ ਆ ਖਲੋਈ। ਕਿੰਨਾ ਚਿਰ ਤੱਕਦੀ ਰਹੀ ਉਹ ਮੈਨੂੰ। ਖ਼ਿਆਲਦੀ ਰਹੀ, ਅੰਦਰ ਪਾ ਮਧਾਣੀ ਕਰਦੀ ਰਹੀ। ਅੱਖਾਂ ਪਾਰਸਾਂਦੀ ਰਹੀ ਦਿਲੇ ਸਮਾਂਦੀ ਰਹੀ। ਨੇੜੇ ਆ ਆ ਖਲੋਂਦੀ, ਦੂਰੋਂ ਝਾਕਦੀ ਰਹੀ। ਕੋਲੋਂ ਲੰਘ ਲੰਘ ਜਾਂਦੀ ਕਿਤੇ ਉਹਲੇ ਖਲੋ ਧਿਆਂਦੀ ਰਹੀ। ਹੋਰਾਂ ਕੋਲੋਂ ਚੋਰ ਅੱਖ ਨਾਲ ਤੱਕਦੀ ਨੀਲੇ ਅਸਮਾਨ ਥੱਲੇ ਇਕੱਲ ਮੇਰੇ ਨੂੰ ਮਹਿਸੂਸਦੀ ਰਹੀ। ਰਾਤੀਂ ਸੌਣ ਤੋਂ ਪਹਿਲਾਂ ਸੋਚਦੀ, ਚਤਾਰਦੀ ਰਹੀ ਲੰਮੇ ਦਿਨਾਂ ਦੇ ਸੱਖਣੇ ਪਲਾਂ ਵਿਚ।

'ਤੂੰ ਕੱਲ੍ਹ ਨਹੀਂ ਆਇਆ ?'

'ਰੁਝੇਵਾਂ ਸੀ ਇਕ। ਤੂੰ ਕਾਹਨੂੰ ਪੁੱਛਦੀ ਏਂ ?'

'ਤੇਰਾ ਹੋਵਣ ਚੰਗਾ ਲਗਦਾ ਏ।'

ਪਹਿਲੀ ਵਾਰ ਆਪਣੇ ਦੁੱਖ ਦੱਸ ਉਹ ਕਿੰਨਾ ਰੋਈ। ਤੂੰ ਤਾਂ ਮੈਨੂੰ ਵੀ ਦੁਖੀ ਕਰ ਦਿੱਤਾ ਏ। ਕਿਸੇ ਨਾਲ ਤਾਂ ਕਰਨੀਆਂ ਸਨ ਜੋ ਤੇਰੇ ਨਾਲ ਕਰ ਲਈਆਂ। ਮੇਰੇ ਚਵੀ ਵਰ੍ਹਿਆਂ ਵਿਚ ਤੂੰ ਪਹਿਲਾ ਏਂ। ਕਦੀ ਦਿਲ ਨਹੀਂ ਕੀਤਾ, ਕਈਆਂ ਨੇ ਆਹਰ ਕੀਤਾ, ਕਈ ਅਗਾਂਹ ਹੋਏ। ਪਰ ਤੁਹੀਓਂ ਚੰਗਾ ਲੱਗਾ ਏਂ, ਤੇਰਾ ਚੁੱਪ ਜੇਹਾ ਹੋਵਣ, ਤੇਰਾ ਲਾਪਰਵਾਹ ਹੋਵਣ, ਤੇਰਾ ਕੰਮ ਨਾਲ ਕੰਮ ਰੱਖਣ। ਮੈਂ ਤਾਂ ਕਿਤਾਬ ਈ ਲੈਣ ਆਈ ਸਾਂ, ਲੋੜੀਂਦੀ ਸੀ ਮੈਨੂੰ ਡਾਢੀ।

ਤੂੰ ਕਿਤਾਬ ਤਾਂ ਦੇ ਦਿੱਤੀ ਪਰ ਨਜ਼ਰਾਂ ਚੁੱਕ ਕੇ ਤੱਕਿਆ ਨਾ। ਮੈਨੂੰ ਤੇਰੇ ਵਾਲ ਤੇ ਹੱਥ ਬੜੇ ਚੰਗੇ ਲੱਗੇ ਸਨ। ਚਿੱਟੀਆਂ ਮੁੱਛਾਂ ਮੈਂ ਨਾ ਗੌਲ਼ੀਆਂ। ਗੌਲ਼ ਵੀ ਲੈਂਦੀ ਤਾਂ ਕੀ ਹੋਣਾ ਸੀ ? ਏਹੋ ਹੋਣਾ ਸੀ। ਵਾਲ ਮੇਰੇ ਵੀ ਬੜੇ ਸੋਹਣੇ ਤੇ ਲੰਮੇ ਸਨ। ਯੂਨੀਵਰਸਿਟੀ ਯੂਨੀਫਾਰਮ ਵਿਚ ਤੂੰ ਮੇਰੇ ਜ਼ਨਾਨੀ ਹੋਵਣ ਦਾ ਧਿਆਨ ਨਾ ਕੀਤਾ। ਤੇਰੇ ਬੁੱਲ੍ਹਾਂ ਦਾ ਨੇੜੇ ਦਾ ਤਿਲ ਤਾਂ ਮੈਨੂੰ ਖਾ ਗਿਆ ਸੀ। ਮੇਰਾ ਦਿਲ ਕੀਤਾ ਆਖਾਂ ਇਹ ਤਿਲ ਮੈਨੂੰ ਦੇ ਦੇ।

ਗੁਲਾਬੀ ਜੇਹੀ ਰੁੱਤ ਸੀ ਜਦ ਮੈਂ ਤੈਨੂੰ ਮੁੜ ਤੱਕਿਆ ਸੀ। ਬੱਦਲ ਆਉਂਦੇ ਸਨ ਤੇ ਮਾਰੂ ਹਵਾ ਸੀ ਅੱਗ ਲਾਉਂਦੀ। ਮੇਰਾ ਚਿੱਤ ਉਸ ਦਿਨ ਘਰ ਜਾਵਣ ਨਾ ਕਰੇ। ਘਰ ਜਾ ਮੈਂ ਕਈ ਮਹੀਨੇ ਪਹਿਲਾਂ ਤੇਰਾ ਦਿੱਤਾ ਫ਼ੋਨ ਲੱਭ ਤੈਨੂੰ ਟੱਲੀ ਮਾਰੀ। ਬੜੀ ਓਪਰੀ ਲੱਗੀ ਤੇਰੀ ਵਾਜ। ਇਕ ਦਿਲ ਕੀਤਾ ਬੰਦ ਕਰ ਦਿਆਂ ਫ਼ੋਨ। ਤੂੰ ਹੌਲੀ ਹੌਲੀ ਫ਼ੋਨ ਉੱਤੇ ਬੋਲਦਾ

ਰਿਹਾ। ਫਿਰ ਤੇਰੀ ਵਾਜ ਵਿਚ ਨਿੱਘ ਆਵਣ ਲੱਗ ਪਿਆ। ਤੂੰ ਦੱਸਿਆ, ਤੂੰ ਫ਼ੋਨ ਦੇ ਕੇ ਕਈ ਦਿਨ ਉਡੀਕਦਾ ਰਿਹਾ ਤੇ ਮੁੜ ਭੁੱਲ ਗਿਆ। ਤੂੰ ਆਖਿਆ, ਤੈਨੂੰ ਆਸ ਮੁੱਕ ਗਈ ਸੀ। ਏਹੋ ਗੱਲ ਤੇਰੀ ਸੋਹਣੀ ਏ। ਤੂੰ ਪਿੱਛੇ ਨਹੀਂ ਆਇਆ।

ਸੁੰਞੀਆਂ ਸ਼ਾਮਾਂ ਦੀ ਇਕ ਲੜੀ ਏ ਜਿਸ ਮਗਰੋਂ ਤੂੰ ਮਿਲੀ ਏਂ। ਇਕ ਹੋਰ ਸਹੇਲੜੀ ਏ ਮੇਰੀ। ਐਵੇਂ ਕੋਈ ਗ਼ਲਤ ਮਤਲਬ ਨਾ ਲਈਂ ਬੁੱਢੀ ਮਾਈ ਏ, ਅੰਗਰੇਜ਼ੀ ਅਖ਼ਬਾਰਾਂ ਵਿਚ ਕਦੀ ਕਦਾਈਂ ਲਿਖਦੀ ਏ। ਇਕ ਦਿਨ ਆਖਣ ਲੱਗੀ, 'ਤੂੰ ਚੰਗਾ ਏਂ ਤੈਨੂੰ ਚੰਗੇ ਲੋਕ ਮਿਲਸਨ। ਆਸ ਰੱਖ।' ਪਰ ਮੈਂ ਕੀ ਕਰਾਂ ? ਖ਼ਾਲੀ ਥਾਂ ਨਹੀਂ ਭਰਦੀ, ਦਿਲ ਮਘੋਰਾ ਜਾਨ ਕੱਢ ਲੈਂਦਾ ਏ। ਘਰ ਜਾਣ ਨੂੰ ਦਿਲ ਨਹੀਂ ਕਰਦਾ। ਮੈਂ ਦੂਜਿਆਂ ਮਰਦਾਂ ਹਾਰ ਕੂੜ ਨਹੀਂ ਮਰਾਂਗਾ ਪਈ ਮੇਰੀ ਸਵਾਣੀ ਬਿਮਾਰ ਏ।

ਚੰਗੀ ਏ ਬੜੀ ਚੰਗੀ ਏ ਘਰਵਾਲੀ, ਬਾਲ ਵੀ ਚੰਗੇ ਨੇ। ਰੱਬ ਦਾ ਦਿੱਤਾ ਸਭੋ ਕੁਝ ਏ। ਖ਼ਾਲੀ ਥਾਂ ਨਹੀਂ ਭਰਦੀ। ਚਿਟਿਆਈ ਕਿਵੇਂ ਖੁਰਚਾਂ, ਇਕ ਹੂਕ ਜੇਹੀ ਉਠਦੀ ਏ ਇਨ੍ਹਾਂ ਖ਼ਾਲੀ ਬੈਂਚਾਂ ਉੱਤੇ ਜਿਥੇ ਅੱਜ ਬੈਠੇ ਆਂ ਮੈਂ ਵਰ੍ਹਿਆਂ ਤੋਂ ਬੈਠਾ ਹੋਇਆ ਆਂ। ਅੱਜ ਪਹਿਲੀ ਵਾਰ ਝਾੜ ਪੂੰਝ ਕੇ ਬੈਠੇ ਹਾਂ, ਤੇਰੇ ਸਾਫ਼ ਕੱਪੜਿਆਂ ਪਾਰੋਂ। ਹੁਣ ਛੱਡ ਕੇ ਨਾ ਜਾਵੀਂ, ਮੈਥੋਂ ਜਰ ਨਹੀਂ ਹੋਣਾ।

ਮੈਂ ਪੱਕੀ ਯਾਰੀ ਲਾਨੀ ਆਂ। ਮੇਰੀਆਂ ਸਾਰੀਆਂ ਸਹੇਲੜੀਆਂ ਪੱਕੀਆਂ ਨੇ। ਮੈਨੂੰ ਆਪਣੇ ਕੋਲ ਰੱਖ ਲੈ। ਆਪਣੇ ਵਿਚ ਸਮਾ ਲੈ ਮੈਨੂੰ।

ਪਰ ਨਹੀਂ। ਜਦ ਮੇਰਾ ਦਿਲ ਕਰਦਾ ਏ ਤੂੰ ਆਪਣੇ ਘਰ ਹੁੰਦਾ ਏਂ। ਆਪਣੇ ਬਾਲਾਂ ਨਾਲ, ਆਪਣੀ ਜ਼ਨਾਨੀ, ਨਾਲ ਤਦ ਮੈਂ ਕੇ ਕਰਾਂ।

ਉਸ ਦੂਰੋਂ ਆਪਣੇ ਆਪ ਨੂੰ ਤੱਕਿਆ, ਉਸ ਕੁੜੀ ਨਾਲ ਬੈਠੀ ਆਪਣੀ ਪਰਛਾਵੇਂ ਹੋਂਦ ਨੂੰ। ਸੁਫ਼ਨਿਆਂ ਮਾਰੇ ਵਜੂਦ ਨੂੰ, ਕਹਾਣੀਆਂ ਅੰਦਰ ਜੀਉਂਦੇ ਪਾਤਰ ਨੂੰ। ਉਸਨੂੰ ਦੋਵੇਂ ਓਪਰੇ ਲੱਗੇ। ਕਿੰਨੇ ਨੇੜੇ ਤੇ ਕਿੰਨੇ ਦੁਰਾਡੇ।

ਮੈਂ ਵੀ ਹੈਰਾਨ ਰਹਿ ਗਈ ਸਾਂ। ਜਦ ਤੂੰ ਮੇਰੇ ਕੋਲ ਆਇਆ ਏਂ। ਛੋਹਿਆ ਏ ਜਦ ਤੂੰ ਮੈਨੂੰ। ਏਨਾ ਤ੍ਰਿਹਾਇਆ, ਏਨਾ ਉਤਾਵਲਾ, ਏਨਾ ਕਾਹਲਾ। ਮੈਂ ਬੇਵਸ ਹੋ ਜਾਨੀ ਆਂ, ਬੇਹੌਥਲ, ਨਿੱਸਲ। ਜੋ ਕੁਝ ਤੂੰ ਇਹ ਕਰਨਾ ਏਂ ਤੇ ਮੇਰਾ ਇਕ ਪਾਸਾ ਤੇਰੇ ਨਾਲ ਨਹੀਂ ਤੁਰਦਾ ਪਰ ਦੂਜਾ ਤੈਨੂੰ ਛੱਡਦਾ ਨਹੀਂ। ਜਦ ਤੂੰ ਗੱਲਾਂ ਕਰਦਾ ਏਂ, ਸ਼ੈਵਾਂ ਨੂੰ ਪਰਖਦਾ ਏਂ ਤੇ ਮੈਨੂੰ ਚਾਨਣ ਹੁੰਦਾ ਏ। ਪਰ ਫੇਰ ਤੂੰ ਮੈਨੂੰ ਬੇਬਸ ਕਰ ਦੇਂਦਾ ਏਂ। ਮੈਂ ਇਹ ਕਦੇ ਨਹੀਂ ਚਾਹਿਆ ਮੈਂ ਤਾਂ ਇੰਜ ਨਹੀਂ ਸੀ ਸੋਚਿਆ। ਬਾਹਰ ਤੂੰ ਉੱਕਾ ਹੋਰ ਏਂ, ਮੇਰੇ ਕੋਲ ਹੋਰ। ਪਤਾ ਨਹੀਂ ਜ਼ਨਾਨੀ ਕੋਲ ਤੂੰ ਕਿਵੇਂ ਦਾ ਏਂ ?

ਮੈਂ ਇਹੋ ਸੋਚਨੀ ਪਈ ਆਂ ਪਈ ਮੈਂ ਤੇਰੇ ਕੋਲ ਓਨਾ ਚਿਰ ਆਂ ਜਦ ਤੀਕ ਤੂੰ ਮੇਰੇ ਨਾਲ ਏ। ਮੁੜ ਤੂੰ ਤੁਰ ਜਾਣਾ ਏਂ ਹੋਰ ਜਹਾਨੀਂ ਜਿਥੇ ਮੈਂ ਨਹੀਂ ਆਂ। ਪਰ ਮੈਂ ਤੈਨੂੰ ਕੋਲ ਰੱਖਣਾ ਚਾਹੁੰਦੀ ਆਂ। ਮੈਂ ਹਰ ਪਲ ਤੈਨੂੰ ਮਾਣਨਾ ਚਾਹੁੰਦੀ ਆਂ। ਕਦ ਤੀਕ ਇਹ ਚਲਸੀ ? ਅਖ਼ੀਰ ਅਖ਼ੀਰ...ਨਹੀਂ ਨਹੀਂ, ਮੈਂ ਵਿਆਹ ਪਿੱਛੋਂ ਵੀ ਤੈਨੂੰ ਮਿਲਾਂਗੀ। ਤੂੰ ਮੈਨੂੰ ਕੁੱਛੜ ਵਿਚੋਂ ਲਾਹਵੇਂ ਤਾਂ ਮੈਂ ਕੁਝ ਕਰਾਂ।

ਉਹ ਤ੍ਰਭਕਿਆ ਰਹਿੰਦਾ, ਡਰਿਆ, ਡੌਰ ਭੌਰ। ਸ਼ੈਵਾਂ ਏਧਰ ਉਧਰ ਰੱਖ ਭੁੱਲ



ਜਾਂਦਾ, ਫਾਈਲਾਂ ਅੱਗੇ ਪਿੱਛੇ ਕਰ ਦੇਂਦਾ। ਉਹ ਆਪੇ ਇਕ ਨਿੱਕਾ ਜੇਹਾ ਅਫ਼ਸਰ ਸੀ ਪਰ ਵੱਡਾ ਉਹਨੂੰ ਇਕੱਲੇ ਨੂੰ ਇਕ ਅੱਧ ਝਾੜ ਪਾ ਦਿੰਦਾ ਤੇ ਮੁੜ ਚਾਹ ਵੀ ਪਿਲਾ ਦੇਂਦਾ। ਘਰੇ ਆ ਉਹਨੂੰ ਚੁੱਪ ਲੱਗ ਜਾਂਦੀ। ਬਾਲਾਂ ਨੂੰ ਵੇਖ ਖਿੜ ਜਾਂਦਾ ਪਰ ਸਵਾਣੀ ਨੂੰ ਵੇਖ ਮਸੋਸਿਆ ਜਾਂਦਾ। ਕਦੀ ਉਹਨੂੰ ਰੱਜ ਮਿਲ ਕੇ ਆਉਂਦਾ ਤਾਂ ਘਰੀਂ ਵੀ ਬਾਹਲਾ ਖ਼ੁਸ਼ ਹੋ ਜਾਂਦਾ। ਸਵਾਣੀ ਤੇ ਬਾਲਾਂ ਨੂੰ ਲੈ ਸੈਰ ਨੂੰ ਨਿਕਲ ਜਾਂਦਾ।

ਪਰ ਰਾਤੀਂ ਮੁੜ ਔਖਾ ਹੋ ਜਾਂਦਾ, ਸਵਾਣੀ ਨਾਲ ਸੁੱਤਾ ਜਾਗਦਾ ਰਹਿੰਦਾ। ਘਰ ਮੁੜ ਆ ਪਿਆਰਿਆ, ਘਰ ਮੁੜ ਆ, ਝੱਖੜਾਂ ਅੰਦਰੀਂ ਰੁਲ ਜਾਵੇਂਗਾ, ਕੱਖਾਂ ਹਾਰ ਉੱਡ ਜਾਵੇਂਗਾ। ਉਹਦੇ ਕੰਨ ਸੁੰਨ ਹੋ ਜਾਂਦੇ, ਸੁਫ਼ਨਿਆਂ ਅੰਦਰ ਉਹ ਡਰ ਜਾਂਦਾ। ਪਰ ਅਗਲੇ ਦਿਹਾੜੇ ਜਦ ਉਹ ਸਲਾਮਾਂ ਕਰਦੀ ਕਮਰੇ ਵਿਚ ਆਉਂਦੀ ਉਹ ਸਭੇ ਕੁਝ ਭੁੱਲ ਜਾਂਦਾ। ਬਾਹਰ ਦੀ ਦੁਨੀਆ ਗ਼ੈਰਹਾਜ਼ਰ ਹੋ ਜਾਂਦੀ। ਮੇਰਾ ਉਹਦੇ ਨਾਲ ਲੰਘਾਇਆ ਵੇਲਾ ਉਹਨੂੰ ਉਡਾਈ ਰੱਖਦਾ। ਉਹ ਅੱਖਾਂ ਵਿਚ ਅੱਖਾਂ ਪਾ ਕਿੰਨਾ ਚਿਰ ਚੁੱਪ ਬੈਠੇ ਕਿੰਨਾ ਕਿੰਨਾ ਹੱਸਦੇ ਰਹਿੰਦੇ। ਉਹਦੇ ਨਰੋਏ ਧੋਤੇ ਵਾਲਾਂ ਵਿਚੋਂ ਅਣਛੋਹੀ ਜੇਹੀ ਖ਼ੁਸ਼ਬੋਈ ਸਿੰਮਦੀ ਰਹਿੰਦੀ। ਦਫ਼ਤਰ ਤੋਂ ਛੁੱਟੀ ਮਗਰੋਂ ਉਹ ਬਾਗ਼ ਵਿਚ ਮਿੱਥੀ ਥਾਂ ਆ ਮਿਲਦੇ। ਕੁਝ ਚਿਰ ਪਿੱਛੋਂ ਉਸਨੂੰ ਜਾਣ ਦੀ ਕਾਹਲ ਪੈ ਜਾਂਦੀ। ਉਸਦੀ ਪੜ੍ਹਾਈ ਅਜੇ ਰਹਿੰਦੀ ਸੀ। ਨਾਲ ਨਾਲ ਉਹ ਨੌਕਰੀ ਵੀ ਕਰਦੀ ਪਈ ਸੀ ਤੇ ਉਹਦੇ ਕੋਲ ਤਾਂ ਐਵੇਂ ਕੰਮ ਦੀ ਪੌਂਦ ਵਿਚ ਲੋੜੀਂਦੀ ਸਿਖਲਾਈ ਲੈਣ ਆ ਗਈ ਸੀ।

ਪੂਰਾ ਇਕ ਵਰ੍ਹਾ ਉਹ ਉਹਨੂੰ ਤੱਕਦੀ ਰਹੀ ਸੀ। ਇਹ ਉਹਨੇ ਗੂੜ੍ਹੀਆਂ ਪਾਵਣ ਪਿੱਛੋਂ ਦੱਸਿਆ ਸੀ। ਪੂਰਾ ਇਕ ਵਰ੍ਹਾ ਕੋਈ ਉਹਨੂੰ ਨੀਝ ਨਾਲ ਤੱਕਦਾ ਰਿਹਾ ਏ ਏਸ ਗੱਲ ਨੇ ਉਸ ਨੂੰ ਝੱਲਾ ਈ ਤਾਂ ਕਰ ਦਿੱਤਾ ਸੀ। ਉਹਨੇ ਸਾਰੀਆਂ ਪੜ੍ਹਾਈਆਂ ਕੀਤੀਆਂ ਹੋਈਆਂ ਸਨ। ਉਹ ਲਾਇਕ ਅਫ਼ਸਰ ਸੀ ਤੇ ਕਿਸੇ ਨੇ ਕੁੜੀ ਨੂੰ ਉਹਦੇ ਵੱਲ ਟੋਰ ਦਿੱਤਾ ਸੀ। ਉਹ ਉਹਨੂੰ ਕੁਝ ਚਿਰ ਮਿਲਣ ਮਗਰੋਂ ਪਿੱਛੇ ਹਟ ਗਈ ਸੀ।

ਉਹਨੂੰ ਅਚੰਭਾ ਹੋਇਆ ਪਰ ਮੁੜ ਉਹ ਭੁੱਲ ਗਿਆ। ਪਰ ਜੀ ਕਿਤੇ ਪਿਆ ਰਹਿ ਗਿਆ। ਜਿਹੜਾ ਸਹਿਜੇ ਸਹਿਜੇ ਮੌਲਦਾ ਰਿਹਾ। ਵਰ੍ਹੇ ਪਿੱਛੋਂ ਜਦ ਉਹ ਪਰਤੀ ਤਾਂ ਉਸ ਜੂੜਾ ਖੋਲ੍ਹ ਕੇ ਸਾਰੇ ਵਾਲ ਖਿਲਾਰ ਦਿੱਤੇ। ਉਹਦੇ ਖ਼ਾਲੀ ਹੱਥਾਂ ਨੂੰ ਭਰ ਦਿੱਤਾ। ਪਰ ਵਿਚ ਵਿਚ ਉਹ ਡਰ ਜਿਹਾ ਜਾਂਦਾ। ਹੱਥ ਪਿੱਛੇ ਖਿੱਚ ਲੈਂਦਾ। ਉਹ ਸੇਕ ਨਾਲ ਤਪਦੀ ਰਹਿੰਦੀ। ਮਰਦ ਨੂੰ ਇਹ ਸਮਝ ਕਦੀ ਨਹੀਂ ਆਉਂਦੀ ਕਿ ਸਵਾਣੀ ਟੁੱਟੇ ਸਾਹਵਾਂ ਦੀ ਪਰਵਾਹ ਨਹੀਂ ਕਰਦੀ ਪਰ ਪਿਆਰ ਦੀ ਘਾਟ ਨੂੰ ਕਦੀ ਨਹੀਂ ਬਖਸ਼ਦੀ। ਉਹ ਅੱਧਖੜ ਉਮਰ ਵਿਚ ਮਸਾਂ ਆਨੇ ਬਹਾਨੇ ਅੱਧ ਕਾਲੇ ਅੱਧ ਧੌਲਿਆਂ ਨੂੰ ਢੱਕੀ ਖਲਾ ਸੀ ਉਹਦੇ ਨਾਲ ਪੂਰਾ ਕਿਵੇਂ ਵਗ ਪੈਂਦਾ ?

ਇਕ ਵਰ੍ਹੇ ਗਿਆਰਾਂ ਮਹੀਨੇ ਤੇਰਾਂ ਦਿਨਾਂ ਮਗਰੋਂ ਉਹਦੀ ਅਚਨਚੇਤ ਦੂਜੇ ਦਫ਼ਤਰ ਬਦਲੀ ਹੋ ਗਈ। ਪਰ ਏਸ ਤੋਂ ਪਹਿਲਾਂ ਈ ਉਨ੍ਹਾਂ ਵਿਚਕਾਰ ਕੋਈ ਸ਼ੈਅ ਟੁੱਟ ਗਈ ਸੀ। ਨਾ ਉਹ ਖੁੱਲ੍ਹ ਕੇ ਮਿਲ ਸਕਦੇ ਸਨ ਤੇ ਲੁਕਣ ਲਈ ਕੋਈ ਥਾਂ ਨਹੀਂ ਸੀ। ਬਾਗ਼ ਵਿਚ ਉਹ ਥਾਵਾਂ ਬਦਲ ਬਦਲ ਅਖ਼ੀਰ ਹਾਰ ਕੇ ਘਰੀਂ ਤੁਰ ਜਾਂਦੇ। ਉਹਦੇ ਘਰ ਵਾਲਿਆਂ ਨੂੰ ਵੀ ਕੁਝ ਸ਼ੱਕ ਪੈ ਗਿਆ। ਇਕ ਵਾਰੀ ਉਹਦੇ ਭਰਾ ਘਰੋਂ ਫ਼ੋਨ ਚੁੱਕਿਆ ਤੇ 'ਆਇੰਦਾ ਫ਼ੋਨ ਨਾ

ਕਰਨਾ।' ਕਹਿ ਕੇ ਬੰਦ ਕਰ ਦਿੱਤਾ। ਛੇ ਮਹੀਨੇ ਪਿੱਛੋਂ ਉਹਨੇ ਫ਼ੋਨ ਕਰ ਕੇ ਦੱਸਿਆ ਕਿ ਉਹਦਾ ਵਿਆਹ ਪਿਆ ਹੁੰਦਾ ਏ।

ਚਲੋ ਜਾਨ ਛੁੱਟੀ, ਉਹ ਸੁਖੀ ਹੋ ਕੇ ਦੁਖੀ ਹੋ ਗਿਆ, ਬਰੀ ਹੋ ਕੇ ਕੈਦ ਹੋ ਗਿਆ। ਕੈਦ ਹੋ ਗਿਆ, ਬਰੀ ਹੋ ਗਿਆ।

ਉਹਦੇ ਵਿਚੋਂ ਇਕ ਪਰਛਾਵਾਂ ਨਿਕਲ ਬਾਗ਼ੀਂ ਖ਼ਾਲੀ ਬੈਂਚਾਂ ਉੱਤੇ ਬੈਠਾ ਰਹਿੰਦਾ। ਆਪੇ ਉਹ ਘਰੀਂ ਬਾਲਾਂ ਨਾਲ ਹੱਸਦਾ ਹੱਸਦਾ ਚੁੱਪ ਕਰ ਜਾਂਦਾ।

ਵਗਦੀ ਹਵਾ ਦਾ ਲੜ ਫੜਦਾ ਫੜਦਾ, ਉਹਦਾ ਹੱਥ ਖਿਸਕ ਜਾਂਦਾ। ਸਾਰੀਆਂ ਥਾਵਾਂ ਉੱਤੇ ਉਹ ਕਿੰਨਾ ਪੂਰਾ, ਕਿੰਨਾ ਅਧੂਰਾ ਸੀ।

ਉਹਨੇ ਨਾਂਹ ਤਾਂ ਨਾ ਕੀਤੀ ਪਰ ਹੌਲੀ ਹੌਲੀ ਉਹਦੀ ਹਾਂ ਮੁਕਦੀ ਗਈ।

* *